ਜਨਵਰੀ 2025

# ਗੁਰਮਤਿ ਵਿਰਸਾ

# GURMAT VIRSA गुरमति विरसा

Year-6, Issue-6, January 2025, Ludhiana gurmatvirsa@gmail.com Multilingual Price 25/-








## ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਅਤੇ ਸਮੂਹ ਸੰਗਤਾਂ ਵੱਲੋਂ

## ਸ਼ਹੀਦ ਸਿੰਘਾਂ, ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ ਨੂੰ ਸਮਰਪਿਤ





# ਸ਼ਹੀਦੀ ਸਮਾਗਮ





# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਚੱਕ ਕਲਾਂ ਦੇ ਪਿੰਡ ਹੇਰਾਂ ਵਿਖੇ ਲੱਗ ਰਹੀ ਗੁਰਮਤਿ ਕਲਾਸ



ਕੇਂਦਰ ਚੱਕ ਕਲਾਂ ਦੇ ਪਿੰਡ ਚੱਕ ਖੁਰਦ ਵਿਖੇ ਲੱਗ ਰਹੀ ਗੁਰਮਤਿ ਕਲਾਸ



ਕੇਂਦਰ ਚੱਕ ਕਲਾਂ ਦੇ ਪਿੰਡ ਭੰਡਾਲ ਵਿਖੇ ਲੱਗ ਰਹੀ ਗੁਰਮਤਿ ਕਲਾਸ



ਕੇਂਦਰ ਜੰਮੂ ਦੇ ਗੁਰਦੁਆਰਾ ਸਾਹਿਬ ਮਮਕਾ ਵਿਖੇ ਲੱਗ ਰਹੀ ਗੁਰਮਤਿ ਕਲਾਸ



ਕੇਂਦਰ ਜੰਮੂ ਦੇ ਗੁਰਦੁਆਰਾ ਗੁਰੂ ਸਿੰਘ ਸਭਾ ਦਸਮੇਸ਼ ਨਗਰ ਵਿਖੇ ਲੱਗ ਰਹੀ ਗੁਰਮਤਿ ਕਲਾਸ



ਕੇਂਦਰ ਜੰਮੂ ਦੇ ਗੁਰਦੁਆਰਾ ਗੁਰੂ ਸਿੰਘ ਸਭਾ ਮੁਰਾਲੀਆ ਵਿਖੇ ਲੱਗ ਰਹੀ ਗੁਰਮਤਿ ਕਲਾਸ



ਕੇਂਦਰ ਜੰਮੂ ਦੇ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ.ਐਸ ਪੁਰਾ ਵਿਖੇ ਲੱਗ ਰਹੀ ਗੁਰਮਤਿ ਕਲਾਸ



ਕੇਂਦਰ ਮਾਲੂਵਾਲ ਦੇ ਪਿੰਡ ਛਿਛਰੇਵਾਲ ਵਿਖੇ ਲੱਗ ਰਹੀ ਗੁਰਮਤਿ ਕਲਾਸ





ਕੇਂਦਰ ਨਵਾਂਸਹਿਰ ਵਲੋਂ ਚਾਰ ਸਾਹਿਜਾਦਿਆਂ, ਮਾਤਾ ਗੁਜਰ ਕੌਰ ਅਤੇ ਸਮੂਹ ਸ਼ਹੀਦ ਸਿੰਘਾਂ ਸਿੰਘਣੀਆਂ ਦੀ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਸੈਮੀਨਾਰ ਬੱਬਰ ਕਰਮ ਸਿੰਘ ਮੈਮੋਰੀਅਲ ਸਕੂਲ ਪਿੰਡ ਦੌਲਤਪੁਰ ਵਿਖੇ ਕੀਤਾ ਗਿਆ।

# ਗੁਰਮਤਿ ਵਿਰਸਾ

ਜਨਵਰੀ 2025 (ਮਾਸਿਕ ਮੈਗਜ਼ੀਨ)



**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ


## ਪੋਹ-ਮਾਘ ਮਹੀਨੇ ਦੇ ਖਾਸ ਦਿਹਾੜੇ

- ਪ੍ਰਕਾਸ਼ ਪਾਤਸ਼ਾਹੀ ਦਸਵੀਂ : 23 ਪੋਹ (05 ਜਨਵਰੀ)
- ਮਾਘੀ ਮੁਕਤਸਰ : 01 ਮਾਘ (13 ਜਨਵਰੀ)
- ਨੀਂਹ ਪੱਥਰ ਦਰਬਾਰ ਸਾਹਿਬ : 01 ਮਾਘ (13 ਜਨਵਰੀ)
- ਚਾਬੀਆਂ ਦਾ ਮੋਰਚਾ : 07 ਮਾਘ (19 ਜਨਵਰੀ)
- ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ : 14 ਮਾਘ (26 ਜਨਵਰੀ)
- ਪ੍ਰਕਾਸ਼ ਪਾਤਸ਼ਾਹੀ ਸੱਤਵੀਂ : 19 ਮਾਘ (31 ਜਨਵਰੀ)


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***

Responsible for collection of all Printed matter as per PRB Act

**Registration Number of the Newspaper**
**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਐਜੂ-ਏਡ ਵਿੰਗ
4. ਗੁਰਮਤਿ ਐਲੀਮੈਂਟਰੀ ਕੋਰਸ
5. ਗੁਰਮਤਿ ਟ੍ਰੇਨਿੰਗ ਕੈਂਪ
6. ਗੁਰਮਤਿ ਗਿਆਨ ਲਾਇਬ੍ਰੇਰੀ
7. ਹੋਮਿਓਪੈਥੀ ਡਿਸਪੈਂਸਰੀ
8. ਬੱਚਿਆਂ ਲਈ ਹਫਤਾਵਾਰੀ ਸਮਾਗਮ
9. ਫਰੀ ਮੈਡੀਕਲ ਕੈਂਪ
10. ਗੁਰਮਤਿ ਵਿਰਸਾ ਮੈਗਜ਼ੀਨ
11. ਗੁਰਮਤਿ ਲਿਟਰੇਚਰ ਹਾਊਸ
12. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਮਹਿਮਾਨ ਸੰਪਾਦਕੀ | 4 |
| ਸਵਾਲ ਜਵਾਬ | 6 |
| ਸ਼ਬਦ ਵਿਚਾਰ | 7 |
| ਗੁਰੂ ਗੋਬਿੰਦ ਸਿੰਘ: ਇਕ ਅਦੁੱਤੀ ਯੋਧਾ | 11 |
| ਮਰਦ ਅਗੰਮੜੇ ਦਾ ਪ੍ਰਕਾਸ਼ ਦਿਹਾੜਾ ਸਾਲ ਵਿਚ 2 ਵਾਰ ਜਾਂ... | 13 |
| ਗੁਰਦੁਆਰਿਆਂ ਵਿਚ ਕਰਮ-ਕਾਂਡ | 17 |
| ਕਰਨ ਕਰਾਵਨ ਆਪੇ ਆਪਿ | 20 |
| ਇਹ ਕੇਹੀ ਰੁੱਤ ਆਈ... | 21 |
| ਨੰਨੇ ਵਾਰਸ | 22 |
| ਮਿਲਵਰਣਨ ਤੇ ਨਾ-ਮਿਲਵਰਤਨ | 24 |
| ਆਓ ਜਾਣੀਏ! ਸਿੱਖ ਕੰਨਿਆਂ ਮਹਾਂਵਿਦਿਆਲਾ ਫਿਰੋਜ਼ਪੁਰ ਬਾਰੇ | 26 |
| ਲੋਪ ਹੋ ਰਹੇ ਸ਼ਬਦਾਂ ਦੀ ਸੰਭਾਲ | 28 |
| ਪ੍ਰੋਵੀਡੈਂਟ ਫੰਡ | 29 |
| ਕਾਵਿ ਕਿਆਰੀ | 30 |
| ਚਿੱਟੀ ਤੇ ਹਰੀ ਕ੍ਰਾਂਤੀ ਦੇ ਮੋਢੀਆਂ ਦੀ ਅਜੋਕੀ ਦਸ਼ਾ | 31 |
| **शहीदी छोटे साहिबज़ादे और माता गुजर कौर जी** | **33** |
| ਸਿਹਤ ਸੰਭਾਲ | 37 |
| ਸਾਡੀ ਖੇਤੀ | 38 |
| ਗੁਰਮਤਿ ਸੰਜੋਗ | 40 |
| ਨਵੰਬਰ ਮਹੀਨੇ ਦੀਆਂ ਸਰਗਰਮੀਆਂ | 41 |


ਗੁਰੂ ਨਾਨਕ ਜੀ ਦਾ ਕਿਰਤੀ ਸਿੱਖ

**ਭਾਈ ਲਾਲੋ ਜੀ**


**ਸਫਾ** 15




## ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

**ਮਹਿਮਾਨ ਸੰਪਾਦਕੀ**



# ਕੌਮ ਨੂੰ ਮੂਰਖ ਬਣਾਉਣ ਦੀ ਇਕ ਹੋਰ ਚਾਲ

**ਕੁਲਵੰਤ ਕੌਰ (ਡਾ.) 98156-20515**

ਪਿਛਲੇ ਦਿਨੀਂ ਸਿੱਖ ਪੰਥ ਨੇ, ਦਿਨ ਦਿਹਾੜੇ, ਇਕ ਅਜੀਬ ਨਾਟਕ ਦੇਖਿਆ ਤੇ ਉਹ ਵੀ ਸਿੱਖੀ ਦੇ ਓਸ ਪਵਿੱਤਰ, ਇਤਿਹਾਸਕ, ਅਲੌਕਿਕ, ਪੂਜਨੀਕ ਅਤੇ ਨਿਵੇਕਲੇ ਧਰਮ-ਸਥਾਨ 'ਤੇ ਜਿਸ ਨੂੰ ਗੁਰੂ ਪਾਤਿਸ਼ਾਹੀਆਂ ਦੀ ਸਦੀਆਂ ਦੀ ਚਰਨ-ਛੁਹ, ਅਗਵਾਈ, ਸੇਧ ਅਤੇ ਤਵੱਜੋ ਪ੍ਰਾਪਤ ਹੋਈ ਹੋਵੇ। ਇਕ ਵਾਰ ਤਾਂ ਹਰ ਪੰਥ-ਹਿਤੈਸ਼ੀ, ਗੁਰੂ-ਪਿਆਰੇ ਤੇ ਸਰਬੱਤ ਦੇ ਭਲੇ ਦੇ ਬੋਧਕ, ਸ਼ਖ਼ਸ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਿਚ ਕਾਮਯਾਬ ਹੋ ਗਏ ਮਹਿਸੂਸ ਹੋਏ ਸਾਡੇ ਸਿੰਘ ਸਾਹਿਬਾਨ, ਪਰ ਚੌਥੇ ਕੁ ਦਿਨ ਬਿੱਲੀ ਥੈਲਿਓਂ ਬਾਹਰ ਆ ਗਈ ਜਦੋਂ ਉਨ੍ਹਾਂ ਹੀ ਜਥੇਦਾਰਾਂ ਦੇ ਹੁਕਮ ਦੀ ਤਾਮੀਲ ਨਾ ਕਰਦਿਆਂ, ਸੌਂਪੇ ਗਏ ਅਸਤੀਫ਼ਿਆਂ ਸੰਬੰਧੀ ਫ਼ੈਸਲੇ ਦੀ ਤਾਰੀਖ ਅੰਦਰ ਖਾਤੇ ਵੀਹ ਦਿਨ ਵਧਵਾ ਲਈ ਗਈ। ਆਖ਼ਰ ਉਨ੍ਹਾਂ ਆਕਾਵਾਂ ਦਾ ਪਾਣੀ ਭਰਨ ਵਾਲੇ ਇਹ ਜਥੇਦਾਰ ਅਜਿਹੀ ਜੁਰਅਤ ਕਿਵੇਂ ਕਰ ਗਏ ਭਲਾ? ਸਭ ਕੁਝ ਸੋਚਿਆ-ਵਿਚਾਰਿਆ, ਪੱਕਿਆ ਪਕਾਇਆ ਅਤੇ ਤੈਅਸ਼ੁਦਾ ਸੀ - ਸਾਨੂੰ ਹੋਰ ਮੂਰਖ ਬਣਾਉਣ ਦੀ ਇਕ ਸੋਚੀ-ਸਮਝੀ ਚਾਲ। ਅੱਧੀ ਸਦੀ ਪਿੱਛੇ ਧੱਕੇ ਪੰਥ ਨੂੰ ਹੋਰ ਪਿਛਾਂਹ ਧਕੇਲਣ ਦੀ ਸਬੀਲ। 555 ਸਾਲਾ ਸ਼ਾਨਾਮੱਤੇ ਸਫ਼ਰ ਦਾ ਅਤਿ ਦੁਖਦਾਈ ਅੰਤ ਕਰਨ ਦੀਆਂ ਕੁਚਾਲਾਂ। ਕੁਲ ਆਲਮ ਦੇ ਸਭ ਤੋਂ ਵਿਲੱਖਣ, ਜੁਝਾਰੂ, ਅਗਾਂਹਵਧੂ, ਵੱਖਰੇ ਅਤੇ ਇਨਸਾਫ਼ ਪਸੰਦ ਖ਼ਾਲਸੇ ਨੂੰ ਨੇਸਤੋ ਨਾਬੂਦ ਕਰਕੇ, ਆਪਣੀ ਚੌਧਰ, ਹਉਮੈਂ, ਵਡੱਪਣ, ਨਿਜ ਅਤੇ ਪਰਿਵਾਰਵਾਦ ਨੂੰ ਪੱਠੇ ਪਾਉਣ ਦੀ ਅੰਤਲੀ ਕੋਸ਼ਿਸ਼। ਸੱਚਮੁੱਚ ਇਹ ਸਫ਼ਲ ਕਰ ਦਿੱਤੀ ਗਈ।

ਗੁਰੂ-ਪਿਆਰਿਓ, ਜਿਸ ਅੰਮ੍ਰਿਤਮਈ, ਇਲਾਹੀ ਤੇ ਧੁਰ ਕੀ ਬਾਣੀ ਦੀਆਂ ਤੁਕਾਂ :-

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ (1349)**

ਸਮੁੱਚੇ ਸੰਸਾਰ ਦੇ ਸਰਬ ਸਾਂਝੇ ਮੰਚ (U.N.O) ਦੇ ਚਾਰਟਰ ਦਾ ਹਿੱਸਾ ਬਣ ਚੁੱਕੀਆਂ ਹੋਣ, ਓਸੇ ਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚੋਰੀ ਕਰਵਾ ਕੇ, ਅੰਗ ਅੰਗ ਗਲੀਆਂ ਨਾਲੀਆਂ ਵਿਚ ਰੋਲਣ ਮਧੋਲਣ) ਦੀ ਲਗਾਤਾਰ ਬੇਅਦਬੀ ਕਰਾਉਣ ਵਾਲੇ ਲੁੱਚੇ, ਕਾਮੀ ਤੇ ਪਾਖੰਡੀ ਸਾਧ ਦਾ ਸਾਥ, ਪੁਸ਼ਤ ਪਨਾਹੀ ਤੇ ਨਿਰੰਤਰ ਦੋਸਤੀ ਨਿਭਾ ਕੇ, ਜਿਸ ਬੰਦੇ ਨੇ ਬੱਜਰ ਗੁਨਾਹ ਕੀਤੇ ਹੋਣ, ਪੰਜਾਬ ਨੂੰ ਰਸਾਤਲ ਤੱਕ ਪਹੁੰਚਾ ਦਿੱਤਾ ਹੋਵੇ, ਗੱਭਰੂ ਨਸ਼ਈ, ਗੈਂਗਸਟਰ ਤੇ ਬਾਗ਼ੀ ਕਰ ਦੇਣ ਵਾਲੇ ਹਾਲਾਤ ਪੈਦਾ ਕਰ ਦਿੱਤੇ ਹੋਣ, ਸੱਤਾ ਦੇ ਅੰਨ੍ਹੇ ਨਸ਼ੇ ਵਿਚ ਰੱਜ ਰੱਜ ਕੇ ਸਾਡੀਆਂ ਨਰੋਈਆਂ ਪਰੰਪਰਾਵਾਂ ਦਾ ਘਾਣ ਕੀਤਾ ਹੋਵੇ, ਉਦਯੋਗਾਂ ਦੇ ਪਲਾਇਨ ਦਾ ਮੁੱਢ ਬੰਨ੍ਹਿਆ ਹੋਵੇ, ਨਾਕਸ ਨੀਤੀਆਂ ਕਾਰਨ ਜਵਾਨੀ ਵਿਦੇਸ਼ਾਂ ਵੰਨੀ ਨਿਕਲ ਜਾਣ ਲਈ ਮਜਬੂਰ ਕਰ ਦਿੱਤੀ ਹੋਵੇ, ਅਰਾਜਕਤਾ, ਲੁੱਟ ਖਸੁੱਟ ਤੇ ਭਾਈ ਭਤੀਜਾਵਾਦ ਦਾ ਰੱਜ ਕੇ ਬੋਲਬਾਲਾ ਕਰ ਦਿੱਤਾ ਹੋਵੇ, ਉੱਥੇ ਹਰ ਵਾਸੀ ਨੂੰ ਨਿਆਂ, ਆਜ਼ਾਦੀ, ਅਪਣੱਤ ਤੇ ਮਾਣ ਮਿਲ ਸਕਣਾ ਅਸੰਭਵ ਹੁੰਦੈ ਤੇ ਇੱਥੇ ਵੀ ਹੋਇਆ। ਪੰਜਾਬ ਨੇ ਪਿੰਡੇ 'ਤੇ ਹਢਾਇਆ ਇਹ ਸਭ ਕੁਝ। ਅੱਜ ਸਾਡਾ ਪਿੰਡਾ ਜ਼ਖ਼ਮੀ ਹੈ-ਛਾਲੋ ਛਾਲੀ। ਪੀੜੋ ਪੀੜ ਕਿਉਂਕਿ ਗੁਰਾਂ ਦੇ ਨਾਂ 'ਤੇ ਵਸਦੇ ਰਸਦੇ ਸਾਡੇ ਸੁਹਣੇ ਪੰਜਾਬ ਨੂੰ ਕਾਲੀਆਂ ਬੋਲੀਆਂ, ਹਨੇਰੀਆਂ ਤੇ ਗੁੰਮਨਾਮ ਵਾਦੀਆਂ 'ਚ ਲਿਜਾ ਸੁੱਟਣ ਵਾਲੇ ਇਹੀ ਲੋਕ ਹਨ ਜੋ ਅੱਜ ਗੁਰਦਵਾਰਿਆਂ 'ਚ ਪਹਿਰੇਦਾਰੀ ਕਰਕੇ, ਪਖਾਨੇ ਸਾਫ਼ ਕਰਕੇ, ਭਾਂਡੇ ਮਾਂਜ ਕੇ ਤੇ ਜੋੜੇ ਆਦਿ ਝਾੜ ਕੇ ਆਪਣੇ ਅੰਦਰ ਜੰਮੀ ਗੰਦਗੀ ਦੀ ਸ਼ੁੱਧੀ ਦਾ ਪਾਖੰਡ ਕਰ ਰਹੇ ਹਨ। ਧਾਰਮਿਕ ਅਵੱਗਿਆ ਦੀ ਸਜ਼ਾ ਧਾਰਮਿਕ ਹੈ ਪਰ ਜਿਹੜੇ ਬੱਜਰ ਰਾਜਨੀਤਕ ਗੁਨਾਹ ਇਸ ਜੁੰਡਲੀ ਨੇ ਕੀਤੇ ਤੇ ਕਰਵਾਏ ਹਨ, ਪੰਥ ਪੈਰਾਂ ਵਿਚ ਰੁਲਵਾਇਆ ਹੈ, ਬਿਨ ਮੰਗੇ ਗੁੰਡਿਆਂ ਨੂੰ ਮੁਆਫ਼ੀਆਂ ਦਿੱਤੀਆਂ ਦੇ ਦੁਆਈਆਂ ਹਨ, ਓਸ ਦੀ ਸਜ਼ਾ ਕਿੱਥੇ ਹੈ? ਜੇ ਇਨ੍ਹਾਂ ਦੇ ਹੀ ਇਕ ਸਾਥੀ ਨੂੰ ਦਸ ਸਾਲ ਸਿਆਸਤ ਤੋਂ ਬਾਹਰ ਕਰਨ ਦਾ ਹੁਕਮਨਾਮਾ ਜਾਰੀ ਕੀਤਾ ਜਾ ਸਕਦਾ ਹੈ ਤਾਂ ਪੂਰੇ ਪੰਜਾਬ ਦਾ ਅਮਨ ਚੈਨ, ਕਾਨੂੰਨ, ਪਰੰਪਰਾਵਾਂ, ਭਾਈਚਾਰਕ ਸਾਂਝਾਂ ਅਤੇ ਸਰਕਾਰੀ ਤੰਤਰ ਦਾ ਖ਼ਾਤਮਾ ਕਰਕੇ, ਇਸ ਨੂੰ ਲਾਂਬੂ ਲਾ ਕੇ, ਸਿੱਖੀ ਦਾ ਜਨਾਜ਼ਾ ਕੱਢ ਕੇ ਅੱਜ ਕੱਖੋਂ ਹੌਲੇ ਹੋਏ ਬੈਠੇ ਤੇ ਹਾਸ਼ੀਏ ਤੇ ਪਹੁੰਚ ਚੁੱਕੇ 'ਸ਼੍ਰੋਮਣੀ ਅਕਾਲੀ ਦਲ' (ਸ਼੍ਰੋਮਣੀ ਲਿਖਦਿਆਂ ਵੀ ਕਲਮ ਝਿਜਕ ਰਹੀ ਹੈ ਜਿਸ ਨੂੰ) ਦੇ (ਤਾਨਾਸ਼ਾਹ) ਮੁਖੀ ਨੂੰ ਕਿਉਂ ਉਮਰ ਭਰ ਲਈ ਪ੍ਰਧਾਨਗੀਆਂ ਤੋਂ ਵਿਰਵਾ ਕਰਨ ਦਾ ਹੁਕਮ ਨਹੀਂ ਜਾਰੀ ਕੀਤਾ ਗਿਆ? ਕਿਉਂ ਜਥੇਦਾਰਾਂ ਵਲੋਂ ਦਿਖਾਵਾ ਵੱਧ ਤੇ ਸਜ਼ਾ ਨਿਗੂਣੀ ਦਿੱਤੀ ਗਈ ਇਸ ਸਾਰੀ ਹੀ ਚੰਡਾਲ-ਚੌਕੜੀ ਨੂੰ?

ਮੌਜੂਦਾ ਪੰਥ ਹਾਲਾਤ, ਸਾਨੂੰ ਉਨ੍ਹਾਂ ਇਤਿਹਾਸਕ ਲਮਹਿਆਂ ਤੇ ਪਰਿਸਥਿਤੀਆਂ ਦਾ ਚਿੰਤਨ-ਮਨਨ ਕਰਨ ਲਈ ਪ੍ਰੇਰਿਤ ਕਰਦੇ ਹਨ ਜਦੋਂ ਇਸ ਸਮੁੱਚੇ ਭੂੰ-ਖੰਡ ਵਿਚ ਹੀ ਆਪੋ ਧਾਪੀ, ਖੋਹਾ ਖਿੰਝੀ, ਬਦਅਮਨੀ, ਮਾਰ ਵੱਢ, ਜ਼ੁਲਮੋ-ਤਸ਼ੱਦਦ, ਜ਼ੋਰ ਜਬਰੀਆਂ ਤੇ ਲੁੱਟ ਮਾਰ ਦਾ ਰਾਜ ਸੀ ਤੇ ਰਾਜੇ ਮਹਾਰਾਜੇ ਆਪੋ ਆਪਣੇ ਫਰਜ਼ਾਂ ਤੋਂ ਗਾਫ਼ਲ ਹੋ ਚੁੱਕੇ ਸਨ। ਸਤਿਗੁਰ ਜੀ ਦਾ ਫ਼ੁਰਮਾਨ ਸੀ:-

**ਰਾਜੇ ਸੀਹ ਮੁਕਦਮ ਕੁਤੇ**
**ਜਾਇ ਜਗਾਇਨਿ੍ ਬੈਠੇ ਸੁਤੇ॥ (1288)**

ਅਤੇ

**ਸਾਹਾਂ ਸੁਰਤਿ ਗਵਾਈਆ**
**ਰੰਗਿ ਤਮਾਸੈ ਚਾਇ॥ (417)**

ਜਦੋਂ ਗੁਰਦੇਵ **ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ (145)** ਫੁਰਮਾਉਂਦੇ ਹਨ ਤਾਂ ਵੀ ਉਹ ਕੋਈ ਲੋਅ ਲਿਹਾਜ, ਉਹਲਾ ਤੇ ਵਿਚੋਲਾ ਨਹੀਂ ਰਖਦੇ ਸਗੋਂ ਜਾਬਰਾ ਨੂੰ ਜਾਬਰ ਕਹਿਣ ਦੀ ਹਿੰਮਤ ਤੇ ਦਲੇਰੀ ਦਿਖਾਉਂਦੇ ਹਨ ਪਰ ਇਸ ਵਿਰਾਸਤ ਨੂੰ ਪੂਰਨ ਤੌਰ 'ਤੇ ਨਸ਼ਟ ਕਰ ਦਿੱਤਾ ਹੈ ਇਨ੍ਹਾਂ ਦਾਗ਼ੀਆਂ ਤੇ ਬਾਗੀਆਂ ਨੇ। ਅੱਜ ਇਨ੍ਹਾਂ ਨੂੰ 'ਸੁਧਾਰ ਲਹਿਰ' ਚਲਾਉਣੀ ਚੇਤੇ ਆ ਗਈ? ਅਖੇ ਨੌਂ ਸੌ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ। ਓਇ ਸਾਂਝਾ ਮਾਣੀਆਂ, ਚੌਧਰਾਂ ਹੰਢਾਈਆਂ, ਮਲਾਈਆਂ ਛਕੀਆਂ, ਵਜ਼ੀਰੀਆਂ ਦੇ ਗੱਫੇ ਲਏ ਅਤੇ ਸਾਨੂੰ ਸਭ ਨੂੰ ਉੱਲੂ ਬਣਾਇਆ- ਅੱਜ ਇਹ ਪੰਥ ਦੇ ਸੁਧਾਰਕ ਬਣ ਜਾਣ ਦੇ ਝੰਡੇ ਚੁੱਕੀ ਫਿਰਦੇ ਹਨ ? ਢੀਠ, ਬੇਸ਼ਰਮ ਅਤੇ ਸਿਰੇ ਦੇ ਪੰਥ ਦੋਖੀ! ਜਿਨ੍ਹਾਂ ਨੂੰ ਅਸੀਂ ਆਪਣੇ ਹਨੇਰਿਆਂ ਨੂੰ ਰੁਸ਼ਨਾਉਣ ਦੀ ਜ਼ਿੰਮੇਵਾਰੀ ਸੌਂਪੀ ਸੀ ਉਨ੍ਹਾਂ ਨੇ ਹੀ ਸਾਨੂੰ ਕਿਸੇ ਅੰਨ੍ਹੇ ਚੌਰਾਹੇ 'ਤੇ ਨਹੀਂ ਲਿਜਾ ਛੱਡਿਆ? ਜਿਨ੍ਹਾਂ ਤੋਂ ਅਸੀਂ ਆਪਣੇ ਲਈ ਹੱਕ, ਇਨਸਾਫ਼, ਸਮਾਨਤਾ ਤੇ ਸੁਤੰਤਰਤਾ ਦੀ ਉਮੀਦ ਰੱਖੀ ਸੀ ਉਨ੍ਹਾਂ ਨੇ ਹੀ ਸਾਨੂੰ ਠੇਂਗਾ ਦਿਖਾ ਕੇ ਆਪਣੇ ਘਰ ਨਹੀਂ ਭਰ ਲਏ? ਸਾਡੇ ਪਾਤਿਸ਼ਾਹਾਂ ਨੇ ਤਾਂ ਪੂਰੇ ਹਿੰਦੁਸਤਾਨ ਨੂੰ ਹੀ ਨਹੀਂ ਸਮੁੱਚੇ ਸੰਸਾਰ ਦੀ ਲੋਕਾਈ ਨੂੰ ਆਪਣੇ ਕਲਾਵੇ ਵਿਚ ਲੈਂਦਿਆਂ, ਉਨ੍ਹਾਂ ਲਈ ਸਰਲ, ਸੁਖੈਨ, ਸਹਿਜ ਤੇ ਸਦੀਵੀ ਜੀਵਨ ਜਾਚ ਦ੍ਰਿੜਾਈ ਸੀ ਪਰ ਸਾਡੇ

ਪੰਥਕ ਅਖਵਾਉਂਦੇ ਇਨ੍ਹਾਂ ਨਿੱਘਰੀ ਸੋਚ ਵਾਲੇ ਮਖੌਟਿਆਂ ਨੇ, ਨਾ ਪੰਥ ਦਾ ਕੁਝ ਛੱਡਿਆ ਤੇ ਨਾ ਪੰਜਾਬੀਆਂ ਦਾ। ਇਨ੍ਹਾਂ ਲਈ ਬਾਪ ਮੁੱਖ ਮੰਤਰੀ, ਪੁੱਤ ਉਪ ਮੁੱਖ ਮੰਤਰੀ, ਨੂੰਹ ਮੈਂਬਰ ਪਾਰਲੀਮੈਂਟ, ਭਾਈ, ਜਵਾਈ, ਭਤੀਜੇ ਤੇ ਅੰਗ ਸਾਕ ਹੀ ਅਮੀਰ ਵਜ਼ੀਰ ਤੇ ਸੱਭੋ ਕਝ। ਓਹ ਖ਼ੁਦਾਇਆ! ਅੱਧੀ ਸਦੀ ਤੱਕ ਇਹ ਘਾਣ ਅਸੀਂ ਕਿਉਂ ਹੋਣ ਦਿੱਤਾ?

ਏਸ਼ੀਆ ਦੇ ਮਹਾਨਤਮ ਬੁੱਧੀਜੀਵੀ ਤੇ ਨਿਵੇਕਲੇ ਇਨਸਾਨ ਸ੍ਰੀ ਰਬਿੰਦਰ ਨਾਥ ਟੈਗੋਰ ਨੂੰ ਪੰਜਾਬ ਦੀ ਅਸਲੀਅਤ, ਵਡਿਆਈ, ਰਹਿਨੁਮਾਈ, ਜੁਝਾਰੂਪਨ, ਬਹਾਦਰੀ ਅਤੇ ਦੇਣ ਦੀ ਮੁਕੰਮਲ ਸੋਝੀ ਸੀ ਜਿਸ ਲਈ ਦੇਸ਼ ਦੇ ਕੌਮੀ ਤਰਾਨੇ ਵਿਚ ਉਨ੍ਹਾਂ ਪੰਜਾਬ (ਮਾਖਿਓਂ ਜਿਹਾ ਮਿੱਠਾ ਲਫ਼ਜ ਸੀ ਕਦੇ ਇਹ) ਨੂੰ ਸਿਰਮੌਰ ਰੱਖਿਆ। ਪਰ ਉਸ ਨੂੰ ਆਪਣਿਆਂ ਨੇ ਹੀ ਰੱਜ ਕੇ ਲੁੱਟਿਆ, ਕੁੱਟਿਆ, ਦੱਬਿਆ, ਮਿੱਧਿਆ, ਮਾਰਿਆ ਤੇ ਲਿਤਾੜਿਆ। ਰੌਲਟ ਐਕਟ ਖ਼ਿਲਾਫ਼ ਵਿਰੋਧ ਕਰਨ ਲਈ ਵੀ ਇਸੇ ਪੰਜਾਬ ਦੇ ਜਲ੍ਹਿਆ ਵਾਲਾ ਬਾਗ਼ ਦੀ ਚੋਣ ਹੋਈ ਸੀ ਤੇ ਦੇਸ਼ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤ ਕਰਨ ਲਈ ਵੀ 2 ਫੀਸਦੀ ਹੁੰਦਿਆਂ ਇਸ ਨੇ 85 ਫੀਸਦੀ ਯੋਗਦਾਨ ਪਾਇਆ ਸੀ। 1849 ਵਿਚ ਅੰਗਰੇਜ਼ੀ ਰਾਜ ਦੀ ਕਾਇਮੀ ਪਿਛੋਂ ਉੱਠੀ ਸਿੰਘ ਸਭਾ ਲਹਿਰ ਨੇ ਉਨ੍ਹਾਂ ਦੇ ਮੰਦ ਇਰਾਦਿਆਂ ਨੂੰ ਬਿਫ਼ਲ ਕਰਨ ਦੇ ਭਰਵੇਂ ਯਤਨ ਕੀਤੇ। 1920 ਵਿਚ ਓਸੇ ਮਹਾਨ ਜਥੇਬੰਦੀ ਦਾ ਜਨਮ ਹੋਇਆ ਜੋ ਮਰਜੀਵੜਿਆਂ, ਜੁਝਾਰੂਆਂ, ਸਿਰਲੱਥਾਂ ਅਤੇ ਆਪਾਵਾਰੂਆਂ ਦਾ ਸੁਮੇਲ ਸੀ ਅਤੇ ਉਨ੍ਹਾਂ ਸਿਆਣਿਆਂ ਨੇ ਆਪਣੀ ਮੀਰੀ ਤੇ ਪੀਰੀ ਦੀ ਇਤਿਹਾਸਕ ਅਮਾਨਤ ਦਾ ਸੰਸਾਰੀਕਰਨ ਸ਼੍ਰੋਮਣੀ ਅਕਾਲੀ ਦਲ ਦੇ ਰੂਪ ਵਿਚ ਕੀਤਾ। ਦੋਵਾਂ ਸੰਸਥਾਵਾਂ ਦਾ ਸਥਾਨ, ਹੋਂਦ, ਪਦਵੀ, ਯੋਗਦਾਨ ਤੇ ਕਾਰਜ ਇਤਿਹਾਸਕ, ਅਮਰ, ਅਭੁੱਲ ਤੇ ਅਮਿੱਟ ਹੁੰਦੇ ਚਲੇ ਗਏ। ਜਿਹੇ ਸਿਰੜੀ, ਸਿਦਕੀ, ਸੁਹਿਰਦ, ਕਾਬਲ, ਸੰਵੇਦਨਸ਼ੀਲ, ਜੁਝਾਰੂ ਤੇ ਸਹੀ ਸੋਚ ਵਾਲੇ ਮਹਾਨ ਇਨਸਾਨ ਇਸ ਨਾਲ ਵਾਬਸਤਾ ਹੁੰਦੇ ਰਹੇ। ਅੱਜ ਪੰਥ ਦੀਆਂ ਦੋਵੇਂ ਮਹਾਨ ਅਖਵਾਉਂਦੀਆਂ ਰਹੀਆਂ ਸੰਸਥਾਵਾਂ ਹੀਰੋ ਤੇ ਜ਼ੀਰੋ ਕਰ ਦਿੱਤੀਆਂ ਗਈਆਂ ਹਨ ਜਿਸ ਨੂੰ ਤੱਕ ਕੇ ਪੋਟਾ ਪੋਟਾ ਅਕਾਲੀ ਰਹੇ ਖ਼ਾਨਦਾਨ, ਸ਼ਖਸ ਤੇ ਧਿਰਾਂ ਮਾਯੂਸ ਹਨ, ਸੰਤਪਿਤ ਵੀ ਅਤੇ ਸ਼ਰਮਿੰਦਾ ਵੀ।

ਗੁਰੂ ਪਾਤਿਸ਼ਾਹੀਆਂ ਦੀ ਅਮੋਲਕ ਸਿੱਖਿਆ, ਸੇਧ ਅਤੇ ਦਿਸ਼ਾ-ਨਿਰਦੇਸ਼ ਸਦਕੇ, ਪੰਜਾਬ ਨੇ ਸਾਢੇ ਪੰਜ ਸਦੀਆਂ ਤੋਂ ਵਫ਼ਾਦਾਰੀ, ਦਿਆਨਤਦਾਰੀ ਅਤੇ ਜੱਦੋਜਹਿਦ ਦੀ ਮਿਸਾਲ ਬਣਦਿਆਂ ਹਿੰਦੁਸਤਾਨ ਦੀ ਅਜਮਤ, ਧਰਮ, ਸਭਿਆਚਾਰ, ਸਭਿਅਤਾ ਅਤੇ ਸ਼ਾਨ ਨੂੰ ਬਰਕਰਾਰ ਰੱਖਣ ਲਈ ਅਸੀਮ ਤੇ ਬੇਸ਼ੁਮਾਰ ਕੁਰਬਾਨੀਆਂ ਕੀਤੀਆਂ ਪਰ 1947 ਵਿਚ ਸਭ ਕੁਝ ਲੁਟਾ ਕੇ ਇੱਧਰਲੇ ਪੰਜਾਬ ਪਰਤੇ ਪੰਜਾਬੀਆਂ (ਸਿੱਖਾਂ) ਨੂੰ ਜ਼ਰਾਇਮ ਪੇਸ਼ਾ ਫਿਰਕਾ ਐਲਾਨਣ ਵਾਲੇ ਕੇਂਦਰੀ ਨੇਤਾਵਾਂ ਦੀ ਅਕ੍ਰਿਤਘਣੀ ਕਰਤੂਤ ਸਭ ਦੇ ਸਾਹਮਣੇ ਆ ਗਈ। ਕੇਂਦਰ ਵਿਚ ਲਏ ਗਏ ਘੁੱਗੂ ਮੰਤਰੀਆਂ ਨੇ ਕਦੇ ਮੂੰਹ ਨਾ ਖੋਲ੍ਹੇ। ਇਨ੍ਹਾਂ ਨੇ ਆਪਣੇ ਖੋਹੇ ਹੱਕਾਂ ਲਈ ਕਦੇ ਗੱਲ ਹੀ ਨਾ ਕੀਤੀ। ਸਾਡੇ ਰਹਿਬਰਾਂ ਦਾ ਸਿੰਜਿਆ ਪੰਜਾਬ ਪਛੜਨ ਲੱਗਾ, ਪਛਾੜਿਆ ਗਿਆ ਤੇ ਜ਼ੱਰਰਾ ਜ਼ੱਰਰਾ ਲਿਤਾੜਿਆ ਗਿਆ। ਪੜ੍ਹੇ ਲਿਖੇ ਪੰਜਾਬੀਆਂ ਦੇ ਘਰਾਂ ਵਿਚੋਂ ਆਨੇ ਆਨੇ ਦਾ ਕਾਇਦਾ ਖ਼ਰੀਦ ਕੇ, ਇਨ੍ਹਾਂ ਨੂੰ ਜਾਹਲ, ਗੰਵਾਰ ਤੇ ਅਨਪੜ੍ਹ ਰੱਖਣ ਦੀ ਸਬੀਲ ਭਾਵੇਂ (ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪਾਟ ਦੇ ਜਾਣ ਤੋਂ ਪਿੱਛੋਂ) ਸ਼ਾਤਰ ਅੰਗਰੇਜ਼ਾਂ ਨੇ ਬਣਾਈ ਸੀ ਪਰ ਮੁੜ ਇਸਦੀਆਂ ਬੁਲੰਦੀਆਂ ਧੁਆਂਖੀਆਂ ਤੇ ਗਵਾਚਦੀਆਂ ਗਈਆਂ। ਨਿਰਸੰਦੇਹ ਬਰਤਾਨਵੀ ਹਕੂਮਤ ਨੂੰ ਟੱਕਰ ਦੇ ਕੇ ਆਪਣੀ ਸਭਿਆਚਾਰਕ ਤੇ ਧਾਰਮਿਕ ਪਛਾਣ ਬਚਾਉਣ ਲਈ ਸਿੰਘ ਸਭਾ ਲਹਿਰ ਦਾ ਜਨਮ ਹੋਇਆ ਸੀ ਤੇ ਗਿਆਨੀ ਦਿੱਤ ਸਿੰਘ ਅਤੇ ਪ੍ਰੋ. ਗੁਰਮੁਖ ਸਿੰਘ ਵਰਗੇ ਜਿਉੜਿਆਂ ਨੇ ਸਿਰਤੋੜ ਯਤਨ ਕਰਕੇ ਸਿੱਖੀ-ਵਿਰੋਧੀ ਲਹਿਰ ਨੂੰ ਠੱਲ ਪਾਈ ਸੀ ਜਦਕਿ ਅੱਜ ਸਿੱਖੀ ਦੇ ਜਨਮ-ਸਥੱਲ 'ਤੇ ਹੀ ਸਿੱਖੀ ਦੇ ਘਾਣ ਦੀ ਲਹਿਰ ਦ੍ਰਿਸ਼ਟਮਾਨ ਹੈ।

ਆਰ.ਐਸ.ਐਸ. ਤੇ ਸ਼੍ਰੋਮਣੀ ਅਕਾਲੀ ਦਲ ਸਮਕਾਲੀ ਹਨ। ਇਕ ਵਿਚਲੀ ਸੰਜੀਦਗੀ, ਤਕੜਾ ਸੰਗਠਨ, ਯੋਜਨਾਬੰਦੀ, ਗੰਭੀਰਤਾ ਅਤੇ ਯਤਨ ਸਿਰੇ ਦੇ ਹਨ ਜਦੋਂ ਕਿ ਦੂਜੀ ਨਿਘਾਰ ਤੇ ਤਾਨਾਸ਼ਾਹੀ ਰੁਚੀਆਂ ਦਾ ਗੜ੍ਹ ਬਣ ਚੁੱਕੀ ਹੈ। ਇਕ ਸਾਰੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਯੋਜਨਾ 'ਤੇ ਕੰਮ ਕਰ ਰਹੀ ਹੈ ਤੇ ਦੂਸਰੀ ਆਪਣੇ ਸੂਬੇ ਦੇ ਮੁੱਠੀ ਭਰ ਲੋਕਾਂ ਨੂੰ ਵੀ ਨਾਲ ਲੈ ਕੇ ਨਹੀਂ ਤੁਰ ਸਕੀ। ਬਾਰਾਂ ਬਿਹਾਰੀਏ ਤੇ ਪੰਦਰਾਂ ਚੁੱਲੇ ਵਾਂਗ ਕਿੰਨੇ ਹੀ ਦਲ ਇਸ 'ਸ਼੍ਰੋਮਣੀ ਅਕਾਲੀ ਦਲ' ਤੋਂ ਟੁੱਟ ਕੇ ਬਣ ਚੁੱਕੇ ਹਨ ਤੇ 'ਸ਼੍ਰੋਮਣੀ' ਵੀ ਹੁਣ ਇਕੋ ਪਰਿਵਾਰ ਦੀ ਜੱਦੀ ਜਾਗੀਰ ਹੀ ਬਣ ਚੁੱਕੈ ਜਿਸ ਦੇ ਅਧੀਨ ਅੱਜ ਸਾਡਾ ਸਭ ਕੁਝ ਬਿੱਖਰ ਗਿਆ ਤੇ ਖਿੰਡ ਪੁੰਡ ਗਿਆ ਹੈ। ਅਫ਼ਸੋਸ ਤਾਂ ਇਸ ਗੱਲ ਦਾ ਹੈ ਕਿ ਅਸੀਂ ਸਮਾਂ ਰਹਿੰਦੇ ਕਿਉਂ ਨਾ ਜਾਗੇ? ਕਿਉਂ ਨਾ ਉੱਠੇ? ਪੰਜਾਬੀ ਸੂਬਾ ਲੈਣ ਵੇਲੇ ਵੀ ਇਨ੍ਹਾਂ ਦੀ ਜ਼ਹਿਨੀਅਤ ਖੋਟੀ ਸੀ। ਸਾਫ਼-ਸਫਾਫ ਹੁੰਦੀ ਤਾਂ ਆਪਣੀ ਰਾਜਧਾਨੀ, ਪੰਜਾਬੀ ਬੋਲਦੇ ਬਾਹਰ ਕੱਢੇ ਇਲਾਕੇ ਤੇ ਦਰਿਆਈ ਪਾਣੀਆਂ ਦਾ ਰੋਲ ਘਚੋਲਾ ਕਦੇ ਪ੍ਰਵਾਨ ਨਾ ਕਰਦੇ।

1973 ਤੋਂ ਆਰੰਭੇ ਅਨੰਦਪੁਰੀ ਮਤੇ ਨੂੰ ਗੰਭੀਰਤਾ ਨਾਲ ਨਾ ਲੈਣ ਵਾਲੇ ਤੇ ਉਸ ਦਾ ਭੋਗ ਪਾ ਕੇ ਆਖ਼ਰ ਆਰ.ਐਸ.ਐਸ. ਦੇ ਏਜੰਡੇ ਨੂੰ ਪ੍ਰਵਾਨਣ ਵਾਲੇ ਵੱਡੇ ਬਾਦਲ ਦਾ 'ਫ਼ਖਰੇ ਕੌਮ' ਸਨਮਾਨ ਐਵੇਂ ਤਾਂ ਨਹੀਂ ਵਾਪਸ ਲਿਆ ਗਿਆ? 1978 ਵਿਚ ਨਕਲੀ ਨਿਰੰਕਾਰੀਆਂ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਸਮਾਗਮ ਕਰਨ ਦੀ ਇਜਾਜ਼ਤ ਕਿਉਂ ਦਿੱਤੀ ਗਈ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਬੇਅਦਬੀ ਕਰਨ ਤੇ ਕਰਾਉਣ ਵਾਲੇ ਨਿਰੰਕਾਰੀ-ਮੁਖੀ ਨੂੰ, ਇੱਥੇ ਖ਼ੂਨੀ ਕਾਂਡ ਕਰਕੇ 13 ਗੁਰਸਿੱਖਾਂ ਨੂੰ ਸ਼ਹੀਦ ਕਰਾਉਣ ਉਪਰੰਤ ਦਿੱਲੀ ਤੱਕ ਸੁਰੱਖਿਅਤ ਲਾਂਘਾ ਪ੍ਰਦਾਨਣ ਵਾਲਾ ਵੀ ਇਹੀ ਵੱਡਾ ਬਾਦਲ ਸੀ। ਧਰਮ ਯੁੱਧ ਮੋਰਚੇ ਦੇ ਨਾਂ 'ਤੇ, ਆਪਣੀਆਂ ਕਾਲੀਆਂ ਕਰਤੂਤਾਂ ਛੁਪਾਉਣ ਦੀ ਕਵਾਇਦ ਵਿਚ ਸਾਡਾ 'ਮੱਕਾ' ਨੇਸਤੋ ਨਾਬੂਦ ਕਰਾਉਣ ਵਿਚ ਵੀ ਇਹੋ ਜ਼ਿੰਮੇਵਾਰ ਸਨ। 1984 ਤੋਂ 1995 ਤੱਕ, 25000 ਤੋਂ ਵੱਧ ਨੌਜਵਾਨਾਂ ਨੂੰ 'ਅਣਪਛਾਤੀਆਂ ਲਾਸ਼ਾਂ' ਬਣਾ ਦੇਣ ਤੇ ਸ੍ਰ. ਜਸਵੰਤ ਸਿੰਘ ਖਾਲੜਾ ਵਰਗੇ ਮਨੁੱਖੀ ਅਧਿਕਾਰਾਂ ਦੇ ਰਾਖਿਆ ਨੂੰ ਕੋਹ ਕੋਹ ਕੇ ਮਰਵਾਉਣ ਵਾਲੇ ਕਿਸੇ ਹੋਰ ਦੁਨੀਆ ਤੋਂ ਨਹੀਂ ਸਨ ਬਹੁੜੇ। 2007 ਤੋਂ 2017 ਦਾ ਰਾਜ ਕਾਲ, ਪੂਰੇ ਪੰਜਾਬ ਵਿਚ ਹਨੇਰਗਰਦੀ, ਗੁੰਡਾਗਰਦੀ, ਪੱਖਪਾਤ, ਜ਼ੋਰ ਜਬਰੀਆਂ ਤੇ ਭਾਈ ਭਤੀਜਾਵਾਦ ਦਾ ਸਿਖ਼ਰ ਕਿਹਾ ਜਾ ਸਕਦਾ ਹੈ ਜਿਸ ਵਿਚ ਇਨ੍ਹਾਂ ਨੇ 1699 ਦੇ ਖਾਲਸਾ ਪੰਥ ਸਾਜਨਾ ਦਾ ਮਜ਼ਾਕ ਉਡਾਉਣ ਵਾਲੇ ਦੀ ਸਿੱਧੀ ਸਿੱਧੀ ਪੁਸ਼ਤ ਪਨਾਹੀ, ਹੱਲਾਸ਼ੇਰੀ ਤੇ ਮੱਦਦ ਕੀਤੀ ਸੀ। ਫਿਰ ਸਿਲਸਿਲੇਵਾਰ ਇਕ ਦੌਰ ਚਲਾਇਆ ਗਿਆ ਜਿਸ ਦੀਆਂ ਮੁਆਫ਼ੀਆਂ ਦਾ ਢੌਂਗ ਹੁਣ ਰਚਿਆ ਗਿਆ ਹੈ। ਅਜੇ ਵੀ ਕਿਧਰੇ ਗੰਭੀਰਤਾ ਨਜ਼ਰ ਨਹੀਂ ਆ ਰਹੀ- ਸਭ ਕੁਝ ਮੁੜ ਹੜੱਪਣ ਦੇ ਹੀ ਢਕਵੰਜ ਹਨ! ਮੁੜ ਸੱਤਾ-ਪ੍ਰਾਪਤੀ ਦੀ ਹੀ ਲਾਲਸਾ ਹੈ!! ਖ਼ਾਲਸਾ ਪੰਥ ਨੂੰ ਅਸਲੋਂ ਤਬਾਹ ਕਰਨ ਦੀ ਅਗਲੀ ਯੋਜਨਾ!!

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਭਾਵੇਂ ਪੰਜਾਬ ਦੇ ਬਹੁਗਿਣਤੀ ਬੇਗ਼ੈਰਤੇ ਲੀਡਰਾਂ ਦੀ ਬੇਰੁਖੀ, ਬੇਧਿਆਨੀ ਅਤੇ ਲਾਪ੍ਰਵਾਹੀ ਕਰਕੇ ਪੰਜਾਬ ਸਦੀਆਂ ਤੱਕ ਪਿਛਾਂਹ ਧੱਕ ਦਿੱਤਾ ਗਿਆ ਹੈ ਪਰੰਤੂ ਇਸ ਦੀਆਂ ਪੰਥਕ ਅਖਵਾਉਂਦੀਆਂ ਸਰਕਾਰਾਂ ਦੇ ਰਾਜ ਕਾਜ ਦੌਰਾਨ ਜੋ ਸਰਬਨਾਸ਼ ਕੀਤਾ ਗਿਆ ਹੈ, ਉਹ ਲਾਮਿਸਾਲ ਹੈ। ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ ਮਹਾਂ ਨਖਿੱਧ, ਤਬਾਹਕੁਨ ਤੇ ਇਕਪਾਸੜ ਰਹੀ ਹੈ। ਅਜ ਲੋੜ ਹੈ ਤਬਦੀਲੀ ਦੀ। ਨਵੀਂ ਸੋਚ ਉਭਾਰਨ ਦੀ। ਪੱਤ ਝੜੇ ਪੁਰਾਣੇ ਰੁੱਤ ਨਵਿਆਂ ਦੀ ਆਈ ਆ' ਅਨੁਸਾਰ ਪੁਰਾਣਿਆਂ ਨੂੰ ਕੰਡਮ ਕਰਕੇ ਨਵੀਂ ਲੀਡਰਸ਼ਿਪ ਲਿਆਉਣ ਦੀ। ਭਾਈ ਭਤੀਜਾਵਾਦ ਖ਼ਤਮ ਕਰਕੇ ਲਿਆਕਤ ਪਛਾਣਨ ਤੇ ਜ਼ਿੰਮੇਵਾਰੀਆਂ ਦੇਣ ਦੀ।

-0-

# ਪਾਠਕਾਂ ਦੇ ਸਵਾਲਾਂ ਦੇ ਜਵਾਬ

–ਗੁਰਮਤਿ ਵਿਰਸਾ ਬਿਊਰੋ

**1. ਸਵਾਲ: 'ਗੋਪਾਲ ਤੇਰਾ ਆਰਤਾ' ਤੁੱਕ ਦੇ ਕੀ ਅਰਥ ਹਨ? ਕਈ ਪ੍ਰਚਾਰਕ ਇਸ ਸ਼ਬਦ ਰਾਹੀਂ ਇਹ ਦਸਦੇ ਹਨ ਕਿ ਧੰਨੇ ਭਗਤ ਨੇ ਪਰਮਾਤਮਾ ਦਾ ਆਰਤਾ ਉਚਾਰਿਆ ਹੈ। ਕੀ ਇਹ ਗਲ ਠੀਕ ਹੈ?**

**ਜਵਾਬ:** ਇਹ ਤੁੱਕ 'ਰਾਗ ਧਨਾਸਰੀ' ਵਿੱਚ ਭਗਤ ਧੰਨਾ ਜੀ ਦੇ ਸ਼ਬਦ 'ਗੋਪਾਲ ਤੇਰਾ ਆਰਤਾ' ਦੀ ਪਹਿਲੀ ਤੁਕ ਹੈ। ਇਸ ਤੁਕ ਵਿਚ 'ਆਰਤਾ' ਦਾ ਅਰਥ ਲੋੜਵੰਦ, ਦੁਖੀਆ ਜਾਂ ਮੰਗਤਾ ਆਦਿ ਦੇ ਹਨ। 'ਆਰਤਾ' ਸ਼ਬਦ ਦਾ ਆਰਤੀ ਦੇ ਸ਼ਬਦਾਂ ਨਾਲ ਕੋਈ ਸੰਬੰਧ ਨਹੀ ਹੈ। ਇਸ ਵਿੱਚ ਭਗਤ ਜੀ ਕਹਿੰਦੇ ਹਨ ਕਿ ਹੇ ਪ੍ਰਿਥਵੀ ਦੇ ਪਾਲਣਹਾਰ ਪ੍ਰਭੂ! ਮੈਂ ਤੇਰੇ ਦਰ ਦਾ ਮੰਗਤਾ ਹਾਂ। ਜੋ ਮਨੁੱਖ ਤੇਰੀ ਭਗਤੀ ਕਰਦੇ ਹਨ ਤੂੰ ਉਹਨਾਂ ਦੇ ਮਨੋਰਥ ਪੂਰੇ ਕਰਦਾ ਹੈਂ। 'ਆਰਤਾ' ਸ਼ਬਦ ਨੂੰ ਆਰਤੀ ਦੇ ਨਾਲ ਜੋੜਨਾ ਕੇਵਲ ਅਗਿਆਨਤਾ ਹੀ ਹੈ।

**2. ਸਵਾਲ: ਆਸਾ ਦੀ ਵਾਰ ਦੇ ਅਖੀਰ ਵਿੱਚ ਲਿਖਿਆ 'ਸੁਧ' ਪੜਣਾ ਚਾਹੀਦਾ ਹੈ ਜਾਂ ਨਹੀ?**

**ਜਵਾਬ:** 'ਸੁਧ,' ਸੁਧ ਕੀਚੈ' ਆਦਿ ਪਦ ਗੁਰੂ ਸਾਹਿਬ ਵਲੋਂ ਲਿਖਾਰੀ ਨੂੰ ਹਦਾਇਤ ਵਜੋਂ ਸਨ ਜੋ ਅਗੋਂ ਉਤਾਰੇ ਸਮੇਂ ਨਾਲ ਹੀ ਲਿਖੇ ਜਾਂਦੇ ਰਹੇ। ਐਸੇ ਪਦ ਗੁਰਬਾਣੀ ਦਾ ਹਿਸਾ ਨਹੀਂ ਹਨ,ਕੇਵਲ ਲਿਖਾਰੀ ਨੂੰ ਸੰਕੇਤ ਸਨ । ਸੋ ਨਹੀਂ ਪੜ੍ਹੇ ਜਾਣੇ ਚਾਹੀਦੇ।

**3. ਸਵਾਲ: ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥**

**ਆਸਾ ਕੀ ਵਾਰ ਵਿਚ ਆਏ ਉਪਰੋਕਤ ਸਲੋਕ ਅਨੁਸਾਰ ਤਾਂ ਸੂਰਜ ਚਲਦਾ ਹੈ ਜਦ ਕਿ ਇਹ ਇੱਕ ਅੱਟਲ ਸਚਾਈ ਹੈ ਕਿ ਸੂਰਜ ਇਕ ਥਾਂ ਖੜ੍ਹਾ ਹੈ? ਸੰਸਾ ਨਵਿਰਤ ਕਰਨਾ ਜੀ।**

**ਜਵਾਬ:** ਸੂਰਜ ਚਲਦਾ ਹੈ: ਇਕ, ਆਪਣੇ ਹੀ ਕੇਂਦਰ-ਧੁਰੇ ਦੁਆਲੇ, ਦੂਜਾ ਆਪਣੇ ਵਡੇ ਸੂਰਜ ਦੁਆਲੇ ਭੀ। ਅੱਜ ਦੇ ਖੁਗੋਲ-ਵਿਗਿਆਨੀਆਂ ਭੀ ਸਿੱਧ ਕਰ ਦਿੱਤਾ ਹੈ ਕਿ ਸਾਡਾ ਸੌਰ ਮੰਡਲ ਜਿਸ ਵਿੱਚ ਸਾਡਾ ਸੂਰਜ, ਧਰਤੀ ਤੇ ਅੱਠ ਹੋਰ ਗ੍ਰਹਿ ਹਨ ਉਪਗ੍ਰਹਿਆਂ ਦੀ ਵੱਡੀ ਗਲੈਕਸੀ ਸਮੇਤ ਦੁਧ ਧਾਰਾ ਦਾ ਭਾਗ ਹੈ। ਇਹ ਸਾਰਾ ਸੌਰ ਮੰਡਲ, ਸਣੇ ਹੋਰ ਸੌਰ ਮੰਡਲਾਂ ਦੇ ਚੱਕਰ ਲਾ ਰਿਹਾ ਹੈ। ਅਜਿਹਿਆਂ ਹੋਰ ਕਈ ਦੁਧ ਧਾਰਾ ਵਰਗੀਆਂ ਗਲੈਕਸੀਆਂ ਇਕ ਹੋਰ ਵਡੇਰੀ ਇਕਾਈ ਦੁਆਲੇ ਚੱਕਰ ਲਾਉਂਦੀਆਂ ਹਨ ਤੇ ਇਉਂ ਵੱਡਾ ਬ੍ਰਹਿਮੰਡ ਬਣਦਾ ਹੈ।

**4. ਸਵਾਲ: ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰਾਂ ਪੁਰ ਨੌਂ ਧੁਨੀਆਂ, ਕੀ ਗੁਰੂ ਹਰਗੋਬਿੰਦ ਸਾਹਿਬ ਨੇ ਚੜ੍ਹਾਈਆਂ ਸਨ?**

**ਜਵਾਬ:** ਨਹੀ ਜੀ, ਇਹ ਧੁਨੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੀ ਚੜ੍ਹਾਈਆਂ ਸਨ। ਪ੍ਰਚਲਤ ਗੁਰੂ ਹਰਿਗੋਬਿੰਦ ਸਾਹਿਬ ਜੀ ਵੇਲੇ ਹੋਈਆਂ, ਜਿਨ੍ਹਾਂ ਢਾਢੀਆਂ ਕੋਲੋਂ ਵਾਰਾਂ ਦਾ ਗਾਇਨ ਕਰਵਾਇਆ।

**5. ਸਵਾਲ: ਕਈ ਪ੍ਰਚਾਰਕ ਇਹ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੇ ਸੋਰਠਿ ਰਾਗ ਵਿੱਚ ਕਬੀਰ ਜੀ ਦੀ ਇਹ ਤੁਕ–**

**ਕਹੁ ਕਬੀਰ ਜਨ ਭਏ ਖਾਲਸੇ,**
**ਪ੍ਰੇਮ ਭਗਤ ਜਿਨ ਜਾਨੀ॥**

**ਵਿਚ ਖਾਲਸੇ ਦੀ ਥਾਂ ਪਹਿਲਾਂ ਖਲਾਸੇ ਪਾਠ ਸੀ, ਪਰ ਗੁਰੂ ਕਲਗੀਧਰ ਜੀ ਨੇ ਪਾਠ ਖਾਲਸੇ ਕਰਵਾ ਦਿਤਾ। ਕੀ ਇਹ ਠੀਕ ਹੈ?**

**ਜਵਾਬ:** ਨਹੀ ਜੀ! ਪਹਿਲੇ ਹੀ ਪਾਠ 'ਖਾਲਸੇ' ਸੀ, ਜਿਸ ਦਾ ਅਰਥ ਹੈ, ਉਹ 'ਜਨ' ਜਿਸ ਦਾ ਸੰਬੰਧ ਸਿਧਾ ਵਾਹਿਗੁਰੂ ਨਾਲ ਹੈ। ਕਰਤਾਰਪੁਰ ਵਾਲੀ ਬੀੜ ਵਿਚ ਭੀ ਪਾਠ ਖਾਲਸੇ ਹੀ ਹੈ।

**6. ਸਵਾਲ: ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ-1100 ਤੇ ਡਖਣੇ ਮ: 5 ''ਡਿਠੀ ਹਭ ਢੰਢੋਲਿ'' ਵਾਲੇ ਸ਼ਬਦ ਵਿਚ 'ਨਾਨਕ' ਨਾਮ ਨਹੀਂ ਹੈ। ਐਸਾ ਕਿਉਂ?**

**ਜਵਾਬ:** 'ਨਾਨਕ' ਪਦ ਕਈ ਸਲੋਕਾਂ ਵਿਚ ਨਹੀ ਲਿਖਿਆ ਹੋਇਆ। ਸਲੋਕ ਕਿਸ ਪਾਤਸਾਹ ਦਾ ਹੈ? ਉਹ ਹਰ ਸਲੋਕ ਦੇ ਮੁੱਢ ਵਿਚ ਦਰਜ ਹੈ।

**7. ਸਵਾਲ: ਗੁਰਬਾਣੀ ਵਿਚ ਸ਼ਬਦ 'ਭਗਤਿ' ਆਉਂਦਾ ਹੈ। ਇਸ ਦਾ ਉਚਾਰਣ ਭਗਤ ਕਰਨਾ ਹੈ ਜਾਂ ਭਗਤੀ।**

**ਜਵਾਬ**: ਭਗਤਿ ਦਾ ਅਰਥ ਹੈ 'ਭਗਤੀ' ਪਰ ਉਚਾਰਣ ਹੈ 'ਭਗਤ'। ਜਿਵੇਂ

**ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ,**
**ਭਰੇ ਬਿਅੰਤ ਬੇਅੰਤਾ॥**

ਜਦੋਂ ਸ਼ਬਦ 'ਭਗਤ' ਆਉਂਦਾ ਹੈ ਉਸਦਾ ਅਰਥ ਹੈ ਭਗਤੀ ਕਰਨ ਵਾਲੇ ਭਗਤ। ਉਚਾਰਨ ਭਗਤ ਕਰਨਾ ਹੈ। ਜਿਵੇਂ:

**ਤੇਰੇ ਭਗਤ, ਤੇਰੇ ਭਗਤ ਸਲਾਹਨਿ ਤੁਧ ਜੀ, ਹਰਿ ਅਨਿਕ ਅਨੇਕ ਅਨੰਤਾ॥**

'ਭਗਤਿ' ਇਕ ਵਚਨ ਇਸਤ੍ਰੀ ਲਿੰਗ ਨਾਂਵ ਹੈ ਪਰ 'ਭਗਤ' ਪੁਲਿੰਗ ਨਾਂਵ ਹੈ।

**8. ਸਵਾਲ: ਕਈ ਪਾਠੀ ਕਹਿੰਦੇ ਹਨ ਕਿ ਗੁਰਬਾਣੀ ਵਿਚ ਜਿਥੇ ਬਿੰਦੀ ਨਹੀਂ ਲਗੀ ਉਥੇ ਬਿੰਦੀ ਲਗਾ ਕੇ ਪਾਠ ਨਹੀਂ ਕਰਨਾ ਚਾਹੀਦਾ। ਇਸ ਬਾਰੇ ਕੀ ਵੀਚਾਰ ਹੈ?**

**ਜਵਾਬ:** ਗੁਰਬਾਣੀ ਵਿਚ ਬਿੰਦੀ ਦੀ ਵਰਤੋਂ ਹੋਈ ਹੋਈ ਹੈ ਪਰ ਕਈ ਥਾਵਾਂ ਤੇ ਬਿੰਦੀ ਨਹੀਂ ਵੀ ਲਗੀ ਹੋਈ। ਅੱਧਕ ਦੀ ਵਰਤੋਂ ਗੁਰਬਾਣੀ ਵਿਚ ਕਿਧਰੇ ਨਹੀਂ ਕੀਤੀ ਗਈ। ਪੈਰੀ ਬਿੰਦੀ ਦੀ ਵਰਤੋਂ ਵੀ ਨਹੀ ਹੈ। ਪਰ ਜੇ ਯੋਗ ਥਾਵਾਂ ਤੇ ਬਿੰਦੀ ਤੇ ਅੱਧਕ ਦੀ ਵਰਤੋਂ ਨਾ ਕੀਤੀ ਜਾਵੇ ਤਾਂ ਸ਼ੁਧ ਪਾਠ ਨਹੀਂ ਹੋ ਸਕਦਾ। ਜਿਵੇਂ ਹੇਠ ਲਿਖੀ ਤੁਕ ਨੂੰ ਬਿਨਾਂ ਬਿੰਦੀ ਅੱਧਕ ਤੋਂ ਪੜ੍ਹਿਆਂ ਨਹੀਂ ਜਾ ਸਕਦਾ।

**ਲਖ ਖੁਸੀਆ ਪਾਤਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥**

ਲਖ ਨੂੰ ਲੱਖ ਅੱਧਕ ਲਗਾ ਕੇ ਪੜ੍ਹਨਾ ਪਵੇਗਾ। ਖੁਸੀਆ ਨੂੰ ਖੁਸ਼ੀਆਂ ਤੇ ਪਾਤਸਾਹੀਆਂ ਨੂੰ ਪਾਤਸ਼ਾਹੀਆਂ ਬਿੰਦੀ ਲਗਾ ਕੇ ਪੜ੍ਹਨਾ ਪਵੇਗਾ। ਇਸ ਸਬੰਧੀ ਹੋਰ ਨਿਯਮ ਤੇ ਵਿਸਥਾਰ ਵਿਚ ਪੜ੍ਹਣ ਲਈ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਪਾਸੋਂ 'ਗੁਰਬਾਣੀ ਦਾ ਸ਼ੁਧ ਉਚਾਰਣ' ਪੁਸਤਕ ਮੰਗਵਾ ਕੇ ਪੜ੍ਹੋ ਜੀ।

**9. ਸਵਾਲ: ਗੁਰਦੁਆਰੇ ਲਈ ਕਈ ਕਿਸਮ ਦੇ ਦਾਨ ਪਖੇ, ਕੂਲਰ, ਟਿਊਬਾਂ ਕਲੀਨ, ਦਰੀਆਂ, ਗਲੀਚੇ ਆਦਿ ਪਦਾਰਥਵਾਦੀ ਵਸਤਾਂ ਦੇ ਕੀਤੇ ਜਾਂਦੇ ਹਨ। ਉਤਮ ਦਾਨ ਕਿਹੜਾ ਹੈ?**

**ਜਵਾਬ:** ਪਹਿਲੀ ਗਲ ਤਾ ਇਹ ਹੈ 'ਦਾਨ' ਸ਼ਬਦ ਹੀ ਗਲਤ ਹੈ। ਦਾਤਾ ਤਾਂ ਕੇਵਲ ਪ੍ਰਭੂ ਹੀ ਹੈ ਜੋ ਸਾਨੂੰ ਸਭ ਨੂੰ ਦਾਤਾਂ ਦੇ ਰਿਹਾ ਹੈ– **ਹਰਿ ਦਾਤਾ ਸਭੁ ਜਗਤੁ ਭਿਖਾਰੀਆ ਮੰਗਤ ਜਨ ਜੰਤਾ॥** ਅਸੀ ਦਾਨ ਦੇਣ ਵਾਲੇ ਕੌਣ ਹੁੰਦੇ ਹਾਂ। ਬਾਕੀ ਰਹੀ ਗੱਲ ਗੁਰਦੁਆਰੇ ਦਸਵੰਧ ਦੇਣ ਦੀ, ਦਸਵੰਧ ਦੀ ਵਰਤੋਂ ਉਸ ਕਾਰਜ ਲਈ ਕਰਨੀ ਯੋਗ ਹੈ। ਜਿਸ ਦੀ ਗੁਰਦੁਆਰੇ ਵਿਚ ਲੋੜ ਹੋਵੇ। ਵੇਖਣ ਵਿਚ ਆਉਂਦਾ ਹੈ ਕਿ ਬਾਹਰਮੁਖੀ ਸਜਾਵਟ ਲਈ ਸੰਗਤਾਂ ਦਾ ਪੈਸਾ ਖਰਚ ਕੀਤਾ ਜਾਂਦਾ ਹੈ, ਪਰ ਗੁਰਦੁਆਰੇ ਬੈਠਣ ਵਾਲੇ ਨਜ਼ਰ ਨਹੀਂ ਆਉਂਦੇ, ਸੰਗਤ ਨੂੰ ਗੁਰਸਿੱਖੀ ਦਾ ਪਤਾ ਨਹੀਂ। ਕਿੰਨਾ ਚੰਗਾ ਹੋਵੇ ਜੇ ਦਸਵੰਧ ਦਾ ਬਹੁਤਾ ਹਿੱਸਾ ਗੁਰਮਤਿ ਪ੍ਰਚਾਰ ਲਈ ਵਰਤਿਆ ਜਾਵੇ, ਜਿਵੇ ਧਾਰਮਿਕ ਲਿਟਰੇਚਰ ਖਰੀਦਕੇ ਸੰਗਤਾਂ ਵਿਚ ਵੰਡਣਾ ਜਾਂ ਲੋੜਵੰਦ ਗੁਰਸਿੱਖ ਬਚਿਆਂ ਦੀ ਆਰਥਿਕ ਸਹਾਇਤਾ ਕਰਨੀ। ਲੋੜਵੰਦ ਗੁਰਸਿਖਾਂ ਦੇ ਕਾਰਜ ਸੁਧਾਰਨੇ ਚਾਹੀਦੇ ਹਨ।

10. **ਸਹਿਜ ਪਾਠ ਕੌਣ ਕੌਣ ਕਰ ਸਕਦਾ ਹੈ?**

**ਜਵਾਬ:** ਹਰ ਕੋਈ ਮਨੁੱਖ ਬਿਨਾਂ ਕਿਸੇ ਜਾਤ-ਪਾਤ, ਧਰਮ-ਨਸਲ ਵਿਤਕਰੇ ਦੇ ਗੁਰੂ ਜੀ ਦੀ ਦੱਸੀ ਹੋਈ ਰਹਿਤ ਮਰਿਯਾਦਾ ਅਨੁਸਾਰ ਗੁਰਬਾਣੀ ਦਾ ਸਤਿਕਾਰ ਕਰਦੇ ਹੋਏ ਸਹਿਜ ਪਾਠ ਕਰ ਸਕਦਾ ਹੈ। ਜਿਸ ਤਰ੍ਹਾਂ ਸੂਰਜ ਦੀ ਰੋਸ਼ਨੀ, ਹਵਾ ਤੇ ਮੀਂਹ ਦਾ ਪਾਣੀ ਸਾਰਿਆਂ ਲਈ ਸਾਂਝਾ ਹੁੰਦਾ ਹੈ ਉਸੇ ਤਰ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗਿਆਨ ਸਾਰਿਆਂ ਲਈ ਸਾਂਝਾ ਹੈ। **–0–**




# ਸਤਿਗੁਰ ਕਾ ਖਿਵੈ ਚੰਦੋਆ

**ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥**
**ਆਪੀਨੈ੍ ਆਪੁ ਸਾਜਿਓਨੁ ਆਪੇ ਹੀ ਥੰਮ੍ਹਿ ਖਲੋਆ ॥**
**ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ ॥**
**ਸਭ ਉਮਤਿ ਆਵਣ ਜਾਵਣੀ ਆਪੇ ਹੀ ਨਵਾ ਨਿਰੋਆ ॥**
**ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥**
**ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ ॥**
**ਜਿਨ੍ਹੀ ਗੁਰੂ ਨ ਸੇਵਿਓ ਮਨਮੁਖਾ ਪਇਆ ਮੋਆ ॥**
**ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ ॥**
**ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥**

ਗੁਰੂ ਨਾਨਕ ਸਾਹਿਬ ਜੀ ਦਾ ਫਲਸਫਾ ਬਹੁਤ ਸਿੱਧਾ ਤੇ ਸਰਲ ਸੀ। ਹਰ ਮਨੁੱਖ ਦੀ ਸਮਝ ਵਿੱਚ ਆਉਣ ਵਾਲਾ ਸੀ। ਕਿਰਤ ਕਰਨੀ ਤੇ ਸਮਾਜ ਵਿੱਚ ਆਪਣੇ ਤੋਂ ਥੱਲੇ ਰਹਿ ਰਹੀ ਮਨੁੱਖਤਾ ਲਈ ਆਪਣੀ ਕਿਰਤ ਵਿਚੋਂ ਕੁੱਝ ਸਾਰਥਕ ਉਪਰਾਲੇ ਕਰਨੇ, ਜਿਸ ਨੂੰ ਵੰਡ ਕੇ ਛੱਕਣਾ ਆਖਿਆ ਸੀ। ਜਿਹੜਾ ਇਹ ਦੋਵੇਂ ਪ੍ਰਕਿਰਿਆਵਾਂ ਨਿਬਾਹ ਰਿਹਾ ਸੀ ਉਹ ਹੀ ਅਸਲ ਵਿੱਚ ਰੱਬ ਜੀ ਦਾ ਨਾਮ ਜੱਪ ਰਿਹਾ ਸੀ। ਦੂਜੇ ਪਾਸੇ ਹਰ ਮਤ (ਧਰਮ) ਦੇ ਪੁਜਾਰੀ ਵਲੋਂ ਅਜੇਹੀਆਂ ਬੇਲੋੜੀਆਂ ਤੇ ਬੇਥਵੀਆਂ ਰਸਮਾਂ ਦੱਸੀਆਂ ਜਾ ਰਹੀਆਂ ਸਨ ਜਿਹੜੀਆਂ ਆਮ ਕਿਰਤੀ ਔਖਾ ਹੋ ਕੇ ਨਿਬਾਹ ਰਿਹਾ ਸੀ। ਸਿੱਧਾ ਸਾਧਾ ਉੱਤਰ ਹੈ ਕਿ ਭਾਰਤੀ ਜਨਤਾ ਧਾਰਮਿਕ ਰਸਮਾਂ ਨਿਬਾਹ ਨਿਬਾਹ ਕੇ ਪੁਜਾਰੀ ਹੱਥੋਂ ਤੰਗ ਆਈ ਹੋਈ ਸੀ। ਰਾਜਨੀਤਕ ਨੇਤਾਵਾਂ ਵਿੱਚ ਬਦ ਇਖ਼ਲਾਕ ਪੂਰੀ ਤਰ੍ਹਾਂ ਭਾਰੂ ਸੀ। ਇੰਜ ਕਿਹਾ ਜਾਏ ਕਿ ਇਖ਼ਲਾਕ ਨਾਂ ਦੀ ਕੋਈ ਚੀਜ਼ ਨਹੀਂ ਸੀ। ਸਦਾਚਾਰਕ ਕਦਰਾਂ ਕੀਮਤਾਂ ਜੀਵਨ ਵਿਚੋਂ ਉੱਡ ਚੁੱਕੀਆਂ ਸਨ। ਹਰ ਪਾਸੇ ਕੂੜ ਦਾ ਬੋਲ ਬਾਲਾ ਸੀ—ਗੁਰਬਾਣੀ ਵਾਕ ਹੈ---



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725


**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥**
**ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥**
**ਵਿਚਿ ਹਉਮੈ ਕਰਿ ਦੁਖੁ ਰੋਈ॥**
**ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ (145)**

**ਅੱਖਰੀਂ ਅਰਥ** -—ਇਹ ਘੋਰ ਕਲ-ਜੁਗੀ ਸੁਭਾਉ (ਮਾਨੋਂ) ਛੁਰੀ ਹੈ (ਜਿਸ ਦੇ ਕਾਰਨ) ਰਾਜੇ ਜ਼ਾਲਮ ਹੋ ਰਹੇ ਹਨ, (ਇਸ ਵਾਸਤੇ) ਧਰਮ ਖੰਭ ਲਾ ਕੇ ਉੱਡ ਗਿਆ ਹੈ। ਕੂੜ (ਮਾਨੋ) ਮੱਸਿਆ ਦੀ ਰਾਤ ਹੈ, (ਇਸ ਵਿਚ) ਸੱਚ-ਰੂਪ ਚੰਦ੍ਰਮਾ ਕਿਤੇ ਚੜ੍ਹਿਆ ਦਿੱਸਦਾ ਨਹੀਂ ਹੈ। ਮੈਂ ਇਸ ਚੰਦ੍ਰਮਾ ਨੂੰ ਲੱਭ ਲੱਭ ਕੇ ਵਿਆਕੁਲ ਹੋ ਗਈ ਹਾਂ, ਹਨੇਰੇ ਵਿੱਚ ਕੋਈ ਰਾਹ ਦਿੱਸਦਾ ਨਹੀਂ।

(ਇਸ ਹਨੇਰੇ) ਵਿੱਚ (ਸ੍ਰਿਸ਼ਟੀ) ਹਉਮੈ ਦੇ ਕਾਰਨ ਦੁਖੀ ਹੋ ਰਹੀ ਹੈ, ਹੇ ਨਾਨਕ! ਕਿਵੇਂ ਇਸ ਤੋਂ ਖਲਾਸੀ ਹੋਵੇ?

ਜਿਸ ਤਰ੍ਹਾਂ ਮੱਘ ਰਹੀ ਅੱਗ ਤੇ ਪਾਣੀ ਪੈ ਜਾਏ ਤਾਂ ਅੱਗ ਬੁੱਝਣ ਵਲ ਵਧਣਾ ਸ਼ੁਰੂ ਹੋ ਜਾਂਦੀ ਹੈ ਕੁੱਝ ਏਸੇ ਤਰ੍ਹਾਂ ਹੀ ਆਮ ਲੋਕ ਜ਼ੁਲਮ ਦੀ ਭੱਠੀ ਵਿੱਚ ਪਿੱਸ ਰਹੇ ਸਨ। ਸਮਾਜ ਵਿੱਚ ਆਪਾ ਧਾਪੀ ਪਈ ਹੋਈ ਸੀ। ਧਾਰਮਿਕ ਪੁਜਾਰੀ ਤੇ ਰਾਜਨੀਤਕ ਨੇਤਾਵਾਂ ਦੇ ਅਤਿਆਚਾਰਾਂ ਦਾ ਆਮ ਲੋਕ ਸ਼ਿਕਾਰ ਹੋ ਰਹੇ ਸਨ। ਗੁਰੂ ਨਾਨਕ ਸਾਹਿਬ ਜੀ ਨੇ ਆਉਣ ਵਾਲੇ ਸਮੇਂ ਨੂੰ ਧਿਆਨ ਨਾਲ ਦੇਖਦਿਆਂ ਤੇ ਦੁਖੀਆਂ ਦੀ ਬਾਂਹ ਫੜਦਿਆਂ ਹੋਇਆ ਸਰਬ ਸਾਂਝੀ ਨਿਵੇਕਲੀ ਵਿਚਾਰ ਦਿੱਤੀ ਜਿਹੜੀ ਹਰ ਮਨੁੱਖ ਦੀ ਸਮਝ ਵਿੱਚ ਆ ਰਹੀ ਸੀ। ਇਹ ਵਿਚਾਰਧਾਰਾ ਹਰ ਪ੍ਰਕਾਰ ਦੀ ਗੁਲਾਮੀ ਦਾ ਖਹਿੜਾ ਛਡਾਉਂਦੀ ਸੀ। ਹਰ ਮਨੁੱਖ ਨੂੰ ਖ਼ੁਦ ਮੁਖਤਿਆਰ ਬਣਾਉਂਦੀ ਸੀ। ਧੱਕੇਸ਼ਾਹੀ, ਜ਼ੋਰ-ਜ਼ੁਲਮ ਤੇ ਆਪਸੀ ਈਰਖਾ ਦੀ ਬਲ ਰਹੀ ਅੱਗ ਨੂੰ ਗਿਆਨ ਦੀ ਅੱਗ ਨਾਲ ਠੰਡਿਆਂ ਕਰਨ ਦਾ ਬਹੁਤ ਵੱਡਾ ਉਪਰਾਲਾ ਕੀਤਾ।

ਗੁਰੂ ਨਾਨਕ ਸਾਹਿਬ ਜੀ ਦੀਆਂ ਸਰਲ ਸਿੱਖਿਆਵਾਂ ਨੂੰ ਬਹੁਤ ਥੋੜੇ ਸਮੇਂ ਵਿੱਚ ਲੋਕਾਂ ਨੇ ਸਮਝ ਲਿਆ। ਆਤਮਿਕ ਤੌਰ'ਤੇ ਲੋਕ ਸੁੱਖ ਦਾ ਸਾਹ ਲੈਣ ਲੱਗ ਪਏ ਸਨ। ਹਿੰਦੂ ਤੇ ਮੁਸਲਮਾਨ ਬਹੁਤ ਸਾਰੇ ਲੋਕ ਸਿੱਖੀ ਨੂੰ ਅਪਨਾਏ ਗਏ।

ਗੁਰੂ ਅਰਜਨ ਪਾਤਸ਼ਾਹ ਜੀ ਦੇ ਸਮੇਂ ਜਾਤਾਂ ਦੇ ਵਿਹਾਰ ਤੋਂ ਉਪਰ ਉੱਠ ਕੇ ਲੋਕ ਸਿੱਖ ਧਰਮ ਵਿੱਚ ਸ਼ਾਮਲ ਹੋਏ। ਜਹਾਂਗੀਰ, ਉਸਦੇ ਤੁਅੱਸਬੀ ਅਹਿਲਕਾਰ, ਕਾਜ਼ੀ ਮੁਲਾਣੇ, ਮੁੱਲਾਂ, ਨਕਸ਼ਬੰਦੀ ਫਿਰਕੇ ਦੇ ਆਗੂ ਸ਼ੇਖ ਅਹਿਮਦ ਸ਼ਾਹ ਸਰਹੰਦੀ ਜਿਹੜਾ ਸਭ ਤੋਂ ਵੱਧ ਫਿਰਕਾ ਪਰਸਤੀ ਦੀ ਅੱਗ ਵਿੱਚ ਝੁਲਸ ਰਿਹਾ ਸੀ ਇਹ ਸਭ ਮਹਿਸੂਸ ਕਰਦੇ ਸਨ ਕਿ ਜੇ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤ ਨੂੰ ਰੋਕਿਆ ਨਾ ਗਿਆ ਤਾਂ ਲੋਕ ਇਸਲਾਮ ਤੋਂ ਛੇਤੀ ਬਾਗੀ ਹੋ ਜਾਣਗੇ। ਇਸਲਾਮੀਆਂ ਹਕੂਮਤ ਲਈ ਖਤਰਾ ਦੱਸ ਕੇ ਧਾਰਮਿਕ ਬਿਰਤੀ ਵਾਲੇ ਲੋਕਾਂ ਨੇ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕੀਤੇ। ਇਸ ਕੰਮ ਲਈ ਹਿੰਦੂ ਪੁਜਾਰੀ ਵੀ ਪਿੱਛੇ ਨਹੀਂ ਰਹੇ ਸਨ। ਬਿਪਰਵਾਦੀ ਲੋਕ ਕਹਿ ਰਹੇ ਸਨ ਕਿ ਸਦੀਆਂ ਦੀ ਚੱਲੀ ਆ ਰਹੀ ਮਰਿਯਾਦਾ ਨੂੰ ਗੁਰੂ ਨਾਨਕ ਸਾਹਿਬ ਨੇ ਰਦ ਕਰ ਦਿੱਤਾ ਹੈ। ਦੇਖੋ ਜੀ ਜਨੇਊ ਪਾਉਣ ਤੋਂ ਨਾਂਹ ਕਰ ਦਿੱਤੀ ਹੈ।

ਗੁਰੂ ਅਰਜਨ ਪਾਤਸ਼ਾਹ ਜੀ ਤਾਂ ਪਹਿਲੇ ਚਾਰ ਗੁਰੂਆਂ ਦੇ ਪੱਕੇ ਸਿਧਾਂਤ ਨੂੰ ਲੈ ਕੇ ਚੱਲੇ ਸਨ। ਇੰਜ ਕਿਹਾ ਜਾ ਸਕਦਾ ਹੈ ਕਿ ਜਿਹੜੇ ਪੂਰਨੇ ਪਹਿਲੇ ਚਾਰ ਗੁਰੂ ਸਾਹਿਬਾਨ ਜੀ ਨੇ ਪਾਏ ਸਨ ਗੁਰੂ ਅਰਜਨ ਪਾਤਸ਼ਾਹ ਜੀ ਉਹਨਾਂ ਪੂਰਨਿਆਂ'ਤੇ ਚੱਲ ਕੇ ਰੱਬੀ ਗੁਣਾਂ ਨੂੰ ਚਾਰ ਚੰਨ ਲਾ ਰਹੇ ਸਨ।

**ਅੱਖਰੀਂ ਅਰਥ** -—ਚਾਰੇ ਗੁਰੂ ਆਪੋ ਆਪਣੇ ਸਮੇ ਰੌਸ਼ਨ ਹੋਏ ਹਨ, ਅਕਾਲ ਪੁਰਖ ਆਪ ਹੀ (ਉਹਨਾਂ ਵਿਚ) ਪਰਗਟ ਹੋਇਆ। ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ (ਸ੍ਰਿਸ਼ਟੀ ਦੇ ਰੂਪ ਵਿਚ) ਜ਼ਾਹਰ ਕੀਤਾ ਤੇ ਆਪ ਹੀ (ਗੁਰੂ-ਰੂਪ ਹੋ ਕੇ) ਸ੍ਰਿਸ਼ਟੀ ਨੂੰ ਸਹਾਰਾ ਦੇ ਰਿਹਾ ਹੈ। (ਜੀਵਾਂ ਦੀ ਅਗਵਾਈ ਲਈ, ਪੂਰਨੇ ਪਾਣ ਲਈ) ਪ੍ਰਭੂ ਆਪ ਹੀ ਪੱਟੀ ਹੈ ਆਪ ਹੀ ਕਲਮ ਹੈ ਤੇ (ਗੁਰੂ-ਰੂਪ ਹੋ ਕੇ) ਆਪ ਹੀ ਪੂਰਨੇ ਲਿਖਣ ਵਾਲਾ ਹੈ। ਸਾਰੀ ਸ੍ਰਿਸ਼ਟੀ ਤਾਂ ਜਨਮ ਮਰਨ ਦੇ ਗੇੜ ਵਿੱਚ ਹੈ, ਪਰ ਪ੍ਰਭੂ ਆਪ (ਸਦਾ) ਨਵਾਂ ਹੈ ਤੇ ਨਿਰੋਆ ਹੈ (ਭਾਵ, ਹਰ ਨਵੇਂ ਰੰਗ ਵਿੱਚ ਹੀ ਹੈ ਤੇ ਨਿਰਲੇਪ ਭੀ ਹੈ)।

(ਉਸ ਨਵੇਂ ਨਿਰੋਏ ਪ੍ਰਭੂ ਦੇ ਬਖ਼ਸ਼ੇ) ਤਖ਼ਤ ਉੱਤੇ (ਜਿਸ ਉੱਤੇ ਪਹਿਲੇ ਚਾਰੇ ਗੁਰੂ ਆਪੋ ਆਪਣੇ ਸਮੇ ਰੌਸ਼ਨ ਹੋਏ ਸਨ, ਹੁਣ) ਗੁਰੂ ਅਰਜਨ ਬੈਠਾ ਹੋਇਆ ਹੈ, ਸਤਿਗੁਰੂ ਦਾ ਚੰਦੋਆ ਚਮਕ ਰਿਹਾ ਹੈ, (ਭਾਵ, ਸਤਿਗੁਰੂ ਅਰਜਨ ਸਾਹਿਬ ਦਾ ਤੇਜ-ਪ੍ਰਤਾਪ ਸਾਰੇ ਪਸਰ ਰਿਹਾ ਹੈ)। ਸੂਰਜ ਉੱਗਣ ਤੋਂ (ਡੁੱਬਣ ਤਕ) ਅਤੇ ਡੁੱਬਣ ਤੋਂ (ਚੜ੍ਹਨ ਤਕ) ਚਹੁੰ ਚੱਕਾਂ ਵਿੱਚ ਇਸ (ਗੁਰੂ ਅਰਜਨ) ਨੇ ਚਾਨਣ ਕਰ ਦਿੱਤਾ ਹੈ।

ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਜਿਨ੍ਹਾਂ ਬੰਦਿਆਂ ਨੇ ਗੁਰੂ ਦਾ ਹੁਕਮ ਨਾ ਮੰਨਿਆ ਉਹਨਾਂ ਨੂੰ ਮਰੀ ਪੈ ਗਈ, (ਭਾਵ, ਉਹ ਆਤਮਕ ਮੌਤੇ ਮਰ ਗਏ)। ਗੁਰੂ ਅਰਜਨ ਦੀ (ਦਿਨ-) ਦੂਣੀ ਤੇ ਰਾਤ ਚਾਰ-ਗੁਣੀ ਬਜ਼ੁਰਗੀ ਵਧ ਰਹੀ ਹੈ; (ਸ੍ਰਿਸ਼ਟੀ ਨੂੰ) ਗੁਰੂ, ਸੱਚੇ ਪ੍ਰਭੂ ਦੀ ਸੱਚੀ ਸੁਗ਼ਾਤ ਹੈ। ਚਾਰੇ ਗੁਰੂ ਆਪੋ ਆਪਣੇ ਸਮੇਂ ਵਿੱਚ ਰੌਸ਼ਨ ਹੋਏ, ਅਕਾਲ ਪੁਰਖ (ਉਹਨਾਂ ਵਿਚ) ਪਰਗਟ ਹੋਇਆ।

**ਵਿਚਾਰ ਚਰਚਾ**—ਸਿੱਖ ਸਿਧਾਂਤ ਇਸ ਗੱਲ'ਤੇ ਜ਼ੋਰ ਦੇਂਦਾ ਹੈ ਕਿ ਮਨੁੱਖ ਨੇ ਰੱਬੀ ਗੁਣਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਕੇ ਖ਼ੁਦ ਰੱਬ ਜੀ ਦਾ ਰੂਪ ਬਣਨਾ ਹੈ। ਗੁਰੂ ਸਾਹਿਬਾਨ ਜੀ ਦੇ ਜੀਵਨ ਵਿਚੋਂ ਵੀ ਏਹੀ ਗੱਲ ਪ੍ਰਗਟ ਹੁੰਦੀ ਹੈ। ਸਿੱਖ ਧਰਮ ਦਾ ਇਹ ਮੱਤ ਬੜੀ ਨਿੱਠਤਾ ਨਾਲ ਮੰਨਿਆ ਜਾਂਦਾ ਹੈ ਕਿ ਰੱਬ ਜੀ ਮਨੁੱਖਾਂ ਵਾਂਗ ਪ੍ਰਗਟ ਨਹੀਂ ਹੁੰਦੇ। ਦੂਜੇ ਪਾਸੇ ਗੁਰਬਾਣੀ ਵਿਚੋਂ ਇਹ ਵਿਚਾਰ ਵੀ ਨਿਕਲਦਾ ਹੈ ਕਿ ਗੁਰੂ ਸਾਹਿਬਾਨ ਜੀ ਖੁਦ ਰੱਬੀ ਅਵਤਾਰ ਸਨ। ਇਸ ਵਿਚਾਰ ਨੂੰ ਸਮਝਣ ਲਈ ਗੁਰਬਾਣੀ ਦਾ ਇੱਕ ਵਿਚਾਰ ਧਿਆਨ ਵਿੱਚ ਲਿਆਵਾਂਗੇ। ਉਂਜ ਇਹਨਾਂ ਵਿਚਾਰਾਂ ਦੀ ਕਈ ਵਾਰ ਵਿਚਾਰ ਅਸੀਂ ਕਰ ਚੁੱਕੇ ਹਾਂ। ਇਸ ਗੱਲ ਨੂੰ ਬੜਾ ਸੌਖਾ ਸਮਝਿਆ ਜਾ ਸਕਦਾ ਹੈ ਕਿ ਜਿਹੜੇ ਗੁਣ ਗੁਰੂ ਨਾਨਕ ਸਾਹਿਬ ਜੀ ਨੇ ਰੱਬ ਜੀ ਦੇ ਦੱਸੇ ਹਨ ਉਹ ਸਾਰੇ ਗੁਣ ਗੁਰੂ ਸਾਹਿਬ ਜੀ ਦੇ ਸੁਭਾਅ ਤਥਾ ਜੀਵਨ ਵਿਚੋਂ ਦੇਖੇ ਜਾ ਸਕਦੇ ਹਨ ਇਸ ਲਈ ਕਿਹਾ ਜਾ ਸਕਦਾ ਹੈ ਕਿ ਹੇ! ਗੁਰੂ ਨਾਨਕ ਸਾਹਿਬ ਜੀ ਤੁਸੀਂ ਹੀ ਰੱਬ ਜੀ ਦਾ ਅਵਤਾਰ ਹੋ। ਭੱਟ ਮੱਥਰਾ ਜੀ ਦਾ ਇੱਕ ਵਾਕ ਧਿਆਨ ਵਿੱਚ ਲਿਆਉਣ ਦਾ ਯਤਨ ਕਰਾਂਗੇ—

**ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥**
**ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ ॥**
**ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥**
**ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥**
**ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥**
**ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥**
**(1408)**

**ਅੱਖਰੀਂ ਅਰਥ**: — (ਗੁਰੂ ਅਰਜਨ ਸਾਹਿਬ ਜੀ ਨੇ) ਸਤ ਸੰਤੋਖ ਹਿਰਦੇ ਵਿੱਚ ਧਾਰਨ ਕੀਤਾ ਹੈ, ਤੇ ਉਸ ਹਰੀ ਨੂੰ ਆਪਣੇ ਅੰਦਰ ਟਿਕਾਇਆ ਹੈ ਜਿਸ ਦਾ ਰੂਪ ਸਤਿ ਹੈ ਤੇ ਨਾਮ ਸਦਾ-ਥਿਰ ਹੈ। ਪਰਤੱਖ ਤੌਰ ਤੇ ਅਕਾਲ ਪੁਰਖ ਨੇ ਧੁਰੋਂ ਹੀ ਆਪ ਦੇ ਮੱਥੇ ਤੇ ਲੇਖ ਲਿਖਿਆ ਹੈ।

(ਆਪ ਦੇ ਅੰਦਰ) ਪ੍ਰਗਟ ਤੌਰ ਤੇ (ਹਰੀ ਦੀ) ਜੋਤਿ ਜਗਮਗ ਜਗਮਗ ਕਰ ਰਹੀ ਹੈ, (ਆਪ ਦਾ) ਤੇਜ ਧਰਤੀ ਉਤੇ ਛਾਇਆ ਹੋਇਆ ਹੈ। ਪਾਰਸ (ਗੁਰੂ) ਨੂੰ ਤੇ ਪਰਸਣ-ਜੋਗ (ਗੁਰੂ) ਨੂੰ ਛੂਹ ਕੇ (ਆਪ) ਗੁਰੂ ਤੋਂ ਗੁਰੂ ਅਖਵਾਏ।

ਹੇ ਮਥੁਰਾ! ਆਖ— (ਗੁਰੂ ਅਰਜੁਨ ਦੇਵ ਜੀ ਦੇ) ਸਰੂਪ ਵਿੱਚ ਮਨ ਭਲੀ ਪ੍ਰਕਾਰ ਜੋੜ ਕੇ ਸਨਮੁਖ ਰਹੋ। ਗੁਰੂ ਅਰਜੁਨ ਕਲਜੁਗ ਵਿੱਚ ਜਹਾਜ਼ ਹੈ। ਹੇ ਦੁਨੀਆਂ ਦੇ ਲੋਕੋ! ਉਸ ਦੀ ਚਰਨੀਂ ਲੱਗ ਕੇ (ਸੰਸਾਰ-ਸਾਗਰ) ਤੋਂ ਸਹੀ ਸਲਾਮਤ ਪਾਰ ਲੰਘੋ।

ਗੁਰੂ ਅਰਜਨ ਪਾਤਸ਼ਾਹ ਜੀ ਨੂੰ ਵਿਰਸੇ ਵਿਚੋਂ ਚਾਰ ਗੁਰੂ ਸਹਿਬਾਨ ਦਾ ਤਜਰਬਾ ਗੁਰੂ ਪਿਤਾ ਤੇ ਗੁਰੂ ਨਾਨਾ ਜੀ ਦੀ ਗੋਦ ਮਾਨਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਚਾਰ ਗੁਰੂ ਸਾਹਿਬਾਨ ਦੀਆਂ ਸਾਰੀਆਂ ਖ਼ੂਬੀਆਂ ਬਾਲਕ ਅਰਜਨ ਵਿਚੋਂ ਪ੍ਰਤੱਖ ਨਜ਼ਰ ਆ ਰਹੀਆਂ ਹਨ। ਇੱਕ ਕਥਨ ਅਨੁਸਾਰ ਗੁਰੂ ਅਰਜਨ ਪਾਤਸ਼ਾਹ ਜੀ ਨੇ ਪਹਿਲੇ ਗੁਰੂ ਸਾਹਿਬਾਨ, ਸਾਰੇ ਭਗਤਾਂ ਦੀ ਬਾਣੀ ਦੇ ਨਾਲ ਹੋਰ ਬਹੁਤ ਸਾਰੀ ਵਿਦਿਆ ਹਾਸਲ ਕਰ ਲਈ ਸੀ। ਸੇਵਾ, ਇੰਤਜ਼ਾਮ ਤੇ ਸੂਝ-ਸਿਆਣਪ ਵਾਲੇ ਸਾਰੇ ਗੁਣਾਂ ਨੂੰ ਬਹੁਤ ਛੇਤੀ ਸਮਝ ਲਿਆ ਸੀ। ਗੁਰੂ ਅਰਜਨ ਪਾਤਸ਼ਾਹ ਜੀ ਨੂੰ ਮੁੱਲਾ ਮੁਲਾਣਿਆਂ, ਬਿੱਪਰਵਾਦੀ ਤਾਕਤਾਂ ਨਾਲ ਲੋਹਾ ਲੈਣਾ ਪਿਆ ਓਥੇ ਵੱਡੇ ਭਰਾ ਪ੍ਰਿਥੀਚੰਦ ਦੀ ਵਿਰੋਧਤਾ ਦਾ ਵੀ ਸਾਹਮਣਾ ਕਰਨਾ ਪਿਆ ਹੈ। ਬਹੁਤ ਸਾਰੀਆਂ ਸਮੱਸਿਆਵਾਂ ਨਾਲ ਚੱਲ ਰਹੀਆਂ ਸਨ। ਸਰਕਾਰੀ ਵਿਰੋਧਤਾ ਇਨ੍ਹਾਂ ਦੋਹਾਂ ਪੱਖਾਂ ਵਿਚੋਂ ਨਿਕਲੀ ਹੈ।

ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਵੱਡੇ ਵੱਡੇ ਇਕੱਠਾਂ ਵਿੱਚ ਜਾ ਕੇ ਲੋਕਾਂ ਨਾਲ ਵਿਚਾਰ ਸਾਂਝੇ ਕੀਤੇ ਤੇ ਉਨ੍ਹਾਂ ਨੂੰ ਆਪਣੇ ਹੱਕਾਂ ਦੀ ਜਾਗਰਤੀ ਸਬੰਧੀ ਜਾਗਰੂਕ ਕੀਤਾ। ਅੱਜ ਅਸੀਂ ਵਿਕਸਤ ਮੁਲਕਾਂ ਵਿੱਚ ਇਸ ਲਈ ਜਾਂਦੇ ਹਾਂ ਕਿਉਂਕਿ ਓਥੇ ਨਿਯਮ-ਕਾਨੂੰਨ ਦੀ ਪਾਲਣਾ ਹੋ ਰਹੀ ਹੈ। ਹਰ ਮਨੁੱਖ ਨੂੰ ਆਪਣੀ ਯੋਗਤਾ ਅਨੁਸਾਰ ਬਰਾਬਰ ਦੀ ਤਰੱਕੀ ਕਰਨ ਦਾ ਮੌਕਾ ਮਿਲਦਾ ਹੈ। ਇਹ ਸਾਰੀ ਨਿਯਮਾਂਵਲੀ ਗੁਰੂ ਨਾਨਕ ਸਾਹਿਬ ਜੀ ਨੇ ਕਰਤਾਰਪੁਰ ਹੀ ਸਮਝਾ ਦਿੱਤੀ ਸੀ। ਇਹ ਵੱਖਰੀ ਗੱਲ ਹੈ ਕਿ ਅਸੀਂ ਗੁਰੂ ਸਾਹਿਬ ਜੀ ਦੀ ਦੱਸੀ ਮਰਯਾਦਾ ਨੂੰ ਯਾਦ ਕਰਦੇ ਹਾਂ ਤੇ ਪੂਜਾ ਵੀ ਜ਼ਰੂਰ ਕਰਦੇ ਹਾਂ ਪਰ ਮੰਨਣ ਲਈ ਤਿਆਰ ਨਹੀਂ ਹਾਂ। ਅੱਜ ਦੇ ਯੁੱਗ ਵਿੱਚ ਅਸੀਂ ਕੇਵਲ ਧਾਰਮਕ ਰਸਮਾਂ ਹੀ ਨਿਭਾਅ ਰਹੇ ਹਾਂ ਗੁਰੂ ਜੀ ਦੇ ਬਖਸ਼ੇ ਸਿਧਾਂਤ ਬਹੁਤ ਦੂਰ ਚਲੇ ਗਏ ਹਾਂ।

ਖਡੂਰ ਸਾਹਿਬ ਵਿਖੇ ਸਰੀਰਾਂ ਦੀ ਤੰਦਰੁਸਤੀ ਤੇ ਵਿਦਿਆ ਦੇ ਪਾਸਾਰ ਲਈ ਵੱਡੀ ਪੱਧਰ'ਤੇ ਕੰਮ ਕੀਤਾ। ਲਾਹੌਰ ਵਿਖੇ ਭਾਈ ਜੇਠਾ ਜੀ ਦੀਆਂ ਦਲੀਲਾਂ ਤੋਂ ਅਕਬਰ ਏਨ੍ਹਾ ਪ੍ਰਭਾਵਤ ਹੋਇਆ ਸੀ ਕਿ ਉਹ ਸ਼ਹਿਰ ਦੀ ਆਦਰਸ਼ਕ ਮਰਿਯਾਦਾ ਨੂੰ ਦੇਖਣ ਲਈ ਆਪ ਗੋਇੰਦਵਾਲ ਆਉਂਦਾ ਹੈ।

ਕਿਰਤੀਆਂ ਦੀ ਕਿਰਤ ਦੀ ਕਦਰ ਕਰਦਿਆਂ ਉਨ੍ਹਾਂ ਨੂੰ ਕਈ ਪ੍ਰਕਾਰ ਦੀਆਂ ਸਹੂਲਤਾਂ ਦਿੱਤੀਆਂ ਸਨ। ਅੰਮ੍ਰਿਤਸਰ ਸ਼ਹਿਰ ਵਿਖੇ ਬਵੰਜ੍ਹਾ ਕਿਸਮ ਦੇ ਕਿਰਤੀਆਂ ਨੂੰ ਲਿਆ ਕੇ ਵਸਾਇਆ। ਉਹਨਾਂ ਦੀ ਕਿਰਤ ਨੂੰ ਅੰਤਰਰਾਸ਼ਟਰੀ ਪੱਧਰ ਤਕ ਪਹੁੰਚਾਇਆ। ਗੁਰੂ ਰਾਮਦਾਸ ਜੀ ਨੇ ਇਹ ਦੇਖ ਲਿਆ ਸੀ ਕਿ ਜੇ ਕਿਸੇ ਕੌਮ ਨੇ ਤਰੱਕੀ ਦੀਆਂ ਪੁਲਾਘਾਂ ਪੁੱਟਣੀਆਂ ਹਨ ਤਾਂ ਉਸ ਕੌਮ ਨੂੰ ਵਪਾਰ ਦੇ ਖੇਤਰ ਵਲ ਉਚੇਚਾ ਧਿਆਨ ਦੇਣ ਦੀ ਲੋੜ ਹੈ।

ਗੁਰੂ ਅਰਜਨ ਪਾਤਸ਼ਾਹ ਜੀ ਨੇ ਏਸੇ ਵਿਚਾਰ ਨੂੰ ਅੱਗੇ ਤੋਰਦਿਆਂ ਜਿੱਥੇ ਕਿਰਸਾਨੀ ਦੀ ਸੰਭਾਲ ਲਈ ਖੂਹਾਂ ਦਾ ਨਿਰਮਾਣ ਕਰਾਇਆ ਨਵੇਂ ਸ਼ਹਿਰ ਵਸਾਉਣ ਵੱਲ ਤਵੱਜੋਂ ਦਿੱਤੀ ਓਥੇ ਦੁਨੀਆਂ ਅੰਦਰ ਉਹ ਕ੍ਰਾਤੀ ਲਿਆਂਦੀ ਜਿਹੜੀ ਹੁਣ ਤੱਕ ਕਿਸੇ ਵੀ ਧਾਰਮਿਕ ਗ੍ਰੰਥ ਵਿਚੋਂ ਨਹੀਂ ਮਿਲਦੀ। ਸੂਰਜ ਦੀ ਧੁੱਪ, ਕੁਦਰਤੀ ਹਵਾ ਵਾਂਗ ਸਰਬ ਸਾਂਝਾ ਗ੍ਰੰਥ ਤਿਆਰ ਕਰਾਇਆ ਹੈ। ਜਿਸ ਵਿੱਚ ਬਿਪਰਵਾਦ ਵਲੋਂ ਸ਼ੂਦਰ ਕਹਿ ਕਿ ਨਿਕਾਰਿਆ ਤੇ ਲਿਤਾੜਿਆ ਗਿਆ ਹੋਵੇ ਗੁਰੂ ਸਾਹਿਬ ਜੀ ਨੇ ਉਹਨਾਂ ਲੋਕਾਂ ਦੇ ਰੱਬੀ ਕਲਾਮ ਨੂੰ ਆਪਣੇ ਬਰਾਬਰ ਬੈਠਾ ਕੇ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ।

**ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥**
**ਆਪੀਨੈ ਆਪੁ ਸਾਜਿਓਨੁ ਆਪੇ ਹੀ ਥੰਮ੍ਹਿ ਖਲੋਆ ॥**
**ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ ॥**
**ਸਭ ਉਮਤਿ ਆਵਣ ਜਾਵਣੀ ਆਪੇ ਹੀ ਨਵਾ ਨਿਰੋਆ ॥**

ਭਾਈ ਸੱਤਾ ਜੀ ਫੁਰਮਾਉਂਦੇ ਹਨ ਕਿ ਚਹੁ ਗੁਰੂਆਂ ਵਿੱਚ ਆਪ ਅਕਾਲ

ਪੁਰਖ ਪ੍ਰਗਟ ਹੋਇਆ ਹੈ। ਭਾਵ ਅਕਾਲ ਪੁਰਖ ਵਾਲੇ ਸਾਰੇ ਗੁਣ ਗੁਰੂ ਸਾਹਿਬਾਨ ਜੀ ਦੇ ਜੀਵਨ ਵਿਚੋਂ ਦਿਸਦੇ ਸਨ। ਰੱਬ ਤੇ ਮਨੁੱਖ ਦੇ ਦਰਮਿਆਨ ਕੇਵਲ ਕੂੜ ਦੀ ਹੀ ਦੀਵਾਰ ਹੈ। ਜੇ ਕੂੜ ਦੀ ਦੀਵਾਰ ਨੂੰ ਤੋੜ ਲਏ ਤਾਂ ਇਹ ਮਨੁੱਖ ਵੀ ਰੱਬ ਦਾ ਰੂਪ ਬਣ ਸਕਦਾ ਹੈ। ਮਨੁੱਖ ਦੀ ਇੱਕ ਮਾਨਸਕ ਕੰਮਜ਼ੋਰੀ ਹੈ ਕਿ ਸੱਚੇ ਜੀਵਨ ਨੂੰ ਅਪਨਾਉਣ ਦੀ ਥਾਂ'ਤੇ ਧਾਰਮਿਕ ਰਸਮਾਂ ਨਿਬਾਹ ਕੇ ਧਰਮੀ ਅਖਵਾਉਣਾ ਜ਼ਿਆਦਾ ਪਸੰਦ ਕਰਦਾ ਹੈ। ਧਰਮ ਦੇ ਨਾਂ'ਤੇ ਕਰਮ ਕਾਂਡ ਕਰਕੇ ਹੋਰ ਹੰਕਾਰ ਇਕੱਠਾ ਕਰ ਲੈਂਦਾ ਹੈ ਕਿ ਮੈਂ ਬਹੁਤ ਵੱਡਾ ਧਰਮੀ ਹਾਂ। ਸਬਰ ਸੰਤੋਖ ਦਾ ਅਰਥ ਇਹ ਨਹੀਂ ਹੈ ਕਿ ਅਸੀਂ ਕਮਾਈ ਕਰਨੀ ਛੱਡ ਦਈਏ। ਇਸ ਦਾ ਅਰਥ ਹੈ ਜੋ ਕੁੱਝ ਹੈ ਉਸ ਨਾਲੋਂ ਵੱਧ ਪ੍ਰਸੰਨ ਨਜ਼ਰ ਆਈਏ। ਇਹ ਤਦ ਹੀ ਹੋ ਸਕਦਾ ਹੈ ਜਦੋਂ ਅਸੀਂ ਅਸਲੀ ਧਰਮੀ ਬਣ ਜਾਂਵਾਂਗੇ।

ਸਾਰੀ ਦੁਨੀਆਂ ਦੇ ਮਤ ਵੱਖੋ ਵੱਖਰੇ ਹਨ ਪਰ ਧਰਮ ਸਾਰੀ ਦੁਨੀਆਂ ਦਾ ਸੱਚ ਇੱਕ ਹੀ ਹੈ। ਗੁਰੂ ਅਰਜਨ ਪਾਤਸ਼ਾਹ ਜੀ ਦਾ ਫੁਰਮਾਣ ਹੈ-

**ਸਰਬ ਧਰਮ ਮਹਿ ਸ੍ਰੇਸਟ ਧਰਮੁ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥**
**ਸਗਲ ਕ੍ਰਿਆ ਮਹਿ ਊਤਮ ਕਿਰਿਆ॥**
**ਸਾਧ ਸੰਗਿ ਦੁਰਮਤਿ ਮਲੁ ਹਿਰਿਆ॥**
**ਸਗਲ ਉਦਮ ਮਹਿ ਉਦਮੁ ਭਲਾ॥**
**ਹਰਿ ਕਾ ਨਾਮੁ ਜਪਹੁ ਜੀਅ ਸਦਾ॥**
**ਸਗਲ ਬਾਨੀ ਮਹਿ ਅੰਮ੍ਰਿਤ ਬਾਨੀ॥**
**ਹਰਿ ਕੋ ਜਸੁ ਸੁਨਿ ਰਸਨ ਬਖਾਨੀ॥**
**ਸਗਲ ਥਾਨ ਤੇ ਓਹੁ ਊਤਮ ਥਾਨੁ॥**
**ਨਾਨਕ ਜਿਹ ਘਟਿ ਵਸੈ ਹਰਿ ਨਾਮੁ॥ (266)**

**ਅੱਖਰੀਂ ਅਰਥ** -— (ਹੇ ਮਨ!) ਪ੍ਰਭੂ ਦਾ ਨਾਮ ਜਪ (ਤੇ) ਪਵਿਤ੍ਰ ਆਚਰਣ (ਬਣਾ) —ਇਹ ਧਰਮ ਸਾਰੇ ਧਰਮਾਂ ਨਾਲੋਂ ਚੰਗਾ ਹੈ। ਸਤਸੰਗ ਵਿੱਚ (ਰਹਿ ਕੇ) ਭੈੜੀ ਮਤਿ (ਰੂਪ) ਮੈਲ ਦੂਰ ਕੀਤੀ ਜਾਏ—ਇਹ ਕੰਮ ਹੋਰ ਸਾਰੀਆਂ ਧਾਰਮਿਕ ਰਸਮਾਂ ਨਾਲੋਂ ਉੱਤਮ ਹੈ। ਹੇ ਮਨ! ਸਦਾ ਪ੍ਰਭੂ ਦਾ ਨਾਮ ਜਪ—ਇਹ ਉੱਦਮ (ਹੋਰ) ਸਾਰੇ ਉੱਦਮਾਂ ਨਾਲੋਂ ਭਲਾ ਹੈ। ਪ੍ਰਭੂ ਦਾ ਜਸ (ਕੰਨਾਂ ਨਾਲ) ਸੁਣ (ਤੇ) ਜੀਭ ਨਾਲ ਬੋਲ— (ਪ੍ਰਭੂ ਦੇ ਜਸ ਦੀ ਇਹ) ਆਤਮਕ ਜੀਵਨ ਦੇਣ ਵਾਲੀ ਬਾਣੀ ਹੋਰ ਸਭ ਬਾਣੀਆਂ ਨਾਲੋਂ ਸੁੰਦਰ ਹੈ। ਹੇ ਨਾਨਕ! ਜਿਸ ਹਿਰਦੇ ਵਿੱਚ ਪ੍ਰਭੂ ਦਾ ਨਾਮ ਵੱਸਦਾ ਹੈ, ਉਹ (ਹਿਰਦਾ-ਰੂਪ) ਥਾਂ ਹੋਰ ਸਾਰੇ (ਤੀਰਥ) ਅਸਥਾਨਾਂ ਤੋਂ ਪਵਿਤ੍ਰ ਹੈ।

ਸੱਤਾ ਜੀ ਇਸ ਗੱਲ ਵਲ ਧਿਆਨ ਦਿਵਾ ਰਹੇ ਹਨ ਸਾਰੀ ਦੁਨੀਆਂ ਜਨਮ ਮਰਣ ਦੇ ਗੇੜ ਵਿੱਚ ਪਈ ਹੋਈ ਹੈ। ਇਸ ਜਨਮ ਮਰਣ ਦੇ ਗੇੜ ਤੋਂ ਬਚਿਆ ਜਾ ਸਕਦਾ ਹੈ ਜੇ ਅਸੀਂ ਧਰਮ ਦੇ ਨਾਂ'ਤੇ ਬੇ-ਲੋੜੀਆਂ ਰਸਮਾਂ ਦਾ ਤਿਆਗ ਕਰਕੇ ਇੱਕ ਅਕਾਲ ਪੁਰਖ ਦੇ ਗੁਣਾਂ ਦੇ ਧਾਰਨੀ ਹੋ ਜਾਈਏ। ਪਰਮਾਤਮਾ ਆਦਰਸ਼ਕ ਸੱਚ ਦੀ ਮੰਜ਼ਲ ਹੈ ਉਹ ਨਵਾਂ ਨਿਰੋਆ ਹੈ। ਇਸ ਤੋਂ ਸੇਧ ਲੈ ਕੇ ਅਸੀਂ ਵਿਕਾਰਾਂ ਵਲੋਂ ਨਵੇਂ ਨਰੋਏ ਹੋਣਾ ਹੈ। ਕੂੜ ਦੀ ਦੀਵਾਰ ਨੂੰ ਤੋੜਨਾ ਹੈ। ਸਾਡੀ ਮੰਜ਼ਿਲ ਵੀ ਸੱਚ ਦੇ ਅਧਾਰਤ ਹੋਣੀ ਚਾਹੀਦੀ ਹੈ। ਜਦ ਤਕ ਮਨੁੱਖ ਰੱਬ ਜੀ ਵਲ ਨਹੀਂ ਮੁੜਦਾ ਤਦ ਤੱਕ ਇਸ ਨੂੰ ਸੰਸਾਰ ਦੇ ਪਦਾਰਥ ਹੀ ਭਰਮਾਉਂਦੇ ਰਹਿਣਗੇ।

ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖ ਨੂੰ ਸਚਿਆਰ ਬਣਨ ਦਾ ਨੁਕਤਾ ਦਿੱਤਾ ਹੈ। ਇਸ ਦਾ ਅਰਥ ਹੈ ਕਿ ਮਨੁੱਖ ਨੂੰ ਪਹਿਲਾਂ ਆਪ ਸੱਚ ਅਪਨਾਉਣਾ ਪੈਣਾ ਹੈ। ਭਾਵ ਆਪਣੇ ਅੰਦਰਲੇ ਕਿਰਦਾਰ ਦੀ ਘਾੜਤ ਘੜਨੀ ਹੈ। ਜੇ ਮੈਂ ਅੰਦਰੋਂ ਸੱਚਾ ਹਾਂ ਤਾਂ ਹੀ ਚੰਗੇ ਸਮਾਜ ਦੀ ਸਿਰਜਣਾ ਕਰ ਸਕਦਾ ਹਾਂ। ਜਿਥੇ ਅੰਦਰਲੇ ਸੁਭਾਅ ਵਿੱਚ ਰੱਬੀ ਤੱਖਤ ਤਿਆਰ ਕਰਨਾ ਹੈ ਉਥੇ ਸਮਾਜ ਨੂੰ ਇਨਸਾਫ਼ ਦਿਵਾਉਣ ਲਈ ਸੱਚੇ ਤੱਖਤ ਦੀ ਲੋੜ ਹੈ-

**ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥**
**ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ ॥**

ਗੁਰੂ ਅਰਜਨ ਪਾਤਸ਼ਾਹ ਜੀ ਉਸ ਤੱਖਤ'ਤੇ ਬੈਠੇ ਹਨ ਜਿਸ ਤੱਖਤ'ਤੇ ਪਹਿਲੇ ਗੁਰੂਆਂ ਨੇ ਬੈਠ ਕੇ ਧਰਮ ਦਾ ਰਾਜ ਚਲਾਇਆ ਹੈ। ਗੁਰੂ ਸਾਹਿਬ ਜੀ ਦਾ ਤੇਜ ਪ੍ਰਤਾਪ ਸਾਰੀ ਲੁਕਾਈ ਵਿੱਚ ਸਾਰੇ ਪਸਰ ਰਿਹਾ ਹੈ। ਸਾਰੇ ਪਾਸੇ ਚਾਨਣ ਕਰ ਦਿੱਤਾ। ਇਸ ਦਾ ਅੰਤਰੀਵ ਭਾਵ ਹੈ ਕਿ ਸੱਚੇ ਜੀਵਨ ਦਾ ਢੰਡੋਰਾ ਸਾਰੀ ਲੁਕਾਈ ਵਿੱਚ ਚਲਾ ਗਿਆ। ਜਿਸ ਮਨੁੱਖ ਨੇ ਇਸ ਚਾਨਣ ਦੀ ਅਹਿਮੀਅਤ ਸਮਝ ਲਈ ਉਹ ਅਣਖ਼ ਸਵੈ ਮਾਣ ਨਾਲ ਜਿਉਂਦੇ ਰਹਿਣ ਨੂੰ ਪਹਿਲ ਦੇਂਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦਾ ਆਪੂੰ ਫੁਰਮਾਣ ਹੈ—

**ਤਖਤਿ ਬਹੈ ਤਖਤੈ ਕੀ ਲਾਇਕ॥ ਪੰਚ ਸਮਾਏ ਗੁਰਮਤਿ ਪਾਇਕ॥**
**ਆਦਿ ਜੁਗਾਦੀ ਹੈ ਭੀ ਹੋਸੀ ਸਹਸਾ ਭਰਮੁ ਚੁਕਾਇਆ॥ (1039)**

**ਅੱਖਰੀਂ ਅਰਥ**--ਜਿਹੜਾ ਮਨੁੱਖ ਗੁਰੂ ਦੀ ਮਤਿ ਤੇ ਤੁਰਦਾ ਹੈ ਉਸ ਦੇ ਪੰਜੇ ਗਿਆਨ-ਇੰਦ੍ਰੇ ਉਸ ਦੇ ਸੇਵਕ ਬਣ ਕੇ ਉਸ ਦੇ ਵੱਸ ਵਿੱਚ ਰਹਿੰਦੇ ਹਨ, ਉਹ ਹਿਰਦੇ-ਤਖ਼ਤ ਉਤੇ ਬੈਠਣ-ਜੋਗਾ ਹੋ ਜਾਂਦਾ ਹੈ ਤੇ ਹਿਰਦੇ-ਤਖ਼ਤ ਉਤੇ ਬੈਠਾ ਰਹਿੰਦਾ ਹੈ (ਭਾਵ, ਨਾਹ ਉਸ ਦੇ ਗਿਆਨ-ਇੰਦ੍ਰੇ ਮਾਇਆ ਵਲ ਡੋਲਦੇ ਹਨ ਅਤੇ ਨਾ ਹੀ ਉਸ ਦਾ ਮਨ ਵਿਕਾਰਾਂ ਵਲ ਜਾਂਦਾ ਹੈ)। ਜੇਹੜਾ ਪਰਮਾਤਮਾ ਸ੍ਰਿਸ਼ਟੀ ਦੇ ਮੁੱਢ ਤੋਂ ਪਹਿਲਾਂ ਦਾ ਹੈ ਜੁਗਾਂ ਦੇ ਆਦਿ ਤੋਂ ਹੈ, ਹੁਣ ਭੀ ਮੌਜੂਦ ਹੈ ਤੇ ਸਦਾ ਲਈ ਕਾਇਮ ਰਹੇਗਾ ਉਹ ਪਰਮਾਤਮਾ ਗੁਰੂ ਦੀ ਮਤਿ ਤੇ ਤੁਰਨ ਵਾਲੇ ਮਨੁੱਖ ਦੇ ਅੰਦਰ ਪਰਗਟ ਹੋ ਕੇ ਉਸ ਦਾ ਸਹਮ ਤੇ ਉਸ ਦੀ ਭਟਕਣਾ ਦੂਰ ਕਰ ਦੇਂਦਾ ਹੈ।

ਗੁਰੂ ਅਰਜਨ ਪਾਤਸ਼ਾਹ ਜੀ ਉਸ ਤੱਖਤ 'ਤੇ ਬਿਰਾਜਮਾਨ ਹੋਏ ਹਨ ਜਿਸ ਦਾ ਉਨ੍ਹਾਂ ਨੇ ਆਪਣੀ ਬਾਣੀ ਜ਼ਿਕਰ ਵਿੱਚ ਕੀਤਾ ਹੈ -

**ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ॥**
**ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥ (74)**

(ਜਿਸ ਜਿਸ ਉਤੇ ਪ੍ਰਭੂ ਦੀ ਮਿਹਰ ਹੋਈ ਹੈ ਉਹ) ਸਾਰੀ ਲੁਕਾਈ (ਅੰਤਰ ਆਤਮੇ) ਆਤਮਿਕ ਆਨੰਦ ਵਿੱਚ ਵੱਸ ਰਹੀ ਹੈ, (ਹਰੇਕ ਦੇ ਅੰਦਰ) ਇਹ ਨਿਮ੍ਰਤਾ ਦਾ ਰਾਜ ਹੋ ਗਿਆ ਹੈ। ਮਿਹਰਬਾਨ ਪ੍ਰਭੂ ਦਾ ਹੁਣ ਐਸਾ ਹੁਕਮ ਵਰਤਿਆ ਹੈ ਕਿ ਕੋਈ ਭੀ ਕਾਮਾਦਿਕ ਵਿਕਾਰ (ਸਰਨ ਆਏ) ਕਿਸੇ ਨੂੰ ਭੀ ਦੁਖੀ ਨਹੀਂ ਕਰ ਸਕਦਾ।

ਸਤਿਗੁਰ ਜੀ ਦਾ ਚੰਦੋਆ ਚਮਕ ਰਿਹਾ ਹੈ ਭਾਵ ਤੇਜ ਪ੍ਰਤਾਪ ਸਾਰੇ ਪਸਰ ਗਿਆ ਹੈ। ਨਿੰਮ੍ਰਤਾ ਹਲੇਮੀ ਵਾਲੇ ਗੁਣਾਂ ਰੂਪੀ ਤੱਖਤ'ਤੇ ਬਿਰਾਜਮਾਨ ਹੋਏ ਹਨ।

ਸੰਸਾਰ ਵਿੱਚ ਰਹਿੰਦਿਆਂ ਕਈ ਵਾਰੀ ਏਦਾਂ ਵੀ ਦੇਖਣ ਨੂੰ ਮਿਲ ਜਾਂਦਾ ਹੈ ਕਿ ਜਦੋਂ ਉੱਚ ਅਹੁਦਿਆਂ'ਤੇ ਬੈਠਿਆਂ ਲੋਕਾਂ ਨੂੰ ਚਾਪਲੂਸਾਂ ਤੇ ਚਾਲਬਾਜ਼ਾਂ ਦੀ ਵਧੇਰੇ ਜ਼ਰੂਰਤ ਹੁੰਦੀ ਕਿਉਂਕਿ ਇਮਾਨਦਾਰ ਆਦਮੀ ਉਨ੍ਹਾਂ ਦੇ ਨਜਾਇਜ਼ ਕੰਮ ਕਰਨ ਲਈ ਤਿਆਰ ਨਹੀਂ ਹੁੰਦੇ। ਸਿੱਖੀ ਵਿੱਚ ਤਾਂ ਸਿਧਾਂਤ ਹੀ ਬੜਾ ਉਚਾ ਸੁੱਚਾ ਸਿੱਧਾ ਤੇ ਸਰਲ ਹੈ—ਤੱਖਤ'ਤੇ ਬੈਠਣ ਲਈ—

**ਖੇਮ ਸਾਂਤਿ ਰਿਧਿ ਨਵ ਨਿਧਿ॥ ਬੁਧਿ ਗਿਆਨੁ ਸਰਬ ਤਹ ਸਿਧਿ॥**
**ਬਿਦਿਆ ਤਪੁ ਜੋਗੁ ਪ੍ਰਭ ਧਿਆਨੁ॥**
**ਗਿਆਨੁ ਸ੍ਰੇਸਟ ਊਤਮ ਇਸਨਾਨੁ॥**
**ਚਾਰਿ ਪਦਾਰਥ ਕਮਲ ਪ੍ਰਗਾਸ॥ ਸਭ ਕੈ ਮਧਿ ਸਗਲ ਤੇ ਉਦਾਸ॥**
**ਸੁੰਦਰ ਚਤੁਰੁ ਤਤ ਕਾ ਬੇਤਾ॥ ਸਮਦਰਸੀ ਏਕ ਦ੍ਰਿਸਟੇਤਾ॥**
**ਇਹ ਫਲ ਤਿਸੁ ਜਨ ਕੈ ਮੁਖਿ ਭਨੇ॥**

**ਗੁਰ ਨਾਨਕ ਨਾਮ ਬਚਨ ਮਨਿ ਸੁਨੇ॥ (296)**

ਮੁਕਦੀ ਗੱਲ ਜਿਸ ਨੇ ਆਪਣੇ ਗੁਰੂ ਦਾ ਹੁਕਮ ਮੰਨ ਲਿਆ ਹੈ ਉਹ ਆਤਮਕ ਮੌਤੇ ਨਹੀਂ ਮਰਦਾ ਹੈ। ਮਨੁੱਖ ਨੂੰ ਖੁਸ਼ੀ ਲੱਭਣ ਦੀ ਲੋੜ ਨਹੀਂ ਹੈ ਸਗੋਂ ਖੁਸ਼ੀ ਨੂੰ ਸਿਰਜਣ ਦੀ ਲੋੜ ਹੈ।

**ਜਿਨੀ ਗੁਰੂ ਨ ਸੇਵਿਓ ਮਨਮੁਖਾ ਪਇਆ ਮੋਆ ॥**
**ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ ॥**
**ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥**

ਚੰਗੇ ਚੱਜ ਅਚਾਰ ਦਾ ਸਬੂਤ ਇਹ ਹੀ ਹੁੰਦਾ ਹੈ ਵਿਆਕਤੀ ਮਾੜੇ ਵਿਹਾਰ ਵਾਲਿਆਂ ਨਾਲ ਵੀ ਸਲੀਕੇ ਨਾਲ ਪੇਸ਼ ਆਉਂਦਾ ਹੈ। ਗੁਰੂ ਦੇ ਹੁਕਮ ਤੋਂ ਮੁਨਕਰ ਹੋਣ ਵਾਲਾ ਕਦੇ ਤਰੱਕੀ ਨਹੀਂ ਕਰ ਸਕਦਾ। ਮਨੁੱਖ ਨੂੰ ਜੀਵਨ ਮਿਲਿਆ ਹੈ ਇਸ ਵਿੱਚ ਰੌਣਕ ਅਤੇ ਬਰਕਤ ਅਸੀਂ ਗੁਰੂ ਦੇ ਹੁਕਮ ਨੂੰ ਮੰਨ ਕੇ ਭਰਨੀ ਹੈ। ਸਮੁੱਚੀ ਸ੍ਰਿਸ਼ਟੀ ਵਿੱਚ ਰੱਬੀ ਹੁਕਮ ਦਾ ਰਾਜ ਤੇ ਸੱਚੇ ਤੱਖਤ ਨੂੰ ਕਾਇਮ ਕਰਨ ਲਈ ਗੁਰੂ ਨਾਨਕ ਸਾਹਿਬ ਜੀ ਵਲੋਂ ਅਰੰਭ ਕੀਤੇ ਲਾਸਾਨੀ ਇਨਕਲਾਬ ਦੇ ਸਿਧਾਂਤਾਂ ਨੂੰ ਹਲੇਮੀ ਰਾਜ ਵਜੋਂ ਪ੍ਰਗਟ ਕੀਤਾ ਹੈ।

ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਤਥਾ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਵਲੋਂ ਕਾਇਮ ਕੀਤੀਆਂ ਸਰਬ ਸਾਂਝੀਆਂ ਸੰਸਥਾਂਵਾਂ ਨੇ ਬਹੁਤ ਹੀ ਹੈਰਾਨੀ ਜਨਕ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਇਹ ਇੱਕ ਅਟੱਲ ਸਚਾਈ ਹੈ ਕਿ ਸਤਿਗੁਰਾਂ ਵਲੋਂ ਦ੍ਰਿੜ ਕਰਾਈ ਗੁਰਮਤਿ ਦੀ ਜੁਗਤੀ ਸਿੱਖਾਂ ਕੋਲ ਹੈ ਪਰ ਲਗਦਾ ਇੰਜ ਹੈ ਇਹ ਜੁਗਤੀ ਨੂੰ ਭਾਵ ਰੱਬੀ ਸੱਚ ਨੂੰ ਵਿਸ਼ਵ ਭਰ ਦੇ ਵਿਕਸਤ ਮੁਲਕਾਂ ਨੇ ਅਪਨਾਇਆ ਹੈ।

ਅਸੀਂ ਸਮਝਦੇ ਹਾਂ ਜਿਹੜਿਆਂ ਮੁਲਕਾਂ ਨੇ ਤਰੱਕੀ ਦੀਆਂ ਬੁਲੰਦੀਆਂ ਨੂੰ ਛੋਹਿਆ ਹੈ ਜਾਂ ਜਿਹੜਿਆਂ ਮੁਲਕਾਂ ਵਿੱਚ ਸਦਾਚਾਰਕ ਕਦਰਾਂ ਕੀਮਤਾਂ ਬਰਕਰਾਰ ਹਨ ਉਨ੍ਹਾਂ ਮੁਲਕਾਂ ਨੇ ਭਾਵੇਂ ਗੁਰਬਾਣੀ ਨਹੀਂ ਪੜ੍ਹੀ ਪਰ ਉਹ ਗੁਰਬਾਣੀ ਦੇ ਸੱਚ ਤੋਂ ਮੁਨਕਰ ਨਹੀਂ ਹੋਏ ਸਗੋਂ ਗੁਰਬਾਣੀ ਵਾਲੇ ਸੱਚ ਨੂੰ ਆਪਣੇ ਮੁਲਕ ਦੇ ਲੋਕਾਂ ਵਿੱਚ ਲਾਗੂ ਕੀਤਾ ਹੈ।

ਪਹਿਲੀ ਤੁਕ ਵਿੱਚ ਜਿਸ ਨੇ ਗੁਰੂ ਜੀ ਦਾ ਹੁਕਮ ਨਹੀਂ ਮੰਨਿਆ ਉਹ ਆਤਮਿਕ ਮੌਤੇ ਮਰਿਆ ਹੋਇਆ ਹੈ। ਇਸ ਦਾ ਭਾਵ ਅਰਥ ਹੈ ਕਿ ਜੇ ਗੁਰੂ ਸਾਹਿਬ ਜੀ ਦੇ ਸਿਧਾਂਤ ਦੀ ਸਮਝ ਆ ਜਾਂਦੀ ਹੈ ਤਾਂ ਉਹ ਲਾਲਚੀ ਬਿਰਤੀ ਦਾ ਤਿਆਗ ਕਰ ਦੇਂਦਾ ਹੈ। ਆਤਮਿਕ ਮੌਤ ਦਾ ਅਰਥ ਹੈ ਛੋਟੇ ਛੋਟੇ ਲਾਭਾਂ ਲਈ ਆਪਣੀ ਜ਼ਮੀਰ ਨੂੰ ਵੇਚ ਦੇਣਾ।

ਆਪਣੇ ਲਾਲਚ ਲਈ ਕੌਮ ਬਰਬਾਦ ਕਰਾ ਦੇਣੀ। ਮੰਨ ਲਓ ਕੋਈ ਸਰਕਾਰੀ ਅਧਿਕਾਰੀ ਹੈ ਜੇ ਉਹ ਇਮਾਨਦਾਰੀ ਨਾਲ ਆਪਣਾ ਕੰਮ ਨਹੀਂ ਕਰਦਾ ਤਾਂ ਉਹ ਵੀ ਆਤਮਿਕ ਮੌਤੇ ਮਰਿਆ ਹੋਇਆ ਹੈ। ਉਪਰੋਕਤ ਤੁਕਾਂ ਤਾਂ ਸਾਰੀ ਦੁਨੀਆਂ ਲਈ ਪ੍ਰਤੀਕ ਹਨ ਕਿ ਜੇ ਬੰਦਾ ਆਪਣੇ ਫ਼ਰਜ਼ ਪ੍ਰਤੀ ਸੁਚੇਤ ਨਹੀਂ ਹੈ ਤਾਂ ਉਹ ਜਿਉਂਦਾ ਜ਼ਰੂਰ ਹੈ ਪਰ ਮਾਨਸਕ ਤੌਰ'ਤੇ ਮਰਿਆ ਪਿਆ ਹੈ।

ਜਦੋਂ ਅਸੀਂ ਵਿਕਸਤ ਮੁਲਕਾਂ ਨੂੰ ਦੇਖਦੇ ਹਾਂ ਕਿ ਉੱਥੇ ਹਰ ਬੰਦਾ ਆਪਣੇ ਫ਼ਰਜ਼ ਦੀ ਚੰਗੀ ਤਰ੍ਹਾਂ ਪਹਿਚਾਣ ਰੱਖਦਾ ਹੈ ਤੇ ਸਦਾ ਹੀ ਸੁਚੇਤ ਹੋ ਕੇ ਚਲਦਾ ਹੈ। ਇੱਕ ਦੁੱਖ ਵੀ ਹੈ ਸਾਡੇ ਭੈਣ ਭਰਾ ਬਾਹਰਲੇ ਮੁਲਕਾਂ ਵਿੱਚ ਗਏ ਹਨ, ਗੁਰਦੁਆਰੇ ਵੀ ਬਣਾਏ ਹਨ ਪਰ ਅਜੇ ਤਕ ਗੁਰਦੁਆਰਿਆਂ ਦੇ ਪ੍ਰਬੰਧ ਵਿਚੋਂ ਲੜਾਈਆਂ ਦਾ ਖਾਤਮਾ ਨਹੀਂ ਹੋ ਸਕਿਆ। ਕਹਿਆ ਜਾ ਸਕਦਾ ਹੈ ਅਸੀਂ ਵਿਕਸਤ ਮੁਲਕਾਂ ਵਲ ਦੇਖ ਕੇ ਵੀ ਆਪਣੀਆਂ ਨਿੱਜੀ ਰੰਜਸਾਂ ਨਹੀਂ ਛੱਡੀਆਂ। ਆਏ ਦਿਨ ਕਿਸੇ ਨਾ ਕਿਸੇ ਦੀ ਪੱਗ ਲੱਥੀ ਹੁੰਦੀ ਹੈ। ਵਿਚਾਰਾਂ ਵਿੱਚ ਵਿਕਾਸ ਨਾ ਹੋਣਾ ਤੇ ਹਰ ਵੇਲੇ ਸੜ੍ਹਦੇ ਭੁਜਦੇ ਰਹਿਣਾ ਇਹ ਸਾਰਾ ਕੁੱਝ ਆਤਮਕ ਮੌਤ ਦੇ ਖਾਤੇ ਵਿੱਚ ਹੀ ਪੈਂਦਾ ਹੈ।

ਇਕ ਹੋਰ ਵਿਚਾਰਨ ਵਾਲਾ ਵਿਸ਼ਾ ਹੈ ਕਿ **ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ॥ (968)**

ਅਰਥ ਤਾਂ ਪਿੱਛੇ ਸਮਝ ਲਏ ਹਨ—ਕਿ ਗੁਰੂ ਅਰਜਨ ਦੀ (ਦਿਨ) ਦੂਣੀ ਤੇ ਰਾਤ ਚਾਰ-ਗੁਣੀ ਬਜ਼ੁਰਗੀ ਵਧ ਰਹੀ ਹੈ; (ਸ੍ਰਿਸ਼ਟੀ ਨੂੰ) ਗੁਰੂ, ਸੱਚੇ ਪ੍ਰਭੂ ਦੀ ਸੱਚੀ ਸੁਗ਼ਾਤ ਹੈ। ਇਨ੍ਹਾਂ ਤੁਕਾਂ ਦਾ ਭੇਤ ਬਹੁਤ ਡੂੰਘਾ ਹੈ ਗੁਰੂ ਸਾਹਿਬ ਦੀ ਮਹਿਮਾਂ ਚਾਰ ਚੁਫੇਰੇ ਵੱਧ ਰਹੀ ਹੈ ਕਿਉਂਕਿ ਉਨ੍ਹਾਂ ਨੂੰ ਆਪਣੇ ਬਚਪਨ ਤੋਂ ਮਾਹੌਲ ਪੜ੍ਹਨ ਲਿਖਣ ਵਾਲਾ ਮਿਲਿਆ ਹੈ।

ਹਰ ਵਿਸ਼ੇ ਵਿੱਚ ਮੁਹਾਰਤ ਹਾਸਲ ਕੀਤੀ। ਗੁਰਮੁਖੀ ਅੱਖਰ ਗੁਰੂ ਅਮਰਦਾਸ ਜੀ ਪਾਸੋਂ, ਮੋਹਰੀ ਜੀ ਪਾਸੋਂ ਗਣਿਤ, ਦੇਵਨਾਗਰੀ ਚਾਟਸਾਲ ਦੇ ਪਾਂਧੇ ਪਾਸੋਂ, ਸੰਸਕ੍ਰਿਤ ਪੰਡਤ ਬੇਣੀ ਪਾਸੋਂ, ਸਿਰੰਦਾ ਸਿਖਿਆ, ਰਾਗ ਵਿਦਿਆ ਹਾਸਲ ਕੀਤੀ, ਭਵਨ ਕਲਾ ਤੇ ਚਿਤ੍ਰ ਕਲਾ ਦਾ ਬਹੁਤ ਸ਼ੌਕ ਸੀ। ਇਸ ਦੇ ਇਲਾਵਾ ਘੋੜ ਸਵਾਰੀ, ਤੀਰ ਅੰਦਾਜ਼ੀ ਤੇ ਨੇਜੇ ਬਾਜ਼ੀ ਵਿੱਚ ਮੁਹਾਰਤ ਸਿੱਖੀ ਸੀ। ਪੰਜਾਬ ਵਿੱਚ ਪਹਿਲਾ ਕੋਹੜੀ ਘਰ ਤਰਨ ਤਾਰਨ ਵਿਖੇ ਬਣਾ ਕਿ ਰੋਗੀਆਂ ਦੀ ਸੇਵਾ ਕੀਤੀ। ਇਤਿਹਾਸ ਦੇ ਪੰਨੇ ਗਵਾਹ ਹਨ ਕਿ ਜਦੋਂ ਲਾਹੌਰ ਸ਼ਹਿਰ ਬਿਮਾਰੀ ਤੇ ਕਾਲ ਪੈ ਗਿਆ ਸੀ ਤਾਂ ਆਪ ਜੀ ਨੇ ਲਾਹੌਰ ਸ਼ਹਿਰ ਦੀ ਸਾਰੀ ਜ਼ਿੰਮੇਵਾਰੀ ਸੰਭਾਲੀ। ਲੰਗਰ ਤੇ ਦਵਾਈਆਂ ਤੇ ਲਾਸ਼ਾਂ ਨੂੰ ਉਠਾਉਣ ਦਾ ਪੂਰਾ ਪ੍ਰਬੰਧ ਕੀਤਾ। ਡਾ. ਗੋਕਲਚੰਦ ਨਾਰੰਗ ਲਿਖਦੇ ਹਨ ਕਿ-ਹੁਣ ਲੋਕਾਂ ਸਾਹਮਣੇ ਉਹ ਗੁਰ ਵਿਆਕਤੀ ਆਇਆ, ਜੋ ਜਨਮਤ ਕਵੀ, ਅਮਲੀ ਚਿੰਤਕ, ਵੱਡਾ ਜੱਥੇਦਾਰ ਅਤੇ ਇੱਕ ਨੀਤੀਵੇਤਾ ਸੀ। ਗੁਰੂ ਸਾਹਿਬ ਜੀ ਨੇ ਨਿਸ਼ਾਨਾ ਬਹੁਤ ਉੱਚਾ ਮਿੱਥਿਆ ਹੋਇਆ ਸੀ। ਗੁਰੂ ਸਾਹਿਬ ਜੀ ਦੇ ਸਰਲ ਬਚਨਾਂ ਨੂੰ ਜਿਹੜਾ ਇੱਕ ਵਾਰ ਸੁਣ ਲੈਂਦਾ ਸੀ ਉਸ ਦੀ ਨਿਸ਼ਾ ਤੇ ਤ੍ਰਿਪਤੀ ਹੋ ਜਾਂਦੀ ਸੀ। ਇਹੀ ਇੱਕ ਕਰਾਮਾਤ ਹੈ ਕਿ ਉਨ੍ਹਾਂ ਨੇ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਸ਼ਹਾਦਤ ਦਾ ਜਾਮ ਪੀ ਲਿਆ ਪਰ ਹਕੂਮਤ ਨਾਲ ਕੋਈ ਸਮਝੌਤਾ ਨਹੀਂ ਕੀਤਾ। ਅੱਜ ਦੇ ਸਾਡੇ ਰਾਜਨੀਤਕ ਤੇ ਧਾਰਮਿਕ ਨੇਤਾਜਨ ਕੇਵਲ ਆਪਣੇ ਪ੍ਰਵਾਰਾਂ ਦੀ ਪੂਰਤੀ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ।

**ਤੱਤਸਾਰ-** ਸਭ ਤੋਂ ਪਹਿਲਾਂ ਸਾਨੂੰ ਆਪਣੇ ਹਿਰਦੇ ਦਾ ਸੱਚਾ ਤੱਖਤ ਤਿਆਰ ਕਰਨਾ ਚਾਹੀਦਾ ਹੈ। ਫਿਰ ਸਮਾਜ ਨੂੰ ਇਨਸਾਫ਼ ਦੇਣ ਲਈ ਦੁਨਿਆਵੀ ਤੱਖਤ ਸੱਚ ਦੇ ਅਧਾਰਤ ਸਿਰਜਣਾ ਚਾਹੀਦਾ ਹੈ, ਜਿਸ ਵਿੱਚ ਲੋਕ ਭਲਾਈ ਦੇ ਕੰਮ ਹੋਣੇ ਚਾਹੀਦੇ ਹਨ।

ਜੋ ਆਗੂ ਪੈਰ ਪੈਰ'ਤੇ ਝੂਠ ਬੋਲ ਕੇ ਕੇਵਲ ਆਪਣੇ ਪਰਿਵਾਰ ਨੂੰ ਲਾਭ ਲੈ ਕੇ ਦੇ ਰਿਹਾ ਹੈ, ਉਹ ਆਤਮਿਕ ਮੌਤੇ ਮਰਿਆ ਹੋਇਆ ਹੈ। ਦੁਨੀਆਂ ਵਿੱਚ ਤਰੱਕੀ ਓਸੇ ਦੀ ਹੀ ਹੋਏਗੀ ਜਿਹੜਾ ਸਚਿਆਰ ਹੋਏਗਾ। -0-

## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M:** 79733-70542
**Email:** gurmatvirsa@gmail.com

# ਗੁਰੂ ਗੋਬਿੰਦ ਸਿੰਘ: ਇਕ ਅਦੁੱਤੀ ਯੋਧਾ

**ਪ੍ਰੋ. ਸਾਹਿਬ ਸਿੰਘ**

**ਰਣ-ਭੂਮੀ ਵਿੱਚ ਤਲਵਾਰ ਫੜ ਕੇ ਭੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਆਦਰਸ਼ ਨੂੰ ਸਦਾ ਆਪਣੇ ਸਾਹਮਣੇ ਰੱਖਿਆ। ਕਦੇ ਭੀ ਕੋਈ ਧੋਖਾ ਜਾਂ ਚਲਾਕੀ ਨਹੀਂ ਕੀਤੀ। ਪਹਾੜੀ ਰਾਜੇ ਸਤਿਗੁਰੂ ਜੀ ਦੇ ਜਾਨੀ ਵੈਰੀ ਸਨ, ਭੰਗਾਣੀ ਦੇ ਯੁੱਧ ਵਿੱਚ ਉਹਨਾਂ ਦੀ ਨੀਅਤ ਸਾਫ਼ ਉੱਘੜ ਪਈ ਸੀ। ਪਰ ਜਦੋਂ ਕਦੇ ਉਹਨਾਂ ਉੱਤੇ ਮੁਗਲ ਹਾਕਮਾਂ ਵਲੋਂ ਜਬਰ ਹੋਇਆ, ਸਤਿਗੁਰੂ ਜੀ ਨੇ ਸਦਾ ਉਹਨਾਂ ਦੀ ਬਾਂਹ ਫੜੀ। ਗੁਰੂ ਪਾਤਸ਼ਾਹ ਦੇ ਪਾਸ ਸ਼ਿਕਾਇਤ ਹੋਈ ਸੀ ਕਿ ਭਾਈ ਘਨਈਆ ਜੀ ਰਣ-ਭੂਮੀ ਵਿੱਚ ਦੋਸਤਾਂ ਦੁਸ਼ਮਨਾਂ ਦੋਹਾਂ ਧਿਰਾਂ ਦੇ ਫੱਟੜਾਂ ਨੂੰ ਪਾਣੀ ਪਿਲਾਂਦੇ ਹਨ, ਸਤਿਗੁਰੂ ਜੀ ਭਾਈ ਘਨੱਈਏ ਜੀ ਦੀ ਇਹ ਨਿਰਵੈਰਤਾ ਵੇਖ ਕੇ ਬਹੁਤ ਹੀ ਖ਼ੁਸ਼ ਹੋਏ ਸਨ। ਉਹਨਾਂ ਦਾ ਵੈਰ ਕਿਸੇ ਹਿੰਦੂ ਜਾਂ ਮੁਸਲਮਾਨ ਨਾਲ ਨਹੀਂ ਸੀ। ਇਹੀ ਨਿਰਵੈਰਤਾ ਸੀ ਜਿਸ ਨੇ ਗ਼ਨੀ ਖ਼ਾਂ ਨੂੰ ਖਿੱਚ ਕੇ ਲਿਆਂਦਾ ਸੀ ਤੇ ਬੜੇ ਬਿਖੜੇ ਸਮੇਂ ਉਹਨਾਂ ਨੂੰ ਗੁਰੂ ਪਾਤਸ਼ਾਹ ਦੀ ਸੇਵਾ ਕਰਨ ਦੀ ਪ੍ਰੇਰਨਾ ਕੀਤੀ ਸੀ। ਸਤਿਗੁਰੂ ਜੀ ਬਿਨਾਂ ਕਿਸੇ ਜਾਤਿ-ਪਾਤਿ ਅਤੇ ਪੱਖ ਦੇ ਧਰਮੀਆਂ ਦੇ ਸਹਾਇਕ ਤੇ ਅਧਰਮ ਦੇ ਵਿਰੋਧੀ ਸਨ।**

**ਸ੍ਰੀ** ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਐਸੇ ਸਮੇਂ ਹੋਇਆ, ਜਦੋਂ ਭਾਰਤ-ਵਰਸ਼ ਵਿੱਚ ਲਗਭਗ ਪੰਜ ਸੌ ਸਾਲਾਂ ਤੋਂ ਪੱਕੇ ਪੈਰਾਂ 'ਤੇ ਹੋਇਆ ਇਸਲਾਮੀ ਰਾਜ ਐਨ ਚੜ੍ਹਦੀਆਂ ਕਲਾਂ ਵਿਚ ਸੀ, 'ਵੱਸੋ ਅਤੇ ਵੱਸਣ ਦਿਓ' ਦੇ ਆਦਰਸ਼ ਤੋਂ ਡਿੱਗ ਕੇ ਧੱਕੇਸ਼ਾਹੀ ਅਤੇ ਜ਼ੁਲਮ ਉੱਤੇ ਤੁਲ ਬੈਠਾ ਸੀ।

ਸ਼ਾਹੀ ਕਰਮਚਾਰੀਆਂ ਵੱਲੋਂ ਪਹਿਲਾਂ ਭੀ ਬਥੇਰੀ ਮਨ-ਆਈ ਅਤੇ ਬੇਨਿਆਈ ਪਰਜਾ ਨਾਲ ਹੁੰਦੀ ਚਲੀ ਆ ਰਹੀ ਸੀ। ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਹਾਲ ਦੱਸਦਿਆਂ ਲਿਖਿਆ ਹੈ: **ਬਹੁ ਵਾਟੀਂ ਜੱਗ ਚਲੀਆਂ ਜਬ ਹੀ ਭਏ ਮਹੰਮਦ ਯਾਰਾ॥ ਕੌਮ ਬਹੱਤਰ ਸੰਗ ਕਰ ਬਹੁ ਬਿਧਿ ਬੈਰ ਬਿਰੋਧ ਪਸਾਰਾ॥ ਰੋਜ਼ੇ ਈਦ ਨਮਾਝ ਕਰ ਕਰਮੀ ਬੰਦ ਕੀਆ ਸੰਸਾਰਾ॥ ਪੀਰ ਪਕੰਬਰ ਔਲੀਐ ਗ਼ੌਸ ਕੁਤਬ ਬਹੁ ਭੇਖ ਸਵਾਰਾ॥ ਠਾਕੁਰ ਦੁਆਰੇ ਢਾਹਿਕੈ ਤਿਹ ਠਉੜੀਂ ਮਸੀਤ ਉਸਾਰਾ॥ ਮਾਰਨ ਗਊ ਗਰੀਬ ਧਰਤੀ ਉਪਰ ਪਾਪ ਬਿਥਾਰਾ॥ ਕਾਫਰ ਮੁਲਹਦ ਇਰਮਨੀ ਰੂੰਮੀ ਜੰਗੀ ਦੁਸ਼ਮਨ ਦਾਰਾ॥ ਪਾਪੇ ਦਾ ਵਰਤਿਆ ਵਰਤਾਰਾ ॥ 20॥''** **(ਭਾਈ ਗੁਰਦਾਸ ਜੀ/ਵਾਰ 1 ਪਉੜੀ 20)** ਪਰ ਹੁਣ ਸਿੱਧਾ ਬਾਦਸ਼ਾਹ ਔਰੰਗਜ਼ੇਬ ਵੱਲੋਂ ਤਲਵਾਰ ਦੇ ਜ਼ੋਰ ਨਾਲ ਇਸਲਾਮ ਫੈਲਾਣ ਅਤੇ ਹਿੰਦੂਆਂ ਦਾ ਖੁਰਾ-ਖੋਜ ਮਿਟਾਉਣ ਦਾ ਬੀੜਾ ਚੁੱਕਿਆ ਗਿਆ। ਕੇਵਲ ਹਿੰਦੂਆਂ ਦਾ ਹੀ ਨਹੀਂ, ਸਗੋਂ ਸ਼ੀਆ ਮੁਸਲਮਾਨ ਭੀ, ਜਿਹੜੇ ਔਰੰਗਜੇਬ ਦੇ ਆਪਣੇ ਮਜ਼ਹਬ 'ਸੁੰਨੀ' ਦੇ ਵਿਰੋਧੀ ਸਨ, ਨੂੰ ਹਿੰਦੂਆਂ ਵਾਂਗ ਸੈਂਕੜਿਆਂ ਦੀ ਗਿਣਤੀ ਵਿਚ ਕਤਲ ਕੀਤਾ ਗਿਆ।

ਹਿੰਦੂ ਮਾਪਿਆਂ ਪਾਸੋਂ ਉਨ੍ਹਾਂ ਦੀਆਂ ਕੁਆਰੀਆਂ ਲੜਕੀਆਂ, ਭਰਾਵਾਂ ਪਾਸੋਂ ਉਨ੍ਹਾਂ ਦੀਆਂ ਜਵਾਨ ਭੈਣਾਂ, ਮਰਦਾ ਪਾਸੋਂ ਉਨ੍ਹਾਂ ਦੀਆਂ ਪਤਿਬ੍ਰਤ ਪਤਨੀਆਂ, ਧੱਕੇ-ਸ਼ਾਹੀ ਨਾਲ ਖੋਹੀਆਂ ਜਾਂਦੀਆਂ ਸਨ। ਇਨ੍ਹਾਂ ਅੱਤਿਆਚਾਰਾਂ ਨੇ ਹਿੰਦੂਆਂ ਨੂੰ, ਜਿਹੜੇ ਪਹਿਲਾਂ ਹੀ ਸਦੀਆਂ ਦੀ ਗ਼ੁਲਾਮੀ ਕਾਰਨ ਕਾਇਰ ਹੋ ਚੁੱਕੇ ਸਨ, ਹੋਰ ਵੀ ਡਰਾਕਲ ਬਣਾ ਦਿੱਤਾ। ਹੁਣ ਕਿਸੇ ਛੋਟੇ-ਮੋਟੇ ਯੋਧੇ ਦਾ ਕੰਮ ਨਹੀਂ ਸੀ ਕਿ ਜੋ ਅਜਿਹੇ ਕੱਟੜ ਅਤੇ ਭਿਆਨਕ ਰਾਜ ਦੇ ਵਿਰੁੱਧ ਬੋਲ ਸਕੇ।

ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਜੀ ਵੱਲ ਭੀ ਵੇਖੋ। ਉਮਰ ਕੇਵਲ ਦਸ ਸਾਲਾਂ ਦੀ, ਨਾ ਕੋਈ ਨਾਲ ਸਲਾਹਕਾਰ, ਨਾ ਕੋਈ ਸੰਬੰਧੀ ਮਦਦਗਾਰ, ਨਾ ਕੋਈ ਫ਼ੌਜ ਜਾਂ ਲਸ਼ਕਰ, ਨਾ ਕਿਲ੍ਹਾ, ਨਾ ਰਿਆਸਤ ਅਤੇ ਨਾ ਕੋਈ ਹੋਰ ਸਮਾਨ। ਟਾਕਰੇ ਲਈ ਇੱਕ ਪਾਸੇ ਦੇਸ਼ ਦੀ ਵੱਡੀ ਤਾਕਤ ਦਾ ਮਾਲਕ ਕੱਟੜ ਔਰੰਗਜ਼ੇਬ ਤੁਲਿਆ ਬੈਠਾ ਹੈ, ਦੂਜੇ ਪਾਸੇ ਪਹਾੜੀ ਹਿੰਦੂ ਰਾਜਪੂਤ ਰਾਜੇ ਗੋਂਦਾਂ ਗੁੰਦ ਰਹੇ ਹਨ, ਤੀਜੇ ਪਾਸੇ ਘਰ ਦੇ ਭੇਤੀ ਬਾਬਾ ਧੀਰਮਲ ਅਤੇ ਰਾਮ ਰਾਇ (ਰਾਵਨ ਦੇ ਭਰਾ ਰਾਜਾ ਵਭੀਖਣ ਜਾਂ ਭਭੀਖਣ ਵਾਂਗ) ਦੁਸ਼ਮਨਾਂ ਨੂੰ ਸੋਆਂ ਦੇ ਰਹੇ ਹਨ, ਅਤੇ ਚੌਥੇ ਨਿੱਘਰੇ ਹੋਏ ਡਰਾਕਲ ਲੋਕ ਸਗੋਂ ਰਾਹ ਵਿਚ ਰੋੜੇ ਅਟਕਾ ਕੇ ਰਾਜ਼ੀ ਹਨ, ਪਰ ਸਤਿਗੁਰੂ ਜੀ ਨੇ ਸਮਝ ਲਿਆ ਸੀ ਕਿ ਇਹਨਾਂ ਡਰਾਕਲ ਤੇ ਕਾਇਰ ਲੋਕਾਂ ਵਿਚੋਂ ਹੀ ਯੋਧੇ ਬਣਨੇ ਹਨ, ਬੀਰ ਸੂਰਮੇ ਕਿਤੋਂ ਹੋਰ ਬਾਹਰੋਂ ਨਹੀਂ ਆਉਣੇ।

ਸਤਿਗੁਰੂ ਜੀ ਨੇ ਇਹਨਾਂ ਗਿੱਦੜਾਂ ਤੇ ਕਾਇਰਾਂ ਵਿਚੋਂ ਹੀ ਸ਼ੇਰ ਬਣਾਏ ਅਤੇ ਚਿੜੀਆਂ ਤੋਂ ਬਾਜ ਤੁੜਾਏ। ਗੁਰੂ ਗੋਬਿੰਦ ਸਿੰਘ ਜੀ ਦੀ ਅੰਮ੍ਰਿਤ-ਸ਼ਕਤੀ ਦਾ ਜ਼ਿਕਰ ਕਵੀ ਦੁਆਰਾ ਇੰਞਕੀਤਾ ਗਿਆ: 'ਗੁਰੂ ਗੋਬਿੰਦ ਸਿੰਘ ਪ੍ਰਗਟਿਓ, ਦਸਵਾਂ ਅਵਤਾਰਾ॥ ਜਿਨਿ ਅਲੱਖ ਅਪਾਰ ਨਿਰੰਜਨਾ, ਜਪਿਓ ਕਰਤਾਰਾ॥ ਨਿਜ ਪੰਥੁ ਚਲਾਇਓ ਖਾਲਸਾ, ਧਰਿ ਤੇਜ ਕਰਾਰਾ॥ ਸਿਰਿ ਕੇਸ ਧਾਰਿ, ਕਰ ਖੜਗ ਕੋ, ਸਭ ਦੁਸਟ ਪਛਾਰਾ॥ ਸੀਲ ਜੱਤ ਕੀ ਕਛ ਪਹਰਿ, ਪਕੜੋ ਹਥਿਆਰਾ॥ ਸਚ ਫਤਹ ਬੁਲਾਈ ਗੁਰੂ ਕੀ, ਜੀਤਿਓ ਰਣ ਭਾਰਾ॥ ਸਭ ਦੈਂਤ ਅਰਨਿ ਕੋ ਘੇਰਿ ਕਰਿ, ਕੀਜੈ ਪਰਿਹਾਰਾ॥ ਜਬ ਸਹਜੇ ਪ੍ਰਗਟਿਓ ਜਗਤ ਮਹਿ, ਗੁਰੁ ਜਾਪੁ ਅਪਾਰਾ॥ ਯੌਂ ਉਪਜੇ ਸਿੰਘ ਭੁਜੰਗੀਏ, ਨੀਲੰਬਰ ਧਾਰਾ॥ ਤੁਰਕ ਦੁਸ਼ਟ ਸਭ ਛੈ ਕੀਏ, ਹਰਿ ਨਾਮੁ ਉਚਾਰਾ॥ ਤਿਨ ਆਗੈ ਕੋਇ ਨ ਠਹਰਿਓ, ਭਾਗੇ ਸਿਰਦਾਰਾ॥ ਤਹ ਰਾਜੇ ਸ਼ਾਹ ਅਮੀਰੜੇ, ਹੋਏ ਸਭ ਛਾਰਾ॥ ਫਿਰਿ ਸੁਨਿ ਕਰਿ ਐਸੀ ਧਮਕ ਕੌ, ਕਾਂਪੈ ਗਿਰਿ ਭਾਰਾ॥ ਤਬ ਸਭ ਧਰਤੀ ਹਲਚਲ ਭਈ, ਛਾਡੇ ਘਰ ਬਾਰਾ॥ ਇਉਂ ਐਸੇ ਦੁੰਦ ਕਲੇਸ਼ ਮਹਿ, ਖਪਿਓ ਸੰਸਾਰਾ॥ ਤਹ ਬਿਨੁ ਸਤਿਗੁਰ ਕੋ ਹੈ ਨਹੀਂ, ਭੈ ਕਾਟਨਹਾਰਾ॥ ਗਹਿ ਐਸੇ ਖੜਗ ਦਿਖਾਇਅਨੁ, ਕੋ ਸਕੈ ਨ ਝੇਲਾ॥ ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰੁ ਚੇਲਾ॥ 15॥'

ਉਨ੍ਹਾਂ ਲੋਕਾਂ ਨੇ ਹੀ ਜਿਹੜੇ ਬਿਲਕੁਲ ਨਕਾਰੇ ਤੇ ਨਿਰਬਲ ਹੋ ਚੁੱਕੇ ਸਨ, ਅੰਮ੍ਰਿਤ ਦੀ ਸ਼ਕਤੀ ਨਾਲ ਬੜੇ ਬੜੇ ਮੁਗ਼ਲ ਜਰਨੈਲਾਂ ਦੇ ਮੂੰਹ ਭਵਾ ਦਿੱਤੇ। ਉਹਨਾਂ ਦੇ ਵਿਚੋਂ ਹੀ ਬਾਬਾ ਦੀਪ ਸਿੰਘ ਜਿਹੇ ਅਤੇ ਬਾਬਾ ਗੁਰਬਖ਼ਸ਼ ਸਿੰਘ ਜਿਹੇ ਅਨੇਕਾਂ ਸੂਰਮੇ ਰਣਾਂ ਵਿੱਚ ਆਹੂ ਲਾਹੁਣ ਵਾਲੇ ਨਿੱਤਰ ਪਏ। ਚਮਕੌਰ ਦੀ ਇੱਕ ਨਿੱਕੀ ਜਿਹੀ ਹਵੇਲੀ ਵਿੱਚ ਸਿਰਫ਼ ਚਾਲੀ ਸਿੰਘਾਂ ਨੇ ਦਸ ਲੱਖ ਵੈਰੀ-ਦਲ ਦਾ ਜੋ ਟਾਕਰਾ ਕੀਤਾ, ਉਸ ਘਟਨਾ ਦੀ ਮਿਸਾਲ ਦੁਨੀਆਂ ਵਿੱਚ ਅਜੇ ਤਕ ਨਹੀਂ ਮਿਲਦੀ।

'ਸਵਾ ਲਾਖ ਸੇ ਏਕ ਲੜਾਊਂ॥ ਤਬੀ ਗੋਬਿੰਦ ਸਿੰਘ ਨਾਮ ਕਹਾਊਂ॥'

ਵਾਕ ਨੂੰ ਕਲਗੀਧਰ ਪਾਤਿਸ਼ਾਹ ਨੇ ਸਾਰੀ ਦੁਨੀਆਂ ਦੇ ਸਾਹਮਣੇ ਸੂਰਜ ਵਾਂਗ ਰੌਸ਼ਨ ਕਰ ਦਿੱਤਾ।

ਮਹਾਂਭਾਰਤ ਯੁੱਧ, ਸਾਰੇ ਸੰਸਾਰ ਦੇ ਇਤਿਹਾਸ ਵਿੱਚ ਉੱਘਾ ਅਤੇ ਸੂਰਮਤਾਈ ਨਾਲ ਭਰਪੂਰ ਮੰਨਿਆ ਜਾਂਦਾ ਹੈ, ਪਰ ਉਸ ਵਿੱਚ ਪਾਂਡਵਾਂ ਦਾ ਜਿੱਤਣਾ ਕੋਈ ਅਨੋਖੀ ਗੱਲ ਨਹੀਂ ਸੀ। ਸ੍ਰੀ ਕ੍ਰਿਸ਼ਨ ਜੀ ਜਿਹੇ ਸਲਾਹਕਾਰ, ਅਰਜਨ ਜਿਹੇ ਨੀਤੀ-ਵੇਤਾ, ਭੀਮ ਜਿਹੇ ਬਲੀ, ਲੱਖਾਂ ਹੋਰ ਮਦਦਗਾਰ, ਰਥਾਂ ਘੋੜਿਆਂ ਤੀਰਾਂ ਕਮਾਨਾਂ ਦੇ ਸਾਮਾਨ ਉਹਨਾਂ ਦੇ ਨਾਲ ਸਨ। ਮੁਕਾਬਲਾ ਕੇਵਲ ਆਪਣੇ ਹੀ ਤਾਏ ਚਾਚੇ ਦੇ ਪੁੱਤਰ ਭਰਾਵਾਂ 'ਕੈਰਵਾਂ' ਨਾਲ ਹੀ ਸੀ, ਪਰ ਅਸੀਂ ਹੁਣੇ ਹੀ ਵੇਖ ਆਏ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੇਸ਼ ਦੀ ਕਿਤਨੀ ਡਾਢੀ ਭਿਆਨਕ ਹਾਲਤ ਸੀ। ਸਤਿਗੁਰੂ ਜੀ ਦੇ ਨਾਲ ਕੋਈ ਉੱਚੇ ਤਜਰਬੇ ਵਾਲੇ ਸਹਾਇਕ ਨਹੀਂ ਸਨ, ਕੋਈ ਸਾਮਾਨ ਨਹੀਂ ਸੀ। ਫਿਰ ਭੀ ਸਿਰਫ਼ ਪਰਮੇਸ਼ਵਰ'ਤੇ ਭਰੋਸਾ ਰੱਖ ਕੇ ਹੌਸਲੇ ਤੇ ਧੀਰਜ ਨਾਲ ਮੁਗ਼ਲਾਂ ਜਿਹੀਆਂ ਕੱਟੜ ਲੱਖਾਂ ਫ਼ੌਜਾਂ ਦਾ ਮੁਕਾਬਲਾ ਕਰ ਕੇ, ਜਿੱਤਾਂ ਪ੍ਰਾਪਤ ਕਰਨੀਆਂ ਦੁਨੀਆਂ ਦੇ ਇਤਿਹਾਸ ਵਿੱਚ ਕੇਵਲ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਕੰਮ ਸੀ। ਉਹੀ ਕਵੀ ਸਤਿਗੁਰੂ ਜੀ ਦੀ ਬੀਰਤਾ ਦੀ ਇਸ ਉੱਚੀ ਬੇ-ਮਿਸਾਲ ਸ਼ਾਨ ਨੂੰ ਵੇਖ ਕੇ ਇਉਂ ਲਿਖਦਾ ਹੈ: 'ਪ੍ਰਾਣ-ਮੀਤ ਪਰਮਾਤਮਾ ਪੁਰਖੋਤਮ ਪੂਰਾ॥ ਹਰਿ ਦੇਖਨਹਾਰਾ ਪਾਤਿਸ਼ਾਹ ਪ੍ਰਤਿਪਾਲ ਨ ਊਰਾ॥ ਵਹੁ ਪ੍ਰਗਟਿਓ ਪੁਰਖ ਭਗਵੰਤ ਰੂਪ, ਗੁਰੁ ਗੋਬਿੰਦ ਪੂਰਾ॥ ਵਹਿ ਅਨਦ ਬਿਨੋਦੀ ਚੋਜੀਆ, ਸਤਿਗੁਰੂ ਭਰਪੂਰਾ॥ ਵਹਿ ਨਿਸਦਿਨ ਹਰਿ ਗੁਣ ਗਾਈਐ, ਸਚ ਸੱਚੀ ਵੇਲਾ॥ ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰੁ ਚੇਲਾ॥14॥'

ਸੱਚੇ ਜੋਧੇ ਦੇ ਆਦਰਸ਼ ਇਹੀ ਹੁੰਦੇ ਹਨ-ਬੀਰਤਾ, ਕੁਰਬਾਨੀ ਅਤੇ ਨੇਕ-ਨੀਅਤੀ। ਗੁਰੂ ਗੋਬਿੰਦ ਸਿੰਘ ਜੀ ਦੀ ਬੀਰਤਾ ਦਾ ਥੋੜਾ ਕੁ ਦਰਸ਼ਨ ਅਸਾਂ ਕਰ ਲਿਆ ਹੈ। ਹੁਣ ਵੇਖੋ ਜਿਗਰਾ ਤੇ ਕੁਰਬਾਨੀ। ਦਸ ਸਾਲਾਂ ਦੀ ਉਮਰ ਵਿਚ ਪਿਤਾ ਨੂੰ ਕੁਰਬਾਨੀ ਲਈ ਤੋਰ ਦੇਣਾ, ਆਪਣੀ ਹੱਥੀਂ ਸ਼ਹੀਦੀ ਗਾਨਾ ਬੰਨ੍ਹ ਕੇ ਆਪਣੇ ਵੱਡੇ ਦੋਹਾਂ ਸਾਹਿਬਜ਼ਾਦਿਆਂ ਅਜੀਤ ਸਿੰਘ ਅਤੇ ਜੁਝਾਰ ਸਿੰਘ ਨੂੰ ਚਮਕੌਰ ਦੇ ਯੁੱਧ ਲਈ ਤੋਰ ਦੇਣਾ, ਦੋਹਾਂ ਜਿਗਰ ਦੇ ਟੁਕੜਿਆਂ ਫ਼ਤਿਹ ਸਿੰਘ ਅਤੇ ਜ਼ੋਰਾਵਰ ਸਿੰਘ ਨੂੰ ਕੰਧਾਂ ਵਿੱਚ ਚਿਣਵਾ ਕੇ ਇਕ ਹੰਝੂ ਨਾ ਕੇਰਨਾ, ਦੁਨੀਆਂ ਦੇ ਕਿਸੇ ਇਤਿਹਾਸ ਵਿੱਚ ਅਜਿਹੀ ਮਿਸਾਲ ਨਹੀਂ ਮਿਲਦੀ। ਇਸ ਜੋਧੇ ਦੀ ਮਿਸਾਲ,

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।




ਵੱਲੋਂ ਅਦਾਰਾ 'ਗੁਰਮਤਿ ਵਿਰਸਾ'

**ਗੁਰੂ ਗੋਬਿੰਦ ਸਿੰਘ ਜੀ ਵੱਲ ਵੇਖੋ। ਉਮਰ ਕੇਵਲ ਦਸ ਸਾਲਾਂ ਦੀ, ਨਾ ਕੋਈ ਨਾਲ ਸਲਾਹਕਾਰ, ਨਾ ਕੋਈ ਸੰਬੰਧੀ ਮਦਦਗਾਰ, ਨਾ ਕੋਈ ਫ਼ੌਜ ਜਾਂ ਲਸ਼ਕਰ, ਨਾ ਕਿਲ੍ਹਾ, ਨਾ ਰਿਆਸਤ ਅਤੇ ਨਾ ਕੋਈ ਹੋਰ ਸਮਾਨ। ਟਾਕਰੇ ਲਈ ਇੱਕ ਪਾਸੇ ਦੇਸ਼ ਦੀ ਵੱਡੀ ਤਾਕਤ ਦਾ ਮਾਲਕ ਕੱਟੜ ਔਰੰਗਜ਼ੇਬ ਤੁਲਿਆ ਬੈਠਾ ਹੈ, ਦੂਜੇ ਪਾਸੇ ਪਹਾੜੀ ਹਿੰਦੂ ਰਾਜਪੂਤ ਰਾਜੇ ਗੋਂਦਾਂ ਗੁੰਦ ਰਹੇ ਹਨ, ਤੀਜੇ ਪਾਸੇ ਘਰ ਦੇ ਭੇਤੀ ਬਾਬਾ ਧੀਰਮਲ ਅਤੇ ਰਾਮ ਰਾਇ (ਰਾਵਨ ਦੇ ਭਰਾ ਰਾਜਾ ਵਭੀਖਣ ਜਾਂ ਭਭੀਖਣ ਵਾਂਗ) ਦੁਸ਼ਮਨਾਂ ਨੂੰ ਸੋਆਂ ਦੇ ਰਹੇ ਹਨ, ਅਤੇ ਚੌਥੇ ਨਿੱਘਰੇ ਹੋਏ ਡਰਾਕਲ ਲੋਕ ਸਗੋਂ ਰਾਹ ਵਿਚ ਰੋੜੇ ਅਟਕਾ ਕੇ ਰਾਜ਼ੀ ਹਨ, ਪਰ ਸਤਿਗੁਰੂ ਜੀ ਨੇ ਸਮਝ ਲਿਆ ਸੀ ਕਿ ਇਹਨਾਂ ਡਰਾਕਲ ਤੇ ਕਾਇਰ ਲੋਕਾਂ ਵਿਚੋਂ ਹੀ ਯੋਧੇ ਬਣਨੇ ਹਨ, ਬੀਰ ਸੂਰਮੇ ਕਿਤੋਂ ਹੋਰ ਬਾਹਰੋਂ ਨਹੀਂ ਆਉਣੇ।**

ਬੱਸ ! ਇਹ ਆਪ ਹੀ ਹੈ। ਰੱਬੀ ਰਜ਼ਾ ਤੇ ਪਹਾੜ ਵਾਂਗ ਅਟੱਲ ਰਹਿਣਾ-ਇਹ ਕਲਗੀਧਰ ਪਾਤਸ਼ਾਹ ਦਾ ਹੀ ਕੰਮ ਸੀ।

ਕਲਗੀਧਰ ਪਾਤਸ਼ਾਹ ਜੀ ਦੀ ਬੀਰਤਾ, ਜਿਗਰੇ ਅਤੇ ਕੁਰਬਾਨੀ ਦਾ ਵੰਨਗੀ ਮਾਤਰ ਦੀਦਾਰ ਅਸੀਂ ਕਰ ਚੁਕੇ ਹਾਂ। ਹੁਣ ਵੇਖੋ ਉਹਨਾਂ ਦੀ ਆਤਮਕ ਉਦਾਰਤਾ। ਸਾਊ ਦੁਸ਼ਮਨ ਦੀ ਪਦਵੀ ਤੋਂ ਭੀ ਦੂਰ ਉੱਚੇ ਲੰਘ ਗਏ ਹਨ। ਗੁਰੂ ਅਰਜਨ ਸਾਹਿਬ ਨੇ ਆਤਮਕ ਉਦਾਰਤਾ ਬਾਰੇ ਮਨੁੱਖਤਾ ਦਾ ਆਦਰਸ਼ ਪੇਸ਼ ਕਰਦਿਆਂ ਫ਼ੁਰਮਾਇਆ:

**ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨ ਤੇ ਛੁਟਕਾਏ॥**
**ਮਨ ਤੇ ਬਿਸਰਿਓ ਸਗਲੋ ਧੰਧਾ ਗੁਰ ਕੀ ਚਰਣੀ ਲਾਏ ॥1॥**
**ਸਾਧਸੰਗਿ ਚਿੰਤ ਬਿਰਾਨੀ ਛਾਡੀ॥**
**ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ॥1॥ ਰਹਾਉ ॥**
**ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥**
**ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥2॥**
**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥**
**ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥3॥**
**ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ ॥**
**ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ॥**


**(671)**

ਰਣ-ਭੂਮੀ ਵਿੱਚ ਤਲਵਾਰ ਫੜ ਕੇ ਭੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਆਦਰਸ਼ ਨੂੰ ਸਦਾ ਆਪਣੇ ਸਾਹਮਣੇ ਰੱਖਿਆ। ਕਦੇ ਭੀ ਕੋਈ ਧੋਖਾ ਜਾਂ ਚਲਾਕੀ ਨਹੀਂ ਕੀਤੀ। ਪਹਾੜੀ ਰਾਜੇ ਸਤਿਗੁਰੂ ਜੀ ਦੇ ਜਾਨੀ ਵੈਰੀ ਸਨ, ਭੰਗਾਣੀ ਦੇ ਯੁੱਧ ਵਿੱਚ ਉਹਨਾਂ ਦੀ ਨੀਅਤ ਸਾਫ਼ ਉੱਘੜ ਪਈ ਸੀ। ਪਰ ਜਦੋਂ ਕਦੇ ਉਹਨਾਂ ਉੱਤੇ ਮੁਗਲ ਹਾਕਮਾਂ ਵਲੋਂ ਜਬਰ ਹੋਇਆ, ਸਤਿਗੁਰੂ ਜੀ ਨੇ ਸਦਾ ਉਹਨਾਂ ਦੀ ਬਾਂਹ ਫੜੀ। ਗੁਰੂ ਪਾਤਸ਼ਾਹ ਦੇ ਪਾਸ ਸ਼ਿਕਾਇਤ ਹੋਈ ਸੀ ਕਿ ਭਾਈ ਘਨੱਈਆ ਜੀ ਰਣ-ਭੂਮੀ ਵਿੱਚ ਦੋਸਤਾਂ ਦੁਸ਼ਮਨਾਂ ਦੋਹਾਂ ਧਿਰਾਂ ਦੇ ਫੱਟੜਾਂ ਨੂੰ ਪਾਣੀ ਪਿਲਾਂਦੇ ਹਨ, ਸਤਿਗੁਰੂ ਜੀ ਭਾਈ ਘਨੱਈਏ ਜੀ ਦੀ ਇਹ ਨਿਰਵੈਰਤਾ ਵੇਖ ਕੇ ਬਹੁਤ ਹੀ ਖ਼ੁਸ਼ ਹੋਏ ਸਨ। ਉਹਨਾਂ ਦਾ ਵੈਰ ਕਿਸੇ ਹਿੰਦੂ ਜਾਂ ਮੁਸਲਮਾਨ ਨਾਲ ਨਹੀਂ ਸੀ। ਇਹੀ ਨਿਰਵੈਰਤਾ ਸੀ ਜਿਸ ਨੇ ਗ਼ਨੀ ਖ਼ਾਂ ਨੂੰ ਖਿੱਚ ਕੇ ਲਿਆਂਦਾ ਸੀ ਤੇ ਬੜੇ ਬਿਖੜੇ ਸਮੇਂ ਉਹਨਾਂ ਨੂੰ ਗੁਰੂ ਪਾਤਸ਼ਾਹ ਦੀ ਸੇਵਾ ਕਰਨ ਦੀ ਪ੍ਰੇਰਨਾ ਕੀਤੀ ਸੀ। ਸਤਿਗੁਰੂ ਜੀ ਬਿਨਾਂ ਕਿਸੇ ਜਾਤਿ-ਪਾਤਿ ਅਤੇ ਪੱਖ ਦੇ ਧਰਮੀਆਂ ਦੇ ਸਹਾਇਕ ਤੇ ਅਧਰਮ ਦੇ ਵਿਰੋਧੀ ਸਨ। -0-

## ਮਰਦ ਅਗੰਮੜੇ ਦਾ ਪ੍ਰਕਾਸ਼ ਦਿਹਾੜਾ

# ਸਾਲ ਵਿਚ 2 ਵਾਰ ਜਾਂ 5 ਜਨਵਰੀ?

**ਗੱਲ 5 ਜਾਂ 6 ਤਾਰੀਕ ਦੀ ਨਹੀਂ ਹੈ ਗੱਲ ਹੈ ਸਿੱਖਾਂ ਦੀ ਵੱਖਰੀ ਪਹਿਚਾਣ ਦੀ ਜੋ ਪਹਿਚਾਣ ਕਿਸੇ ਕੌਮ ਦੇ ਕਲੰਡਰ ਬਨਣ ਨਾਲ ਵੀ ਬਨਦੀ ਹੈ। ਸੰਨ 2003 ਵਿੱਚ ਨਾਨਕਸ਼ਾਹੀ ਕੈਲੰਡਰ ਅਕਾਲ ਤਖ਼ਤ ਵਲੋਂ ਲਾਗੂ ਕੀਤਾ ਗਿਆ ਪਰ ਉਸਦਾ ਵਾਰ ਵਾਰ ਕਤਲ ਕੀਤਾ ਗਿਆ ਜਿਸਦੇ ਫਲਸਰੂਪ ਅੱਜ ਅਸੀਂ ਪੰਜ ਤਰ੍ਹਾਂ ਦੇ ਰਲਗੱਡ ਕਲੰਡਰਾਂ ਨਾਲ ਜੂਝ ਰਹੇ ਹਾਂ 1. ਸੂਰਜੀ ਕੈਲੰਡਰ .....ਸੰਗਰਾਂਦ ਦਾ ਸੰਬੰਧ ਸੂਰਜ ਨਾਲ ਹੈ, 2. ਚੰਦਰ ਕੈਲੰਡਰ-ਮੱਸਿਆ ਪੂਰਨਮਾਸੀ ਪੰਚਮੀ ਦਸਵੀਂ ਸੁਦੀ ਵਦੀ ਆਦਿ ਚੰਦਰਮਾਂ ਨਾਲ ਸੰਬੰਧਤ ਦਿਹਾੜੇ ਹਨ, 3. ਨਾਨਕਸ਼ਾਹੀ 2003 ਵਾਲਾ ਕੈਲੰਡਰ, 4. ਅੰਗਰੇਜ਼ੀ ਕੈਲੰਡਰ (ਜਨਵਰੀ ਫਰਵਰੀ ਵਾਲਾ) 5. ਉਪਰਲਿਆਂ ਚੌਹਾਂ ਦਾ ਰੱਲਗਡ ਕੈਲੰਡਰ (ਜਥੇਦਾਰਾਂ ਦਾ ਸੋਧਿਆ ਹੋਇਆ ਨਕਲੀ ਕੈਲੰਡਰ) ਆਹ ਚਾਰ ਪੰਜ ਕੈਲੰਡਰ ਸਿੱਖ ਕੌਮ ਗੁਰਦਵਾਰਿਆਂ ਵਿੱਚ ਚਲਾ ਰਹੀ ਹੈ। ਬੇੜਾ ਕਿਉਂ ਨਾ ਗਰਕ ਹੋਏਗਾ, ਸੂਰਜੀ ਕੈਲੰਡਰ, ਚੰਦਰਮਾਂ ਕੈਲੰਡਰ, ਅੰਗਰੇਜੀ ਕੈਲੰਡਰ, ਨਾਨਕਸ਼ਾਹੀ ਕੈਲੰਡਰ, ਰੱਲਗਡ ਕੈਲੰਡਰ। ਅੱਜ ਚਾਹੀਦਾ ਸੀ ਇਨ੍ਹਾਂ ਤਰੀਕਾਂ ਦੇ ਰੌਲੇ-ਰੱਪੇ ਨੂੰ ਛੱਡ ਕੇ ਸਾਨੂੰ ਜ਼ੋਰ ਲਾਉਣਾ ਚਾਹੀਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਕਿਹਾ ਸੀ, ਕੀ ਕੀਤਾ ਸੀ, ਸਾਨੂੰ ਕੀ ਮੰਨਣ ਅਤੇ ਕਮਾਉਣ ਲਈ ਕਹਿ ਗਏ ਸਨ।**

**-ਕੈਪਟਨ ਅਵਤਾਰ ਸਿੰਘ**
**97819-90206**


ਅੱਜ ਸਮੁੱਚੀ ਸਿੱਖ ਕੌਮ ਅਤੇ ਨਾਨਕ ਨਾਮ ਲੇਵਾ ਹਰ ਮਨੁੱਖ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਵਾਸਤੇ ਉਤਸ਼ਾਹਤ ਦਿਖਾਈ ਦੇ ਰਿਹਾ ਹੈ। ਹੋਵੇ ਵੀ ਕਿਉਂ ਨਾ ਉਸ ਮਰਦ ਅਗੰਮੜੇ ਦਾ ਪ੍ਰਕਾਸ਼ ਦਿਹਾੜਾ ਜੋ ਹੈ। ਜਿਸਨੇ ਆਪਣੇ ਪਿਤਾ, ਮਾਤਾ ਅਤੇ ਪੁੱਤਰ ਜ਼ੁਲਮ ਦਾ ਟਾਕਰਾ ਕਰਦੇ ਹੋਏ ਕੌਮ ਦੀ ਖਾਤਰ ਵਾਰ ਦਿੱਤੇ ਪਰ ਸਿਧਾਂਤ ਤੋਂ ਜ਼ਰਾ ਵੀ ਨਹੀਂ ਥਿੜਕੇ।

ਪਰ ਅੱਜ ਸਾਡੀ ਕੌਮ ਚੁਰਾਹੇ ਤੇ ਖੜੀ ਹੈ ਆਮ ਸਿੱਖ ਵੱਡੇ ਭੰਬਲ ਭੂਸੇ ਵਿੱਚ ਪਿਆ ਹੋਇਆ ਹੈ। 6 ਜਨਵਰੀ ਜਾਂ 5 ਜਨਵਰੀ ਮੁੜ 27 ਦਸੰਬਰ 2025? ਪਿਛਲੇ ਸਾਲ ਸ਼੍ਰੋਮਣੀ ਗੁ: ਪ੍ਰਬੰਧ: ਕਮੇਟੀ ਦੇ ਸਾਬਕਾ ਪ੍ਰਧਾਨ ਵੱਲੋਂ ਅਕਾਲ ਤਖਤ ਦੇ ਗੁਲਾਮ ਜਥੇਦਾਰ ਨੂੰ 5 ਜਨਵਰੀ ਵਾਸਤੇ ਅਪੀਲ ਕਰਨੀ ਮਹਿੰਗੀ ਪੈ ਗਈ ਜਿਸ ਕਾਰਨ ਸ. ਕ੍ਰਿਪਾਲ ਸਿੰਘ ਬਡੂੰਗਰ ਨੂੰ ਦੁਬਾਰਾ ਪ੍ਰਧਾਨ ਬਣਨ ਦਾ ਮੌਕਾ ਨਹੀਂ ਮਿਲਿਆ ਅਤੇ **RSS** ਵਾਲਿਆਂ ਦੇ ਹੁਕਮਾਂ ’ਤੇ ਫੁੱਲ ਚੜ੍ਹਾਉਂਦਿਆਂ ਰਾਜਨੀਤਕ ਲੀਡਰਾਂ ਦੇ ਪਿੱਠੂ, ਗੁਲਾਮ ਕੌਮ ਦੇ ਜਥੇਦਾਰਾਂ ਨੇ ਕੌਮ ਨੂੰ ਹੁਕਮ ਚਾੜ੍ਹ ਦਿੱਤਾ ਕਿ ਪ੍ਰਕਾਸ਼ ਦਿਹਾੜਾ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ ਹੀ ਮਨਾਇਆ ਜਾਏ। ਜੋ ਕਿ ਇਸ ਸਾਲ 6 ਜਨਵਰੀ ਅਤੇ 27 ਦਸੰਬਰ ਨੂੰ ਆ ਰਿਹਾ ਹੈ। ਇਹ ਲੇਖ ਤੁਹਾਡੇ ਹੱਥਾਂ ਵਿੱਚ ਆਉਣ ਤੋਂ ਪਹਿਲਾ ਇਹ ਸਾਫ ਹੋ ਚੁੱਕਾ ਹੋਵੇਗਾ ਕਿ ਕੁੱਝ ਲੋਕਾਂ ਨੇ ਅਕਾਲ ਤੱਖਤ ਦੀ ਮਹਾਨਤਾ ਨੂੰ ਸਾਹਮਣੇ ਰੱਖ ਕੇ 6 ਜਨਵਰੀ ਨੂੰ ਅਤੇ ਕੁੱਝ ਲੋਕਾਂ ਨੇ ਜਮੀਰ ਦੀ ਅਵਾਜ਼ ਤੇ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੁੰਦਿਆ ਹੋਇਆਂ ਗੁਲਾਮ ਜਥੇਦਾਰਾਂ ਦੇ ਹੁਕਮਾਂ ਦੀ ਪ੍ਰਵਾਹ ਨਾ ਕਰਦਿਆਂ 5 ਜਨਵਰੀ ਨੂੰ ਮਨਾਉਣ ਦਾ ਤਹੱਈਆ ਕਰ ਲਿਆ ਹੋਵੇਗਾ। **ਇਸ ਸਾਲ ਦੋ ਵਾਰ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ 5 ਜਨਵਰੀ ਅਤੇ 27 ਦਸੰਬਰ 2025 ਨੂੰ। ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ 2026 ਵਿਚ ਪ੍ਰਕਾਸ਼ ਦਿਹਾੜਾ ਨਹੀਂ ਆਵੇਗਾ।**

ਗੱਲ ਕਿਸੇ ਖਾਸ ਤਾਰੀਕ ਦੀ ਨਹੀਂ ਹੈ ਗੱਲ ਹੈ ਸਿੱਖਾਂ ਦੀ ਵੱਖਰੀ ਪਹਿਚਾਣ ਦੀ ਜੋ ਪਹਿਚਾਣ ਕਿਸੇ ਕੌਮ ਦੇ ਕੈਲੰਡਰ ਬਨਣ ਨਾਲ ਵੀ ਬਨਦੀ ਹੈ। ਸੰਨ 2003 ਵਿੱਚ ਨਾਨਕਸ਼ਾਹੀ ਕੈਲੰਡਰ ਅਕਾਲ ਤਖ਼ਤ ਵਲੋਂ ਲਾਗੂ ਕੀਤਾ ਗਿਆ ਪਰ ਉਸਦਾ ਵਾਰ ਵਾਰ ਕਤਲ ਕੀਤਾ ਗਿਆ ਜਿਸਦੇ ਫਲਸਰੂਪ ਅੱਜ ਅਸੀਂ ਪੰਜ ਤਰ੍ਹਾਂ ਦੇ ਰਲਗੱਡ ਕਲੰਡਰਾਂ ਨਾਲ ਜੂਝ ਰਹੇ ਹਾਂ 1. ਸੂਰਜੀ ਕੈਲੰਡਰ .....ਸੰਗਰਾਂਦ ਦਾ ਸੰਬੰਧ ਸੂਰਜ ਨਾਲ ਹੈ, 2. ਚੰਦਰ ਕੈਲੰਡਰ-ਮੱਸਿਆ ਪੂਰਨਮਾਸੀ ਪੰਚਮੀ ਦਸਵੀਂ ਸੁਦੀ ਵਦੀ ਆਦਿ ਚੰਦਰਮਾਂ ਨਾਲ ਸੰਬੰਧਤ ਦਿਹਾੜੇ ਹਨ, 3. ਨਾਨਕਸ਼ਾਹੀ 2003 ਵਾਲਾ ਕੈਲੰਡਰ, 4. ਅੰਗਰੇਜ਼ੀ ਕੈਲੰਡਰ (ਜਨਵਰੀ ਫਰਵਰੀ ਵਾਲਾ) 5. ਉਪਰਲਿਆਂ ਚੌਹਾਂ ਦਾ ਰੱਲਗਡ ਕੈਲੰਡਰ (ਜਥੇਦਾਰਾਂ ਦਾ ਸੋਧਿਆ ਹੋਇਆ ਨਕਲੀ ਕੈਲੰਡਰ) ਆਹ ਚਾਰ ਪੰਜ ਕੈਲੰਡਰ ਸਿੱਖ ਕੌਮ ਗੁਰਦਵਾਰਿਆਂ ਵਿੱਚ ਚਲਾ ਰਹੀ ਹੈ। ਬੇੜਾ ਕਿਉਂ ਨਾ ਗਰਕ ਹੋਏਗਾ, ਸੂਰਜੀ ਕੈਲੰਡਰ, ਚੰਦਰਮਾਂ ਕੈਲੰਡਰ, ਅੰਗਰੇਜੀ ਕੈਲੰਡਰ, ਨਾਨਕਸ਼ਾਹੀ ਕੈਲੰਡਰ, ਰੱਲਗਡ ਕੈਲੰਡਰ। ਅੱਜ ਚਾਹੀਦਾ ਸੀ ਇਨ੍ਹਾਂ ਤਰੀਕਾਂ ਦੇ ਰੌਲੇ-ਰੱਪੇ ਨੂੰ ਛੱਡ ਕੇ ਸਾਨੂੰ ਜ਼ੋਰ ਲਾਉਣਾ ਚਾਹੀਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਕਿਹਾ ਸੀ, ਕੀ ਕੀਤਾ ਸੀ, ਸਾਨੂੰ ਕੀ ਮੰਨਣ ਅਤੇ ਕਮਾਉਣ ਲਈ ਕਹਿ ਗਏ ਸਨ। ਕਾਸ਼ ਅਸੀਂ ਉਹਨਾਂ ਦੇ ਜੀਵਨ ਤੇ ਮਨਘੜਤ ਕਹਾਣੀਆਂ ਤੇ ਵਿਚਾਰਾਂ ਕਰਕੇ ਲੋਕਾਂ ਤੱਕ ਸੱਚ ਪਹੁੰਚਾਉਂਦੇ। ਬਹੁਤ ਪ੍ਰਚਲਤ ਸਾਖੀ ਘੜੇ ਤੋੜਨ ਵਾਲੀ ’ਤੇ ਹੀ ਵਿਚਾਰ ਕਰ ਲਵੋ, ਜਿਸ ਤਰ੍ਹਾਂ ਗੁਰੂ ਸਾਹਿਬ ਨੂੰ ਕੁਆਰੀਆਂ ਕੁੜੀਆਂ ਦੇ ਘੜੇ ਤੋੜ ਕੇ ਪਾਣੀ ਉਹਨਾਂ ਦੇ ਸਰੀਰ ਉੱਤੇ ਪਾਇਆ ਅਤੇ ਉਨ੍ਹਾਂ ਦਾ ਮਖੌਲ ਉਡਾਉਂਦਿਆਂ ਦਰਸਾਇਆ ਗਿਆ ਹੈ। ਗੁਰੂ ਤਾਂ ਬਹੁਤ ਵੱਡੀ ਹਸਤੀ ਹੈ ਆਮ ਮਨੁੱਖਾਂ ਵਾਸਤੇ ਵੀ ਇਹ ਸਨਮਾਨ ਵਾਲੀ ਗੱਲ ਨਹੀਂ ਹੈ। ਫਿਰ ਮਾਤਾ ਜੀ ਕੋਲ ਸ਼ਿਕਾਇਤ ਕਰਨ ’ਤੇ ਮਾਤਾ ਜੀ ਵੱਲੋਂ ਕਹਿਣਾ ਕਿ ਤੁਸੀਂ ਗਾਗਰਾਂ ਲੈ ਲਵੋ, ਰਸਤਾ ਬਦਲੀ ਕਰ ਲਵੋ, ਪਰ ਮੇਰਾ ਗੋਬਿੰਦ ਤਾਂ ਇੱਦਾਂ ਹੀ ਕਰੂਗਾ। ਕੀ ਅੱਜ ਵੀ ਇਹੋ ਜਿਹਾ ਜਵਾਬ ਕਿਸੇ ਸਧਾਰਨ ਮਾਂ ਵੱਲੋਂ ਵੀ ਦਿੱਤਾ ਜਾ ਸਕਦਾ ਹੈ। ਸੋਚਣ ਵਾਲੀ ਗੱਲ ਉਹ ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ ਜੀ) ਜੋ ਫਕੀਰਾਂ ਨੂੰ ਗੁਝੀਆਂ ਰਮਜਾਂ, ਪੰਡਿਤ ਸ਼ਿਵ ਦੱਤ ਵਰਗਿਆਂ ਨੂੰ ਅਤੇ ਰਾਜੇ ਮੈਣੀ ਦੀ ਰਾਣੀ ਵਰਗੇ ਸ਼ਰਧਾਲੂਆਂ ਨੂੰ ਭਟਕਣਾਂ ਤੋਂ ਬਚਾਉਂਦੇ ਸਨ ਭਾਵ ਗਿਆਨ ਦੀਆ ਗੱਲਾਂ ਨਾਲ ਮੋਹਿਤ ਕਰ ਦਿੰਦੇ ਹਨ ਉਹ ਗਰੀਬ ਅਤੇ ਆਮ ਲੋਕਾਂ ਦੀਆਂ ਬੱਚੀਆਂ ਨੂੰ ਘੜੇ ਤੋੜ ਕੇ ਪਰੇਸ਼ਾਨ ਕਰਨ ਵਾਲੀ ਹਰਕਤ ਕਰ ਸਕਦੇ ਹਨ ਕੀ ਉਨ੍ਹਾਂ ’ਤੇ ਜ਼ੁਲਮ ਕਰ ਸਕਦੇ ਹਨ? ਉਹ ਸ਼ਖਸੀਅਤ ਜੋ ਥੋੜ੍ਹੇ ਸਮੇਂ ਬਾਅਦ ਹੀ ਜ਼ੁਲਮ ਦਾ ਮੁਕਾਬਲਾ ਕਰਨ ਵਾਸਤੇ ਆਪਣੇ ਪਿਤਾ ਜੀ ਨੂੰ ਕੁਰਬਾਨੀ ਦੇਣ ਵਾਸਤੇ ਕਹਿਣ ਦਾ ਜਜ਼ਬਾ ਰੱਖਦੇ ਸਨ। ਸੋਚੋ ਅਤੇ ਗਿਆਨਮਈ ਵਿਚਾਰਾਂ ਨਾਲ ਲੋਕਾਂ ਨੂੰ ਸੱਚ ਸਮਝਾਓ ਨਾ ਕਿ ਤਾਰੀਕਾਂ ਵਿਚ ਹੀ ਉਲਝਾ ਕੇ ਸਮਾਂ ਕੱਢ ਦਿਉ। ਕੌਮ ਦੇ ਜਥੇਦਾਰੋ! ਆਪਣੀ ਜ਼ਮੀਰ ਨੂੰ ਹਲੂਣਾ ਦਿਓ, ਨਹੀਂ ਤਾਂ ਕੌਮ ਤੁਹਾਨੂੰ ਕਦੇ ਮੁਆਫ ਨਹੀਂ ਕਰੇਗੀ।

ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜੀਵਨ ਤਾਂ ਭਾਵੇ ਕੁੱਝ ਸਾਲਾਂ, ਮਹੀਨਿਆਂ ਅਤੇ ਦਿਨਾਂ ਤੱਕ ਸੀਮਤ ਕਰਕੇ ਵੇਖਿਆ ਜਾ ਸਕਦਾ ਹੈ ਅਤੇ ਉਨ੍ਹਾਂ ਦੀ ਕਾਰਜਸ਼ੈਲੀ ਉਪਰ ਵੀ ਮੋਟੇ ਤੌਰ ’ਤੇ ਨਜ਼ਰ ਮਾਰੀ ਜਾ ਸਕਦੀ ਹੈ, ਉਹ ਆਪਣੀ ਮਿਸਾਲ ਆਪ ਹੈ ਜਿਸ ਦਾ ਕੋਈ ਪਾਰਾਵਾਰ ਵੀ ਨਹੀਂ ਅਤੇ ਸਾਨੀ ਵੀ ਨਹੀਂ। ਉਹ ਗੁਰੂ ਨਾਨਕ ਸਾਹਿਬ ਜੀ ਦੀ ਵੀਚਾਰਧਾਰਾ ਅਤੇ ਉਨ੍ਹਾਂ ਵਲੋਂ ਸੰਗਠਿਤ ਕੀਤੇ ਇਨਕਲਾਬੀ ਮਹਾਂ ਪੁਰਖਾਂ ਦੀ ਵਿਰਾਸਤ ਦੇ ਮਾਲਕ ਅਤੇ ਮਾਨਵਤਾ ਦੇ ਰਾਹ ਦਸੇਰੇ ਸਨ। ਉਨ੍ਹਾਂ ਕੋਲ ਗੁਰਮਤਿ ਵੀਚਾਰਧਾਰਾ ਦਾ ਵੱਡਾ ਜ਼ਖੀਰਾ ਸੀ ਜਿਸਦੀ ਸਾਂਝ ਉਨ੍ਹਾਂ ਦੇ ਪਹਿਲੇ ਰਹਿਬਰ ਦੁਨੀਆਂ ਨੂੰ

ਪਵਾਉਂਦੇ ਆਏ ਸਨ। ਇਸੇ ਨੂੰ ਸੰਭਾਲ ਕੇ ਨੀਤੀਗਤ ਤਰੀਕੇ ਨਾਲ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਵਰਤਿਆ ਅਤੇ ਇਤਿਹਾਸ ਵਿੱਚ ਮਾਣਯੋਗ ਪ੍ਰਾਪਤੀਆਂ ਕਰਕੇ ਇੱਕ ਵੱਖਰੀ ਮਿਸਾਲ ਪੈਦਾ ਕੀਤੀ ਜਿਸ ਨਾਲ ਮਾਨਵਤਾ ਦੇ ਚਿਹਰੇ ਦੀ ਸੱਚਿਆਰੀ ਨੁਹਾਰ ਨੂੰ ਨਿਖਾਰਨ ਦੇ ਵੱਡੇ ਚਿੰਨ ਦਿਖਾਈ ਦਿੰਦੇ ਹਨ। ਪਰ ਇਸ ਦੇ ਨਾਲ ਇਹ ਵੀ ਵੱਡੀ ਅਤੇ ਨਾ ਝੁਠਲਾਈ ਜਾਣ ਵਾਲੀ ਸੱਚਾਈ ਹੈ ਕਿ ਅਜਿਹੇ ਮਹਾਨ ਨੇਤਾ, ਧਾਰਮਿਕ ਪੁਰਸ਼ ਅਤੇ ਇਨਕਲਾਬ ਦੀ ਪੈਦਾਵਾਰ ਕਰਨ ਵਾਲੀ ਪਵਿੱਤਰ ਰੂਹ ਦੀ ਵੀਚਾਰਧਾਰਾ ਅਤੇ ਆਸ਼ਿਆਂ ਦਾ ਦਾਇਰਾ ਅਸੀਮ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੇ ਰਾਹ ਤੇ ਚਲਣ ਦਾ ਦਮ ਭਰਨ ਵਾਲਿਆਂ ਵਿੱਚ ਉਹ ਝਲਕ ਕਿਉਂ ਨਹੀਂ ਪਰਤੀਤ ਹੁੰਦੀ ਜਿਸਦੀ ਪੈਦਾਇਸ਼ ਮਰਦ ਅਗੰਮੜੇ ਰਹਿਬਰ ਨੇ ਪੈਦਾ ਕੀਤੀ ਅਤੇ ਮਨੁੱਖੀ ਸਮਾਜ ਵਿੱਚ ਬੇਦਿਲੀ, ਬੇਗ਼ੈਰਤੀ, ਅਵੇਸਲੇਪਨ, ਅਤੇ ਭਟਕਣਾ ਦਾ ਇਹ ਆਲਮ ਕਿਉਂ ਹੈ?

ਅੱਜ ਆਪਣੇ ਆਪ ਨੂੰ ਪੰਥਕ ਲੀਡਰ ਕਹਾਉਣ ਵਾਲੇ ਜਰ੍ਹਾਂ ਸੋਚਣ ਦੀ ਪਹਿਲ ਕਰਨਗੇ ਕੀ ਉਹਨਾਂ ਦੇ ਜੀਵਨ ਵਿੱਚੋਂ ਉਹ ਮਹਿਕ ਆਉਂਦੀ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਆਪਣੇ ਖਾਲਸੇ ਵਿੱਚ ਭਰ ਕੇ ਗਏ ਸਨ ਗੁਰਬਾਣੀ ਦਾ ਫੁਰਮਾਨ ਹੈ। **ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥** ਕੀ ਅਸੀਂ ਕਦੀ ਆਪਣੇ ਆਪ ਨੂੰ ਪੜਚੋਲਣ ਦੀ ਕੋਸ਼ਿਸ਼ ਕੀਤੀ ਹੈ ਆਮ ਲੋਕ ਆਪਣੇ ਵੱਡਿਆਂ, ਜਥੇਦਾਰਾਂ ਅਤੇ ਕੌਮ ਦੇ ਲੀਡਰਾਂ ਨੂੰ ਆਪਣਾ ਰੋਲ ਮਾਡਲ ਸਮਝ ਕੇ ਆਪਣਾ ਜੀਵਨ ਜੀਉਂਦੇ ਹਨ ਕੀ ਜੋ ਰੋਲ ਮਾਡਲ ਸਾਡੇ ਗੁਰੂ ਸਾਹਿਬਾਨ, ਸਿੱਖ ਅਤੇ ਸਹਿਬਜ਼ਾਦੇ ਬਣ ਕੇ ਮਿਸਾਲ ਪੈਦਾ ਕਰ ਗਏ ਅਤੇ ਗੁਰੂ ਗੋਬਿੰਦ ਸਿੰਘ ਜੀ ਸਾਨੂੰ ਆਪਣੇ ਪੁੱਤਰ ਕਹਿ ਕੇ ਸਨਮਾਨਯੋਗ ਬਣਾ ਗਏ ਅੱਜ ਅਸੀਂ ਉਹਨਾਂ ਦੇ ਮੁਤਾਬਕ ਨੇੜੇ-ਤੇੜੇ ਹਾਂ?

ਅੱਜ ਸਾਰੇ ਹੀਲੇ ਵਰਤਣ ਤੋਂ ਬਾਅਦ ਭੇਖੀ ਸਿੱਖ ਬਣਾਉਣੇ ਸ਼ੁਰੂ ਕਰ ਦਿੱਤੇ ਹਨ ਜੋ ਬਾਹਰੀ ਦਿੱਖ ਖਾਲਸੇ ਵਾਲੀ ਬਣਾ ਕੇ ਸਾਡੇ ਘਰਾਂ ਵਿੱਚ ਵੜ ਗਏ ਹਨ ਭਾਵ ਸਾਡੇ ਗੁਰਦੁਆਰਿਆਂ ਦੇ ਗ੍ਰੰਥੀ, ਸੇਵਾਦਾਰ ਅਤੇ ਕਈ ਥਾਈਂ ਪ੍ਰਬੰਧਕ ਕਮੇਟੀ ਦੇ ਮੈਂਬਰ/ ਪ੍ਰਧਾਨ ਵੀ ਬਣ ਚੁੱਕੇ ਹਨ। ਪਰ ਉਨ੍ਹਾਂ ਦੀ ਪਹਿਚਾਣ ਉਦੋਂ ਹੁੰਦੀ ਹੈ ਜਦੋਂ ਗੁਰੂ ਸਾਹਿਬ ਦੇ ਪਾਏ ਪੂਰਨਿਆਂ ਤੇ ਚੱਲਣ ਤੋਂ ਅਸਮਰਥ ਹੋ ਜਾਂਦੇ ਹਨ। ਸਿੱਖ ਰਹਿਤ ਮਰਿਯਾਦਾ ਦੇ ਹੁੰਦਿਆਂ ਹੋਇਆਂ ਉਸ 'ਤੇ ਚੱਲਣ ਦੀ ਬਜਾਏ ਅਨਮਤੀਆਂ ਦੀਆਂ ਰਹੁ-ਰੀਤਾਂ ਗੁਰਦੁਆਰਿਆਂ ਵਿਚ ਵਾੜ ਦਿੱਤੀਆਂ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨੂੰ ਵੀਚਾਰਨ ਤੋਂ ਇਹ ਸ਼ਪੱਸ਼ਟ ਹੈ ਕਿ ਉਨ੍ਹਾਂ ਦੇ ਪੁਰਖਿਆਂ ਅਤੇ ਉਨ੍ਹਾਂ ਦੇ ਪਿਤਾ ਜੀ ਦੀ ਸ਼ਹਾਦਤ ਨੇ ਭਾਰਤ ਦੇ ਲੋਕਾਂ ਨੂੰ ਇੱਕ ਵੱਡੀ ਰਾਹਤ ਪ੍ਰਦਾਨ ਕੀਤੀ ਪਰ ਇਸ ਪਰਉਪਕਾਰ ਨੂੰ ਨਜ਼ਰ ਅੰਦਾਜ਼ ਕਰਕੇ ਉਨ੍ਹਾਂ ਲੋਕਾਂ ਦੇ ਵਾਰਸਾਂ ਨੇ ਗੁਰੂ ਜੀ ਨਾਲ ਲੰਬਾ ਸਮਾਂ ਜੰਗਾਂ ਛੇੜ ਕੇ ਭਾਰਤ ਦੇ ਮੂਲ ਨਿਵਾਸੀ ਪਹਾੜੀ ਰਾਜਿਆਂ ਨੇ ਜਿਥੇ ਗੁਰੂ ਸਾਹਿਬਾਨ ਨਾਲ ਵੈਰ ਤਾਂ ਕਮਾਇਆ ਹੀ ਹੈ, ਉਥੇ ਇਹ ਵੀ ਸਾਬਤ ਕੀਤਾ ਹੈ ਕਿ ਉਨ੍ਹਾਂ ਨੂੰ ਗੁਰੂ ਆਸ਼ਿਆਂ ਦੀ ਉੱਕੀ ਹੀ ਸਮਝ ਨਹੀਂ ਆਈ। ਗੁਰੂ ਜੀ ਵਲੋਂ ਕੀਤੇ ਉਪਕਾਰਾਂ ਨੂੰ ਗ਼ਲਤ ਨਜ਼ਰ ਨਾਲ ਵੇਖ ਕੇ ਜਾਂ ਗ਼ਲਤ ਰੰਗਤ ਵਿੱਚ ਪ੍ਰਚਾਰ ਕੇ ਉਨ੍ਹਾਂ ਦੀ ਵੀਚਾਰਧਾਰਾ ਨਾਲ ਧ੍ਰੋਹ ਕਰਨ ਦਾ ਯਤਨ ਕੀਤਾ ਗਿਆ। ਭਾਵੇਂ ਇਸ ਵਿੱਚ ਕੁੱਝ ਵੀ ਸ਼ੱਕ ਨਹੀਂ ਹੈ ਕਿ ਗੁਰੂ ਨੂੰ ਪਿਆਰ ਕਰਨ ਵਾਲੇ ਗੁਰਸਿਖਾਂ ਨੇ ਆਪਣਾ ਆਪਾ ਤੱਕ ਗੁਰੂ ਆਸ਼ਿਆਂ ਤੋਂ ਘੋਲ ਘੁਮਾਇਆ ਪਰ ਕਿਤੇ ਨਾ ਕਿਤੇ ਸਿੱਖ ਧਰਮ ਵਿੱਚ ਅਜਿਹੇ ਤੱਤ ਵੀ ਸ਼ਾਮਲ ਹੁੰਦੇ ਰਹੇ ਜਿਨ੍ਹਾਂ ਗੁਰੂ ਵੀਚਾਰਧਾਰਾ ਨੂੰ ਨਾ ਸਮਝ ਕੇ ਆਪਣੇ ਪੁਰਾਣੇ ਸੰਸਕਾਰਾਂ ਅਤੇ ਹੂੜਮੱਤ ਅਧੀਨ ਇਸ ਦੇ ਨਾਂ ਤੇ ਕੁੱਝ ਹੋਰ ਹੀ ਕਰਮ ਕੀਤੇ ਅਤੇ ਇਸਦੀ ਦਿੱਖ ਨੂੰ ਖ਼ਰਾਬ ਕਰਨ ਦਾ ਕੋਝਾ ਯਤਨ ਕੀਤਾ। ਮਸੰਦਾਂ ਵਾਂਗ ਗੁਰੂ ਬਖਸ਼ੇ ਪਹਿਰਾਵੇ ਹੇਠ ਵੀ ਦੁਨੀਆਂ ਦੀ ਸੋਚ ਹੀ ਵਿਚਰਦੀ ਰਹੀ ਜਿਸ ਦੀ ਝਲਕ ਮਿਸਲਾਂ ਦੀ ਦਿਸ਼ਾਹੀਣ ਸਥਿਤੀ ਤੋਂ ਮਿਲ ਜਾਂਦੀ ਹੈ। ਵਿਚਾਰ ਕਰਨ 'ਤੇ ਸ਼ੱਕ ਨਹੀਂ ਰਹੇਗਾ ਕਿ ਮਿਸਲਾਂ ਵਕਤ ਥੋੜੀਆਂ ਅਤੇ ਹੋਛੀਆਂ ਪ੍ਰਾਪਤੀਆਂ ਦੇ ਰਸ ਵਿੱਚ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਇਨਕਲਾਬੀ ਅਤੇ ਮਾਨਵਵਾਦੀ ਸੋਚ ਤੋਂ ਹੱਟ ਕੇ ਹੀ ਚੱਲੇ।

ਖਾਲਸੇ ਦੇ ਨਿਆਰੇਪਨ ਦਾ ਜਿਤਨਾ ਜ਼ਿਆਦਾ ਜ਼ਿਕਰ ਕੀਤਾ ਜਾਂਦਾ ਹੈ ਨਿਆਰੇਪਨ ਦੀ ਝਲਕ ਜੀਵਨ ਵਿਚੋਂ ਉਨੀਂ ਹੀ ਮਨਫੀ ਹੋਈ ਪ੍ਰਤੀਤ ਹੁੰਦੀ ਹੈ। ਇਸ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਰਾਹ ਰਸਤੇ ਤੇ ਤੁਰਨ ਵਾਲਾ ਕੋਈ ਨਹੀਂ ਸੀ। ਇਤਿਹਾਸ ਵਿੱਚ ਅਜਿਹੇ ਅਨੇਕਾਂ ਨਾਮ ਹਨ ਜਿਨ੍ਹਾਂ ਦੇ ਜੀਵਨ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਕੁੱਟ ਕੁੱਟ ਕੇ ਭਰੇ ਹੋਏ ਸਨ। ਮੇਰਾ ਕਹਿਣ ਦਾ ਮੰਤਵ ਇਸ ਮਹਾਨ ਭਾਵਨਾ ਦੇ ਫੈਲਾਅ ਤੋਂ ਹੈ। ਇਸ ਦਾ ਵੱਡਾ ਕਾਰਣ ਇਹ ਵੀ ਹੈ ਕਿ ਸਿੱਖ ਧਰਮ ਦੇ ਆਰੰਭ ਤੋਂ ਹੀ ਇਸ ਨੂੰ ਅਣਸੁਖਾਵੇਂ ਹਾਲਾਤਾਂ ਦਾ ਸਾਹਮਣਾ ਕਰਨਾ ਪਿਆ। ਇਸ ਦੇ ਅਣਸੁਖਾਵੇਂ ਹਲਾਤਾ ਦਾ ਕਾਰਣ ਵੀ ਇਸ ਦੇ ਵਖਰੇ ਨਿਵੇਕਲੇ, ਅਗਾਂਹ ਵਧੂ ਅਤੇ ਸੰਘਰਸ਼ਸ਼ੀਲ ਸਿਧਾਂਤ ਹਨ। ਜਿਨ੍ਹਾਂ ਨੂੰ ਸਮੇਂ ਸਮੇਂ ਤੇ ਹਰ ਵਿਰੋਧੀ ਨੇ ਮੁਕੰਮਲ ਤੌਰ 'ਤੇ ਦਬਾਉਣਾ ਚਾਹਿਆ। ਪੰਜਵੇਂ ਨਾਨਕ ਜੀ ਦੇ ਸ਼ਹੀਦੀ, ਫਿਰ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਜੰਗ, ਅੱਠਵੇਂ ਗੁਰੂ ਸਾਹਿਬ ਜੀ ਨਾਲ ਰਾਜਸੀ ਚਾਲਾਂ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੇ ਰੂਪ ਵਿਚ ਹਕੂਮਤ ਆਪਣਾ ਜ਼ੋਰ ਅਜਮਾਉਂਦੀ ਰਹੀ। ਦਸਵੇਂ ਗੁਰੂ ਵੇਲੇ ਇਹ ਟਕਰਾਅ ਬਾਹਰੀ ਰੂਪ ਵਿੱਚ ਵੱਡਾ ਰੂਪ ਧਾਰਣ ਕਰ ਗਿਆ ਪਰ ਇਸ ਵਿਚ ਵਿਚਾਰਣਯੋਗ ਗੱਲ ਇਹ ਵੀ ਹੈ ਕਿ ਭਾਰਤੀ ਖਿੱਤੇ ਦੀ ਸਭ ਤੋਂ ਵੱਡੀ ਮਜ਼ਲੂਮ ਧਿਰ ਦੇ ਅਖੌਤੀ ਆਗੂਆਂ ਵਲੋਂ ਇਸ ਵਿਰੋਧ ਵਿੱਚ ਹੱਦੋਂ ਵੱਧ ਯੋਗਦਾਨ ਪਾਇਆ ਗਿਆ। ਹਾਲਾਂ ਕਿ ਗੁਰੂ ਘਰ ਉਹਨਾਂ ਲਈ ਸਭ ਤੋਂ ਵੱਡੀ ਫਾਇਦੇਮੰਦ ਥਾਂ ਸੀ। ਦੂਜੇ ਧਰਮਾਂ ਦੀ ਕੱਟੜਵਾਦੀ ਲਾਬੀ ਆਪਣੇ ਏਕਾਧਿਕਾਰ ਅਤੇ ਪਕੜ ਨੂੰ ਬਣਾਈ ਰੱਖਣ ਲਈ ਧਾਰਮਿਕ ਤਾਕਤ ਦੀ ਵਰਤੋਂ ਰੱਬੀ ਰਾਹ ਦੇ ਪਾਂਧੀ ਗੁਰੂ ਸਾਹਿਬਾਂ ਵਿਰੱਧ ਵਰਤਦੀ ਰਹੀ। ਅੰਦਰ ਦੇ ਇਸ ਉਬਾਲ ਨੂੰ ਰਾਜਸੀ ਤਾਕਤ ਨੇ ਅੰਜਾਮ ਦੇਣ ਤੋਂ ਕਦੀ ਕੰਨੀ ਨਹੀਂ ਕਤਰਾਈ। ਅਸਲ ਵਿੱਚ ਇਹ ਇਨਕਲਾਬ ਅਤੇ ਰੂੜੀਵਾਦ ਦਾ ਵੱਡਾ ਟਕਰਾਅ ਸੀ। ਜੋ ਕਿਸੇ ਨਾ ਕਿਸੇ ਰੂਪ ਵਿੱਚ ਚੱਲਿਆ ਹੀ ਆ ਰਿਹਾ ਹੈ। ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਕੀਤੇ ਕਾਰਜਾਂ ਵਿੱਚ ਮਹਾਨ ਗੱਲ ਇਹ ਸੀ ਉਹਨਾਂ ਨੇ ਖਾਲਸਾ ਸਾਜ ਕੇ ਧਾਰਮਿਕ ਰਾਜਸੀ, ਆਰਥਿਕ ਅਤੇ ਸਮਾਜਿਕ ਬਰਾਬਰਤਾ ਅਤੇ ਵੱਡਾ ਪਰਿਵਰਤਨ ਪੈਦਾ ਕੀਤਾ ਜਿਸ ਦੀ ਸਮੇਂ ਦੇ ਵੇਗ ਨਾਲ ਸਹੀ ਤਸਵੀਰ ਧੁੰਦਲੀ ਕਰਨ ਦਾ ਵੱਡਾ ਯਤਨ ਹੋਇਆ ਹੈ ਅਤੇ ਚੰਦ ਕਥਾ ਕਹਾਣੀਆਂ ਤੋਂ ਬਿਨਾਂ ਇਸ ਨੂੰ ਸਮਝਣ ਦਾ ਯਤਨ ਹੀ ਨਹੀਂ ਹੋ ਸਕਿਆ ਅਤੇ ਮਨੁੱਖਤਾ ਦਾ ਆਮ ਹਿੱਸਾ ਜਿਸ ਨੂੰ ਆਪਣੀ ਪਕੜ ਰੱਖਣ ਦੇ ਚਾਹਵਾਨ ਲੋਕਾਂ ਨੇ ਸਦਾ ਹੀ ਇਸ ਤੋਂ ਦੂਰ ਰਖਿਆ। ਜਿਸ ਦੀ ਵਜ੍ਹਾ ਕਰਕੇ 'ਇਨ ਗਰੀਬ ਸਿਖਨ ਕੋ ਦਿਉਂ ਪਾਤਸ਼ਾਹੀ। ਯਹ ਯਾਦ ਕਰੈਂ ਹਮਰੀ ਗੁਰਆਈ'। ਦਾ ਸੰਕਲਪ ਕਹਿਣ ਮਾਤਰ ਹੀ ਰਹਿ ਰਿਹਾ ਹੈ ਅਤੇ ਇਸ ਆਸ਼ੇ ਦੀ ਪ੍ਰਾਪਤੀ ਦਾ ਮਾਮੂਲੀ ਯਤਨ ਵੀ ਨਹੀਂ ਹੋ ਰਿਹਾ। ਅਜੋਕੇ ਸਮੇ ਵਿੱਚ ਖਾਸ ਤੌਰ ਤੇ ਗੁਰੂ ਨਾਨਕ ਪ੍ਰਸਤਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਰਾਸਤ ਤੇ ਵਾਰਸਾਂ ਨੂੰ ਇਹ ਸੋਚਣਾ ਪਵੇਗਾ ਕਿ ਅਜਿਹੀ ਅਜ਼ੀਮ ਇਨਕਲਾਬੀ ਸੋਚ ਤੇ ਪਰਦਾ ਪਾਇਆ ਜਾਣਾ ਚਾਹੀਦਾ ਹੈ ਜਾਂ ਇਸ ਨੂੰ ਜੱਗ ਜ਼ਾਹਿਰ ਕਰਨਾ ਚਾਹੀਦਾ ਹੈ?

**"ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ॥ ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ॥ "** (ਪੰਨਾ 645)

ਸਿੱਖ ਪੰਥ ਦਾ ਨਿਸ਼ਾਨਾ ਗੁਰੂ ਸਾਹਿਬ ਦੀ ਸੋਚ ਨੂੰ ਸਾਕਾਰ ਰੂਪ ਵਿੱਚ ਪ੍ਰਵਾਣ ਚੜ੍ਹਾਉਣਾ ਹੈ। ਜੋ ਓਨਾ ਚਿਰ ਸੰਭਵ ਨਹੀਂ ਹੋ ਸਕੇਗਾ, ਜਿੰਨਾਂ ਚਿਰ ਇਸ ਦੀ ਸਹੀ ਘੋਖ ਕਰਕੇ ਸਹੀ ਅਰਥਾਂ ਵਿੱਚ ਇਸ ਨੂੰ ਲਾਗੂ ਨਹੀਂ ਕੀਤਾ ਜਾਂਦਾ ਅਤੇ ਮਾਨਵ ਸਮਾਜ ਦੇ ਵੱਡੇ ਹਿੱਸੇ ਨੂੰ ਇਸ ਦੇ ਲਾਭਕਾਰੀ ਪ੍ਰਭਾਵਾਂ ਤੋਂ ਜਾਣੂ ਨਹੀਂ ਕਰਵਾਇਆ ਜਾਂਦਾ। ਅਜਿਹਾ ਕਰਕੇ ਹੀ ਅਸੀਂ ਸੱਚੇ ਸ਼ਹਿਨਸ਼ਾਹ ਦੇ ਰੂ- ਬ- ਰੂ ਸੁਰਖਰੂ ਹੋ ਸਕਦੇ ਹਾਂ। ਵੱਡੇ ਵੱਡੇ ਨਗਰ-ਕੀਰਤਨ, ਕੀਰਤਨ, ਕਥਾ ਪ੍ਰੋਗਰਾਮ ਅਤੇ ਸ਼ਤਾਬਦੀਆਂ ਮਨਾਉਣ ਦਾ ਸਹੀ ਫਾਇਦਾ ਲਈਏ। ਅਖੀਰ ਵਿਚ ਇਹੀ ਕਹਾਂਗਾ ਕਿ ਗੱਲ 5 ਜਾਂ 6 ਜਨਵਰੀ ਦੀ ਨਹੀਂ ਕਹਾਣੀ ਸਿਰਫ ਐਨੀ ਹੈ ਕਿ ਸਾਡੇ ਧਾਰਮਿਕ ਦਿਹਾੜੇ ਪੱਕੇ ਕਿਉਂ ਨਹੀਂ ਹੋਣ ਦਿੱਤੇ ਜਾਂਦੇ? ਜਦਕਿ 25 ਦਸੰਬਰ ਇਸਾਈਆਂ, 2 ਅਕਤੂਬਰ ਗਾਂਧੀ ਦਾ ਜਨਮ ਅਤੇ ਸਾਰੇ ਹੀ ਰਾਜਨੀਤਕ ਲੀਡਰਾਂ ਦੇ ਜਨਮ ਦਿਨ ਪੱਕੇ ਹਨ ਫਿਰ ਸਾਡੇ ਗੁਰੂ ਸਾਹਿਬਾਂ ਦੇ ਪ੍ਰਕਾਸ਼ ਦਿਹਾੜੇ ਹੀ ਕਿਉਂ ਬਦਲੀ ਹੁੰਦੇ ਹਨ? ਕੌਮ ਨੂੰ ਤਰੀਕਾਂ ਵਿਚ ਉਲਝਾਕੇ ਰੱਖਣ ਦਾ ਇਰਾਦਾ ਨੇਕ ਨਹੀਂ ਲੱਗਦਾ। ਆਓ, ਖਾਲਸੇ ਬਣੀਏ। ਗੁਰੂ ਗ੍ਰੰਥ ਸਾਹਿਬ ਜੀ ਦੇ ਅਧਾਰ ਅਤੇ ਖਾਲਸਾਈ ਜੀਵਨ ਦੀ ਸਿਰਜਣਾ ਕਰਕੇ ਖਾਲਸਾਈ ਰਿਵਾਇਤਾਂ ਧਾਰਨ ਕਰਕੇ ਗੁਰੂ ਬਖਸ਼ੇ ਚਾਨਣ ਨੂੰ ਦੁਨੀਆ ਦੇ ਅੰਧਕਾਰ ਦੇ ਵਿਨਾਸ਼ ਲਈ ਪ੍ਰਗਟ ਕਰੀਏ।

-0-

# ਗੁਰੂ ਨਾਨਕ ਜੀ ਦਾ ਕਿਰਤੀ ਸਿੱਖ

# ਭਾਈ ਲਾਲੋ ਜੀ



**ਦਿਲਜੀਤ ਸਿੰਘ 'ਬੇਦੀ'**

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਲੋਕਾਈ ਨੂੰ ਤਾਰਨ ਲਈ ਸੰਸਾਰ ਦੇ ਵੱਖ-ਵੱਖ ਪ੍ਰਚਾਰ ਦੌਰੇ ਕੀਤੇ। ਇਨ੍ਹਾਂ ਪ੍ਰਚਾਰ ਦੌਰਿਆਂ ਸਮੇਂ ਗੁਰੂ ਜੀ ਜਿਥੇ-ਜਿਥੇ ਵੀ ਗਏ ਉਥੋਂ ਦੇ ਹਾਲਾਤ ਅਨੁਸਾਰ ਆਪ ਨੇ ਮਨੁੱਖਤਾ ਨੂੰ ਉਪਦੇਸ਼ ਕੀਤਾ। ਪਹਿਲੀ ਉਦਾਸੀ ਸਮੇਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਸੈਦਪੁਰ ਪਹੁੰਚੇ। ਇਸ ਥਾਂ ਦਾ ਨਾਮ ਬਾਅਦ ਵਿਚ ਐਮਨਾਬਾਦ ਕਰਕੇ ਪ੍ਰਸਿੱਧ ਹੋਇਆ। ਪੁਰਾਤਨ ਜਨਮ ਸਾਖੀ ਭਾਈ ਬਾਲਾ ਜੀ, ਜਨਮ ਸਾਖੀ ਸ੍ਰੀ ਗੁਰੂ ਨਾਨਕੁ ਸ਼ਾਹ ਕੀ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਥ ਪ੍ਰਕਾਸ਼, ਮਹਿਮਾ ਪ੍ਰਕਾਸ਼, ਪੁਰਾਤਨ ਜਨਮ ਸਾਖੀ, ਮਹਾਨਕੋਸ਼ ਅਤੇ ਸਿੱਖ ਵਿਸ਼ਵਕੋਸ਼ ਦੇ ਕਰਤਾਵਾਂ ਨੇ ਗੁਰੂ ਨਾਨਕ ਸਾਹਿਬ ਜੀ ਤੇ ਭਾਈ ਲਾਲੋ ਜੀ ਸਬੰਧੀ ਵੱਖ-ਵੱਖ ਵੇਰਵੇ ਦਰਜ ਕੀਤੇ ਹਨ। ਸ. ਕੇਹਰ ਸਿੰਘ ਮਠਾਰੂ ਨੇ 'ਕਿਰਤੀ ਸੂਰਮੇ' ਨਾਮੀ ਗ੍ਰੰਥ ਵਿਚ ਭਾਈ ਲਾਲੋ ਜੀ ਬਾਰੇ ਚੰਗੀ ਤੇ ਭਾਵਪੂਰਤ ਜਾਣਕਾਰੀ ਦਿੱਤੀ ਹੈ।

ਸ. ਕੇਹਰ ਸਿੰਘ ਲਿਖਦਾ ਹੈ ਕਿ ਇਸ ਐਮਨਾਬਾਦ ਵਿਚ ਭਾਈ ਲਾਲੋ ਨਾਮ ਦਾ ਇਕ ਕਿਰਤੀ ਸਿੱਖ ਰਹਿੰਦਾ ਸੀ। ਭਾਈ ਲਾਲੋ ਜੀ ਬੜੇ ਸੱਚੇ-ਸੁੱਚੇ, ਧਰਮ ਦੀ ਕਿਰਤ ਕਰਨ ਵਾਲੇ, ਮਿਹਨਤੀ, ਸਾਧੂ ਸੁਭਾ ਦੇ ਮਾਲਕ ਸਨ, ਜੋ ਆਪਣੀ ਕਿਰਤ ਦੀ ਕਮਾਈ ਨੂੰ ਹਮੇਸ਼ਾ ਵੰਡ ਕੇ ਛਕਦੇ ਸਨ। ਭਾਈ ਲਾਲੋ ਜੀ ਦਾ ਜਨਮ 11 ਅੱਸੂ 1452 ਈ. ਵਿਚ ਸੈਦਪੁਰ ਸੰਡਿਆਲੀ ਜ਼ਿਲਾ ਗੁੱਜਰਾਂਵਾਲਾ (ਪਾਕਿਸਤਾਨ) ਵਿਚ ਪਿਤਾ ਭਾਈ ਜਗਤ ਰਾਮ ਦੇ ਘਰ ਮਾਤਾ ਬੀਬੀ ਖੇਮੋ ਦੀ ਕੁੱਖ ਤੋਂ ਹੋਇਆ। ਭਾਈ ਲਾਲੋ ਦੁਨੀਆਵੀ ਉਮਰ ਪੱਖੋਂ ਗੁਰੂ ਨਾਨਕ ਜੀ ਤੋਂ 17 ਕੁ ਸਾਲ ਅਤੇ ਭਾਈ ਮਰਦਾਨਾ ਜੀ ਤੋਂ 8 ਸਾਲ ਵੱਡੇ ਸਨ। ਭਾਵ ਇਹ ਦੋਵੇਂ ਸਾਥੀ ਗੁਰੂ ਨਾਨਕ ਸਾਹਿਬ ਜੀ ਤੋਂ ਵਡੇਰੀ ਉਮਰ ਦੇ ਸਨ। ਪਿੰਡ, ਕਸਬਾ ਸੈਦਪੁਰ ਸੰਡਿਆਲੀ 'ਤੇ ਬਾਬਰ ਵਲੋਂ ਜਬਰ ਜ਼ੁਲਮ ਕਰਕੇ ਜੋ ਇੰਤਹਾ ਕਤਲੇਆਮ ਕੀਤਾ ਗਿਆ, ਉਸ ਨਰਸਿੰਘਾਰ ਤਕ ਇਸ ਪਿੰਡ ਦਾ ਇਹੋ ਨਾਮ ਰਿਹਾ। ਹੰਕਾਰੀ ਰਾਜਾ ਬਾਬਰ ਨੂੰ ਜਾਬਰ ਕਹਿ ਕੇ ਵੰਗਾਰਨ ਵਾਲੇ ਬਾਬਾ ਨਾਨਕ ਹੀ ਸਨ, ਬਾਬਰ ਦਾ ਪੂਰਾ ਨਾਂ ਜ਼ਹੀਰੁਦੀਨ ਮੁਹੰਮਦ ਬਾਬਰ ਸੀ। ਇਸ ਦੀ ਮਾਤਾ ਦਾ ਨਾਂ ਕਤਲਗ ਨਿਗਾਰ ਖ਼ਾਨਮ ਸੀ, ਜਿਸ ਦਾ ਪਿਛੋਕੜ ਚੰਗੇਜ਼ ਖਾਂ ਨਾਲ ਮਿਲਦਾ ਹੈ। ਬਾਬਰ ਦਾ ਖਨਵਾਦਾ ਤੈਮੂਰ ਨਾਲ ਰਲਦਾ ਸੀ। ਉਸ ਦਾ ਬਾਪ ਮਿਰਜ਼ਾ ਉਮਰ ਸ਼ੇਖ ਸੀ। ਜਦੋਂ ਬਾਬਰ ਦਾ ਸੈਦਪੁਰ ਵੱਲ ਤੀਸਰਾ ਹਮਲਾ ਸੀ ਤਾਂ ਗੁਰੂ ਨਾਨਕ ਸਾਹਿਬ ਵੀ ਤੀਸਰੀ ਉਦਾਸੀ ਵੇਲੇ ਉਥੇ ਹੀ ਆਏ ਹੋਏ ਸਨ। 26 ਜੂਨ 1539 ਈ. ਨੂੰ ਚੌਸੇ ਦੇ ਮੈਦਾਨ ਵਿਚ ਸ਼ੇਰਸ਼ਾਹ ਸੂਰੀ ਪਾਸੋਂ ਹਮਾਯੂੰ ਦੀ ਹਾਰ ਹੋਈ। ਫਿਰ 15 ਮਈ 1540 ਈ. ਨੂੰ ਕਨੌਜ ਵਿਚ ਵੱਡੀ ਲੜਾਈ ਹੋਈ। ਉਥੇ ਵੀ ਹਮਾਯੂੰ ਹਾਰ ਗਿਆ ਤੇ ਬਚਦੀ ਫੌਜ ਲੈ ਕੇ ਪੰਜਾਬ ਵੱਲ ਭੱਜ ਨਿਕਲਿਆ। ਮਗਰ ਆਏ ਸ਼ੇਰਸ਼ਾਹ ਸੂਰੀ ਨੇ ਸੈਦਪੁਰ ਨੂੰ ਜਿੱਤ ਕੇ ਬੁਰੀ ਤਰ੍ਹਾਂ ਉਜਾੜਿਆ, ਆਪ ਵਸਾ ਕੇ ਨਾਮ ਸ਼ੇਰਗੜ੍ਹ ਰੱਖਿਆ। ਅਕਬਰ ਦੇ ਅਹਿਲਕਾਰ ਮੁਹੰਮਦ ਅਮੀਨ ਕਰੋੜੀ ਨੇ ਇਸ ਦਾ ਨਾਂ ਸ਼ੇਰਗੜ੍ਹ ਤੋਂ ਬਦਲ ਕੇ ਐਮਨਾਬਾਦ ਰੱਖਿਆ। ਇਹ ਪੱਛਮੀ ਪਾਕਿਸਤਾਨ ਵਿਚ ਗੁੱਜਰਾਂਵਾਲੇ ਸ਼ਹਿਰ ਤੋਂ ਅੱਠ ਮੀਲ ਦੀ ਵਿੱਥ 'ਤੇ ਹੈ। ਏਥੇ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਵਲੋਂ ਰੋੜਿਆਂ ਦਾ ਥੜ੍ਹਾ ਬਣਾ ਕੇ ਧਰਮ ਪ੍ਰਚਾਰ ਕਰਦੇ ਰਹੇ। ਅੱਜ ਅਸਥਾਨ ਗੁਰਦੁਆਰਾ ਰੋੜੀ ਸਾਹਿਬ, ਭਾਈ ਲਾਲੋ ਜੀ ਦੇ ਵਿਹੜੇ ਵਾਲੀ ਖੂਹੀ ਜਿਥੇ ਸੱਚੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਇਸ਼ਨਾਨ ਕਰਦੇ ਸਨ, ਉਹ ਅਸਥਾਨ ਖੂਹੀ ਸਾਹਿਬ ਬਣਿਆ ਅਤੇ ਗੁਰਦੁਆਰਾ ਚੱਕੀ ਸਾਹਿਬ ਸਭਾਏਮਾਨ ਹੈ। ਭਾਈ ਲਾਲੋ ਨੇ ਪਿੰਡ ਦੇ ਮੌਲਵੀ ਪਾਸੋਂ ਵਿੱਦਿਆ ਪ੍ਰਾਪਤ ਕੀਤੀ। ਭਾਈ ਲਾਲੋ ਜੀ ਲੱਕੜ ਦੇ ਕੰਮ ਦੇ ਮਾਹਿਰ ਕਾਰੀਗਰ ਸਨ। ਉਹ ਇਸ ਕੰਮ ਦੇ ਨਾਲ-ਨਾਲ ਹਕੀਮੀ ਵੀ ਜਾਣਦੇ ਸਨ, ਬੀਮਾਰਾਂ ਦਾ ਮੁਫਤ ਇਲਾਜ ਕਰਿਆ ਕਰਦੇ ਸਨ। ਉਸ ਸਮੇਂ ਸਮਾਜ ਅੰਦਰ ਜਾਤੀਵਾਦ ਦਾ ਕੋਹੜ ਇੰਨਾ ਭਾਰੀ ਸੀ ਕਿ ਆਪਣੇ ਆਪ ਨੂੰ ਉੱਚ ਜਾਤੀ ਦੇ ਸਮਝਣ ਵਾਲੇ ਲੋਕ ਗਰੀਬ ਲੋਕਾਂ ਦਾ ਪਰਛਾਵਾਂ ਵੀ ਬਰਦਾਸ਼ਤ ਨਹੀਂ ਸਨ ਕਰਦੇ। ਸ੍ਰੀ ਗੁਰੂ ਨਾਨਕ ਸਾਹਿਬ ਜੀ ਸਮਾਜ

**ਭਾਈ ਲਾਲੋ ਨੇ ਪਿੰਡ ਦੇ ਮੌਲਵੀ ਪਾਸੋਂ ਵਿੱਦਿਆ ਪ੍ਰਾਪਤ ਕੀਤੀ। ਭਾਈ ਲਾਲੋ ਜੀ ਲੱਕੜ ਦੇ ਕੰਮ ਦੇ ਮਾਹਿਰ ਕਾਰੀਗਰ ਸਨ। ਉਹ ਇਸ ਕੰਮ ਦੇ ਨਾਲ-ਨਾਲ ਹਕੀਮੀ ਵੀ ਜਾਣਦੇ ਸਨ, ਬੀਮਾਰਾਂ ਦਾ ਮੁਫਤ ਇਲਾਜ ਕਰਿਆ ਕਰਦੇ ਸਨ। ਉਸ ਸਮੇਂ ਸਮਾਜ ਅੰਦਰ ਜਾਤੀਵਾਦ ਦਾ ਕੋਹੜ ਇੰਨਾ ਭਾਰੀ ਸੀ ਕਿ ਆਪਣੇ ਆਪ ਨੂੰ ਉੱਚ ਜਾਤੀ ਦੇ ਸਮਝਣ ਵਾਲੇ ਲੋਕ ਗਰੀਬ ਲੋਕਾਂ ਦਾ ਪਰਛਾਵਾਂ ਵੀ ਬਰਦਾਸ਼ਤ ਨਹੀਂ ਸਨ ਕਰਦੇ। ਸ੍ਰੀ ਗੁਰੂ ਨਾਨਕ ਸਾਹਿਬ ਜੀ ਸਮਾਜ ਦੀਆਂ ਪਾਈਆਂ ਹੋਈਆਂ ਅਖੌਤੀ ਜਾਤ-ਪਾਤ ਦੀਆਂ ਵੰਡੀਆਂ ਨੂੰ ਤੋੜ ਕੇ ਭਾਈ ਲਾਲੋ ਜੀ ਦੇ ਘਰ ਆ ਠਹਿਰੇ ਹੋਏ ਸਨ। ਗੁਰੂ ਸਾਹਿਬ ਦੇ ਭਾਈ ਲਾਲੋ ਦੇ ਘਰ ਰਹਿਣ ਕਾਰਨ ਐਮਨਾਬਾਦ ਦੇ ਅਖੌਤੀ ਉੱਚ ਜਾਤੀ ਲੋਕਾਂ ਵਿਚ ਚਰਚਾ ਛਿੜੀ ਹੋਈ ਸੀ ਕਿ ਗੁਰੂ ਸਾਹਿਬ ਉੱਚੀ ਕੁਲ ਬੇਦੀਆਂ 'ਚੋਂ ਹੋ ਕੇ ਇਕ ਸ਼ੂਦਰ ਦੇ ਘਰ ਠਹਿਰੇ ਹੋਏ ਹਨ।**

ਦੀਆਂ ਪਾਈਆਂ ਹੋਈਆਂ ਅਖੌਤੀ ਜਾਤ-ਪਾਤ ਦੀਆਂ ਵੰਡੀਆਂ ਨੂੰ ਤੋੜ ਕੇ ਭਾਈ ਲਾਲੋ ਜੀ ਦੇ ਘਰ ਆ ਠਹਿਰੇ ਹੋਏ ਸਨ। ਗੁਰੂ ਸਾਹਿਬ ਦੇ ਭਾਈ ਲਾਲੋ ਦੇ ਘਰ ਰਹਿਣ ਕਾਰਨ ਐਮਨਾਬਾਦ ਦੇ ਅਖੌਤੀ ਉੱਚ ਜਾਤੀ ਲੋਕਾਂ ਵਿਚ ਚਰਚਾ ਛਿੜੀ ਹੋਈ ਸੀ ਕਿ ਗੁਰੂ ਸਾਹਿਬ ਉੱਚੀ ਕੁਲ ਬੇਦੀਆਂ 'ਚੋਂ ਹੋ ਕੇ ਇਕ ਸ਼ੂਦਰ ਦੇ ਘਰ ਠਹਿਰੇ ਹੋਏ ਹਨ।

ਐਮਨਾਬਾਦ ਵਿਚ ਹੀ ਉਥੋਂ ਦੇ ਪਠਾਨ ਫੌਜਦਾਰ ਜ਼ਾਲਮ ਖਾਂ ਦਾ ਇਕ ਹਿੰਦੂ ਅਹਿਲਕਾਰ ਮਲਕ ਭਾਗੋ ਵੀ ਰਹਿੰਦਾ ਸੀ। ਉਹ ਹੰਕਾਰੀ ਜਾਬਰ ਤੇ ਵੱਡਾ ਵੱਢੀਖੋਰ ਸੀ। ਉਹ ਲੋਕਾਂ ਦੇ ਹੱਕ ਦੀ ਕਮਾਈ ਨੂੰ ਲੁੱਟ ਰਿਹਾ ਸੀ। ਉਸ ਨੂੰ ਆਪਣੀ ਉੱਚੀ ਜਾਤ 'ਤੇ ਹੰਕਾਰ ਸੀ। ਲੋਕਾਂ ਦੀ ਕਮਾਈ 'ਤੇ ਐਸ਼ ਕਰਨ ਵਾਲਾ ਇਹ ਮਲਕ ਭਾਗੋ ਅਖੌਤੀ ਨੀਵੀਂ ਜਾਤ ਵਾਲਿਆਂ ਨਾਲ ਹਮੇਸ਼ਾਂ ਮਾੜਾ ਵਿਵਹਾਰ ਕਰਦਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਜਦ ਐਮਨਾਬਾਦ ਵਿਚ ਹੀ ਸਨ ਤਾਂ ਮਲਕ ਭਾਗੋ ਨੇ ਆਪਣੇ ਘਰ 'ਬ੍ਰਹਮ ਭੋਜ' ਰੱਖਿਆ, ਜਿਸ ਲਈ ਉਸ ਨੇ ਬ੍ਰਾਹਮਣਾਂ, ਸਾਧੂ ਸੰਤਾਂ ਦੇ ਨਾਲ ਗੁਰੂ ਸਾਹਿਬ ਨੂੰ ਵੀ ਸੱਦਾ ਭੇਜਿਆ ਪਰ ਗੁਰੂ ਜੀ ਉਸ ਦੇ ਭੋਜ 'ਤੇ ਨਾ ਆਏ। ਮਲਕ ਭਾਗੋ ਨੇ ਇਸ ਵਿਚ ਆਪਣੀ ਨਿਰਾਦਰੀ ਸਮਝਦਿਆਂ ਦੁਬਾਰਾ ਆਪਣੇ ਨੌਕਰਾਂ ਨੂੰ ਗੁਰੂ ਜੀ ਨੂੰ ਲੈਣ ਲਈ ਭੇਜਿਆ। ਜਦ ਗੁਰੂ ਜੀ ਆਏ ਤਾਂ ਮਲਕ ਭਾਗੋ ਨੇ ਗੁਰੂ ਜੀ ਨੂੰ ਭਾਈ ਲਾਲੋ ਦੇ ਘਰ ਦੀ ਰੁੱਖੀ-ਸੁੱਖੀ ਰੋਟੀ ਦੀ ਬਜਾਏ ਆਪਣੇ ਵਲੋਂ ਤਿਆਰ ਕਰਵਾਏ ਛੱਤੀ ਪ੍ਰਕਾਰ ਦੇ ਭੋਜਨ ਨਾ ਛਕਣ ਦਾ ਕਾਰਨ ਪੁੱਛਿਆ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਮਲਕ ਭਾਗੋ ਨੂੰ ਸਮਝਾਇਆ ਕਿ ਤੁਹਾਡੇ ਦੁਆਰਾ ਤਿਆਰ ਕਰਵਾਇਆ ਗਿਆ ਛੱਤੀ ਪ੍ਰਕਾਰ ਦਾ ਭੋਜਨ ਗਰੀਬ ਲੋਕਾਂ ਦੇ ਲਹੂ ਨਾਲ ਭਰਿਆ ਪਿਆ ਹੈ। ਤੁਸੀਂ ਗਰੀਬ ਤੇ ਮਿਹਨਤੀ ਲੋਕਾਂ ਦੀ ਲਹੂ-ਪਸੀਨੇ ਨਾਲ ਕੀਤੀ ਕਮਾਈ ਨੂੰ ਧੱਕੇ ਨਾਲ ਖੋਹ ਕੇ ਉਸ ਨਾਲ ਬ੍ਰਹਮ ਭੋਜ ਕਰ ਰਹੇ ਹੋ। ਪਾਪਾਂ ਰਾਹੀਂ ਇਕੱਠੀ ਕੀਤੀ ਮਾਇਆ ਨਾਲ ਜੇਕਰ ਜਗ ਲਾ ਦਈਏ ਤਾਂ ਉਹ ਹੱਕ ਦੀ ਨਹੀਂ ਹੋ ਜਾਂਦੀ। ਅਜਿਹੀ ਕਮਾਈ ਨਾਲ ਕੀਤਾ ਹੋਇਆ ਦਾਨ-ਪੁੰਨ ਪਰਮਾਤਮਾ ਦੇ ਦਰ 'ਤੇ ਪ੍ਰਵਾਨ ਨਹੀਂ ਹੋਣਾ। ਚੇਤੇ ਰੱਖ :

**ਹਕੁ ਪਰਾਇਆ ਨਾਨਕਾ**
**ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ**
**ਜਾ ਮੁਰਦਾਰੁ ਨ ਖਾਇ॥**
**ਗਲੀ ਭਿਸਤਿ ਨ ਜਾਈਐ**
**ਛੁਟੈ ਸਚੁ ਕਮਾਇ॥**

**ਐਮਨਾਬਾਦ ਵਿਚ ਭਾਈ ਲਾਲੋ ਨਾਮ ਦਾ ਇਕ ਕਿਰਤੀ ਸਿੱਖ ਰਹਿੰਦਾ ਸੀ। ਭਾਈ ਲਾਲੋ ਜੀ ਬੜੇ ਸੱਚੇ-ਸੁੱਚੇ, ਧਰਮ ਦੀ ਕਿਰਤ ਕਰਨ ਵਾਲੇ, ਮਿਹਨਤੀ, ਸਾਧੂ ਸੁਭਾ ਦੇ ਮਾਲਕ ਸਨ, ਜੋ ਆਪਣੀ ਕਿਰਤ ਦੀ ਕਮਾਈ ਨੂੰ ਹਮੇਸ਼ਾ ਵੰਡ ਕੇ ਛਕਦੇ ਸਨ। ਭਾਈ ਲਾਲੋ ਜੀ ਦਾ ਜਨਮ 11 ਅੱਸੂ 1452 ਈ. ਵਿਚ ਸੈਦਪੁਰ ਸੰਡਿਆਲੀ ਜ਼ਿਲਾ ਗੁੱਜਰਾਂਵਾਲਾ (ਪਾਕਿਸਤਾਨ) ਵਿਚ ਪਿਤਾ ਭਾਈ ਜਗਤ ਰਾਮ ਦੇ ਘਰ ਮਾਤਾ ਬੀਬੀ ਖੇਮੋ ਦੀ ਕੁੱਖ ਤੋਂ ਹੋਇਆ। ਭਾਈ ਲਾਲੋ ਦੁਨੀਆਵੀ ਉਮਰ ਪੱਖੋਂ ਗੁਰੂ ਨਾਨਕ ਜੀ ਤੋਂ 17 ਕੁ ਸਾਲ ਅਤੇ ਭਾਈ ਮਰਦਾਨਾ ਜੀ ਤੋਂ 8 ਸਾਲ ਵੱਡੇ ਸਨ। ਭਾਵ ਇਹ ਦੋਵੇਂ ਸਾਥੀ ਗੁਰੂ ਨਾਨਕ ਸਾਹਿਬ ਜੀ ਤੋਂ ਵਡੇਰੀ ਉਮਰ ਦੇ ਸਨ।**

**ਮਾਰਣ ਪਾਹਿ ਹਰਾਮ ਮਹਿ**
**ਹੋਇ ਹਲਾਲੁ ਨ ਜਾਇ॥**
**ਨਾਨਕ ਗਲੀ ਕੂੜੀਈ**
**ਕੂੜੋ ਪਲੈ ਪਾਇ॥ (141)**

ਗੁਰੂ ਜੀ ਕਹਿਣ ਲੱਗੇ ਦੂਜੇ ਪਾਸੇ ਭਾਈ ਲਾਲੋ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਾ ਪ੍ਰਭੂ ਦਾ ਭਗਤ ਹੈ ਜੋ ਆਪਣੀ ਕੀਤੀ ਹੋਈ ਨਿਰਮਲ ਕਮਾਈ ਵਿਚੋਂ ਲੋੜਵੰਦਾਂ ਨੂੰ ਵੰਡ ਕੇ ਛਕਦਾ ਹੈ। ਇਸ ਵਾਸਤੇ ਉਸ ਦੁਆਰਾ ਤਿਆਰ ਕੀਤਾ ਰੁੱਖਾ-ਸੁੱਖਾ ਭੋਜਨ ਵੀ ਦੁੱਧ ਵਾਂਗ ਨਰੋਆ, ਸੁਆਦੀ ਤੇ ਪਵਿੱਤਰ ਹੈ। ਜੇਕਰ ਤੁਸੀਂ ਉੱਚ ਜਾਤ ਦੀ ਗੱਲ ਕਰਦੇ ਹੋ ਤਾਂ ਅਸਲ ਵਿਚ ਮਨੁੱਖ ਦੁਆਰਾ ਕੀਤੇ ਕੰਮ ਹੀ ਉਸ ਦੀ ਉੱਚੀ ਜਾਂ ਨੀਵੀਂ ਜਾਤ ਦਾ ਨਿਰਣਾ ਕਰਦੇ ਹਨ। ਉੱਚੀ ਕੁਲ ਵਿਚ ਜਨਮ ਲੈ ਕੇ ਜੇਕਰ ਮਨੁੱਖ ਦੇ ਕਰਮ ਮਾੜੇ ਹਨ ਤਾਂ ਉਹ ਅਸਲ ਵਿਚ ਨੀਚ ਜਾਤ ਹੈ :

**ਜਾਤਿ ਜਨਮੁ ਨਹ ਪੂਛੀਐ**
**ਸਚ ਘਰੁ ਲੇਹੁ ਬਤਾਇ ॥**
**ਸਾ ਜਾਤਿ ਸਾ ਪਤਿ ਹੈ**
**ਜੇਹੇ ਕਰਮ ਕਮਾਇ ॥ (1330)**

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੁਆਰਾ ਕੀਤੇ ਗਏ ਅੰਮ੍ਰਿਤਮਈ ਉਪਦੇਸ਼ਾਂ ਕਾਰਨ ਮਲਕ ਭਾਗੋ ਦੀਆਂ ਅੱਖਾਂ ਖੁੱਲ੍ਹ ਗਈਆਂ। ਉਹ ਗੁਰੂ ਸਾਹਿਬ ਦੇ ਚਰਨੀਂ ਪੈ ਗਿਆ ਤੇ ਆਪਣੇ ਔਗੁਣ ਬਖਸ਼ਾਉਣ ਲਈ ਬੇਨਤੀਆਂ ਕਰਨ ਲੱਗਾ। ਮਲਕ ਭਾਗੋ ਨੇ ਪ੍ਰਣ ਕੀਤਾ ਕਿ ਉਹ ਅੱਜ ਤੋਂ ਬਾਅਦ ਕਿਸੇ ਨਾਲ ਧੱਕਾ ਜਾਂ ਵਧੀਕੀ ਨਹੀਂ ਕਰੇਗਾ, ਪਰਾਇਆ ਹੱਕ ਨਹੀਂ ਖਾਏਗਾ ਅਤੇ ਧਰਮ ਦੀ ਕਿਰਤ ਕਰੇਗਾ। ਗੁਰੂ ਜੀ ਨੇ ਮਲਕ ਭਾਗੋ ਨੂੰ ਆਪਣਾ ਸਿੱਖ ਬਣਾਇਆ। ਐਮਨਾਬਾਦ ਵਿਚ ਗੁਰੂ ਜੀ ਦੇ ਬਹੁਤ ਸਾਰੇ ਸ਼ਰਧਾਲੂ ਸਿੱਖ ਬਣ ਗਏ। ਗੁਰੂ ਜੀ ਨੇ ਭਾਈ ਲਾਲੋ ਨੂੰ ਉਥੋਂ ਦੀ ਸੰਗਤ ਦਾ ਮੁਖੀ ਪ੍ਰਚਾਰਕ ਥਾਪਿਆ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੂਜੀ ਉਦਾਸੀ ਸਮੇਂ 1517 ਈ. ਵਿਚ ਭਾਈ ਲਾਲੋ ਦੇ ਘਰ ਫਿਰ ਆਏ ਅਤੇ ਉਨ੍ਹਾਂ ਦੀ ਇਕਲੌਤੀ ਸਪੁੱਤਰੀ ਬੀਬੀ ਰੱਜੀ ਦਾ ਵਿਆਹ ਪਿੰਡ ਤਤਲੇ ਜ਼ਿਲਾ ਗੁੱਜਰਾਂਵਾਲਾ ਵਿਖੇ ਕਰਵਾਇਆ। 1521 ਈ. ਵਿਚ ਗੁਰੂ ਸਾਹਿਬ ਜਦੋਂ ਤੀਸਰੀ ਉਦਾਸੀ 'ਤੇ ਸਨ ਤਾਂ ਬਾਬਰ ਲਗਾਤਾਰ ਐਮਨਾਬਾਦ 'ਤੇ ਹਮਲੇ ਕਰ ਰਿਹਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਇਸ ਸਮੇਂ ਭਾਈ ਲਾਲੋ ਦੇ ਘਰ ਠਹਿਰੇ ਹੋਏ ਸਨ। ਗੁਰੂ ਜੀ ਨੇ ਬਾਬਰ ਦੁਆਰਾ ਜਨਤਾ ਉੱਪਰ ਕੀਤੇ ਜਾ ਰਹੇ ਜ਼ੁਲਮ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਗੁਰੂ ਸਾਹਿਬ ਨੇ ਫੁਰਮਾਇਆ :

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ ॥**
**ਪਾਪ ਕੀ ਜੰਞ ਲੈ ਕਾਬਲਹੁ ਧਾਇਆ**
**ਜੋਰੀ ਮੰਗੈ ਦਾਨੁ ਵੇ ਲਾਲੋ ॥**
**ਸਰਮੁ ਧਰਮੁ ਦੁਇ ਛਪਿ ਖਲੋਏ**
**ਕੂੜੁ ਫਿਰੈ ਪਰਧਾਨੁ ਵੇ ਲਾਲੋ ॥**
**ਕਾਜੀਆ ਬਾਮਣਾ ਕੀ ਗਲ ਥਕੀ**
**ਅਗਦੁ ਪੜੈ ਸੈਤਾਨੁ ਵੇ ਲਾਲੋ ॥**
**ਮੁਸਲਮਾਨੀਆ ਪੜਹਿ ਕਤੇਬਾ**
**ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥**
**ਜਾਤਿ ਸਨਾਤੀ ਹੋਰਿ ਹਿਦਵਾਣੀਆ**
**ਏਹਿ ਭੀ ਲੇਖੈ ਲਾਇ ਵੇ ਲਾਲੋ ॥**
**ਖੂਨ ਕੇ ਸੋਹਿਲੇ ਗਾਵੀਅਹਿ ਨਾਨਕ**
**ਰਤੁ ਕਾ ਕੁੰਗੂ ਪਾਇ ਵੇ ਲਾਲੋ ॥ (722)**

ਭਾਈ ਲਾਲੋ ਜੀ 1531 ਈ. ਵਿਚ ਪਿੰਡ ਤਤਲੇ ਵਿਖੇ ਅਕਾਲ ਚਲਾਣਾ ਕਰ ਗਏ। ਭਾਈ ਲਾਲੋ ਜੀ ਨੇ ਆਪਣਾ ਸਾਰਾ ਜੀਵਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਵਲੋਂ ਦਰਸਾਏ ਮਾਰਗ ਕਿਰਤ ਕਰੋ, ਨਾਮ ਜਪੋ ਅਤੇ ਵੰਡ ਕੇ ਛਕੋ ਦੇ ਸਿਧਾਂਤ 'ਤੇ ਚੱਲਦਿਆਂ ਬਤੀਤ ਕੀਤਾ। ਭਾਈ ਲਾਲੋ ਜੀ ਦਾ ਜੀਵਨ ਸਾਨੂੰ ਈਮਾਨਦਾਰੀ ਨਾਲ ਕਿਰਤ ਕਰਨ, ਨਾਮ ਜਪਣ ਅਤੇ ਵੰਡ ਕੇ ਛਕਣ ਦੀ ਪ੍ਰੇਰਨਾ ਦਿੰਦਾ ਹੈ।

-0-

# ਗੁਰਦੁਆਰਿਆਂ ਵਿੱਚ ਕਰਮ-ਕਾਂਡ

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼ ਦੇ ਪੰਨਾ 416 'ਤੇ ਗੁਰਦੁਆਰਾ ਦੇ ਸਿਰਲੇਖ ਹੇਠ ਗੁਰਦੁਆਰਾ ਸਾਹਿਬ ਦੀ ਵਿਆਖਿਆ ਲਿਖਦੇ ਹਨ, "ਗੁਰਦੁਆਰਾ-ਗੁਰੂ ਦੀ ਮਾਰਫ਼ਤ, ਗੁਰੂ ਦੇ ਜ਼ਰੀਏ। ਗੁਰਦੁਆਰਾ- ਗੁਰੂ ਦਾ ਘਰ, ਸਿੱਖਾਂ ਦਾ ਧਰਮ ਮੰਦਰ; ਉਹ ਅਸਥਾਨ, ਜਿਸ ਨੂੰ ਦਸ ਸਤਿਗੁਰਾਂ ਵਿਚੋਂ ਕਿਸੇ ਨੇ ਧਰਮ ਪ੍ਰਚਾਰ ਲਈ ਬਣਾਇਆ ਅਥਵਾ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਗੁਰੂ ਅਰਜਨ ਸਾਹਿਬ ਜੀ ਤਕ ਸਿੱਖਾਂ ਦੇ ਧਰਮ ਮੰਦਰ ਦਾ ਨਾਮ ਧਰਮਸਾਲਾ ਰਿਹਾ ਹੈ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸਭ ਤੋਂ ਪਹਿਲਾਂ, ਅੰਮ੍ਰਿਤ ਸਰੋਵਰ ਦੇ ਧਰਮ ਮੰਦਰ ਦੀ ਹਰਿਮੰਦਰ ਸੰਗਯਾ ਥਾਪੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਧਰਮਸਾਲਾ ਦਾ ਨਾਮ ਗੁਰਦੁਆਰਾ ਪੈ ਗਿਆ।"

ਭਾਈ ਸਾਹਿਬ ਜੀ ਗੁਰਦੁਆਰਾ ਦੇ ਸਿਰਲੇਖ ਹੇਠ ਹੀ ਅੱਗੇ ਲਿਖਦੇ ਹਨ, "ਸਿੱਖਾਂ ਦਾ ਗੁਰਦੁਆਰਾ, ਵਿਦਿਆਰਥੀਆਂ ਲਈ ਸਕੂਲ, ਆਤਮਿਕ ਜਗਿਆਸਾ ਵਾਲਿਆਂ ਲਈ ਗਯਾਨ, ਉਪਦੇਸ਼ਕ ਤੇ ਅਚਾਰੀਆ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤਰੀ ਜਾਤਿ ਦੀ ਪਤ ਰੱਖਣ ਲਈ ਲੋਹ-ਮਈ ਦੁਰਗ ਅਤੇ ਮੁਸਾਫ਼ਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ।"

ਸਤਿਗੁਰਾਂ ਦੇ ਵੇਲੇ ਅਤੇ ਬੁੱਢੇ ਦਲ ਦੇ ਸਮੇਂ ਗੁਰਦੁਆਰਿਆਂ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਸੀ। ਗੁਰਦੁਆਰੀਆ ਉਹ ਹੋਇਆ ਕਰਦਾ ਸੀ ਜੋ ਵਿਦਵਾਨ, ਗੁਰਮਤਿ ਵਿੱਚ ਪੱਕਾ ਅਤੇ ਉੱਚੇ ਆਚਰਣ ਵਾਲਾ ਹੁੰਦਾ ਸੀ। ਜ਼ਮਾਨੇ ਦੀ ਗਰਦਿਸ਼ ਨੇ ਮਹਾਰਾਣਾ ਰਣਜੀਤ ਸਿੰਘ ਵੇਲੇ ਡੋਗਰਿਆਂ ਦੀ ਪ੍ਰਧਾਨਗੀ ਵਿੱਚ ਮੁੱਖ ਗੁਰਦੁਆਰਿਆਂ ਦਾ ਪ੍ਰਬੰਧ ਸਾਰਾ ਉਲਟ ਪੁਲਟ ਕਰ ਦਿੱਤਾ, ਜਿਸ ਦਾ ਅਸਰ ਦੇਸ਼ ਦੇ ਗੁਰਦੁਆਰਿਆਂ 'ਤੇ ਭੀ ਹੌਲੀ ਹੌਲੀ ਹੋਇਆ। ਕੌਮ ਵਿਚੋਂ ਜਿਉਂ ਜਿਉਂ ਗੁਰਮਤਿ ਦਾ ਪ੍ਰਚਾਰ ਵੀ ਲੋਪ ਹੁੰਦਾ ਗਿਆ। ਗੁਰਦੁਆਰਿਆਂ ਦੀ ਮਰਿਯਾਦਾ ਏਨੀ ਵਿਗੜ ਗਈ, ਏਨੀ ਦੁਰਦਸ਼ਾ ਹੋਈ, ਸਿੱਖ ਗੁਰਦੁਆਰੇ ਕੇਵਲ ਕਹਿਣ ਨੂੰ ਗੁਰਧਾਮ ਰਹਿ ਗਏ।

ਭਾਈ ਸਾਹਿਬ ਜੀ ਅੱਗੇ ਲਿਖਦੇ ਹਨ- ਗੁਰਦੁਆਰਿਆਂ ਦੇ ਸੇਵਕਾਂ ਨੇ ਗੁਰਦੁਆਰਿਆਂ ਦੀ ਜਾਇਦਾਦ ਨੂੰ ਆਪਣੀ ਘਰੋਗੀ ਜਾਇਦਾਦ ਬਣਾ ਲਿਆ। ਪਵਿੱਤਰ ਅਸਥਾਨਾਂ 'ਤੇ ਅਪਵਿੱਤਰ ਕੰਮ ਹੋਣ ਲੱਗ ਪਏ, ਜਿਨ੍ਹਾਂ ਦਾ ਜ਼ਿਕਰ ਕਰਨ ਨਾਲ ਲੱਜਾ ਆਉਂਦੀ ਹੈ। ਸਮੇਂ ਦੇ ਗੇੜ ਨਾਲ ਜਦ ਹਿੰਦੁਸਤਾਨ ਦੇ ਅਨੇਕ ਮੱਤਾਂ ਦੇ ਲੋਕਾਂ ਨੇ ਆਪਣੇ ਆਪਣੇ ਸਮਾਜ ਅਤੇ ਧਰਮ ਸੁਧਾਰ ਲਈ ਜਥੇ ਬਣਾਏ ਤਾਂ ਸਿੱਖਾਂ ਨੂੰ ਵੀ ਹੋਸ਼ ਆਈ, ਉਨ੍ਹਾਂ ਨੇ ਸਿੰਘ ਸਭਾਵਾਂ ਅਰ ਖ਼ਾਲਸਾ ਦੀਵਾਨ ਬਣਾ ਕੇ ਧਰਮ ਅਤੇ ਸਮਾਜ ਦਾ ਸੁਧਾਰ ਕਰਨਾ ਆਰੰਭਿਆ। ਇਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਹ ਕੰਮ ਨਿਭਾਈ ਜਾਂਦੀ ਹੈ। ਇਹ ਭੀ ਇਸੇ ਹੀ ਯਤਨ ਦਾ ਫਲ ਹੈ।

ਗੁਰਦੁਆਰੇ ਬਾਹਰੋਂ ਦੇਖਿਆਂ ਬਹੁਤ ਖ਼ੂਬਸੂਰਤ ਲੱਗਦੇ ਹਨ। ਮਹਿੰਗੇ ਤੋਂ ਮਹਿੰਗਾ ਮਾਰਬਲ ਲੱਗਿਆ ਹੋਇਆ ਦਿਸੇਗਾ। ਸਪੀਕਰਾਂ ਦੀ ਆਵਾਜ਼ ਵੀ ਬਹੁਤ ਉੱਚੀ ਹੋਏਗੀ ਪਰ ਇਹ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਚੰਦ ਗੁਰਦੁਆਰਿਆਂ ਨੂੰ ਛੱਡ ਕੇ ਬਹੁਤੀ ਥਾਈਂ ਸਿੱਖੀ ਸਿਧਾਂਤ ਦੀ ਕੋਈ ਗੱਲ ਨਹੀਂ ਰਹੀ ਬਲਕਿ




ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725


ਗੁਰਬਾਣੀ ਦਾ ਓਟ ਆਸਰਾ ਲੈ ਕੇ ਬ੍ਰਾਹਮਣੀ ਮੱਤ ਦੇ ਕਰਮ-ਕਾਂਡ ਨਿਭਾਏ ਜਾ ਰਹੇ ਹਨ। ਕੇਵਲ ਨਾਂ ਦੇ ਗੁਰਦੁਆਰੇ ਹਨ। ਗੁਰੂ ਗ੍ਰੰਥ ਦੀ ਮੌਤ ਦੇ ਉਲਟ ਗੁਰਦੁਆਰਿਆਂ ਦੀਆਂ ਵੰਡੀਆਂ ਪਾ ਲਈਆਂ ਹਨ। ਧਰਮ ਨਾਲੋਂ ਜਾਤ-ਬਰਾਦਰੀ ਦੇ ਧੜੇ ਨੂੰ ਪਹਿਲ ਦਿੱਤੀ ਜਾ ਰਹੀ ਹੈ। ਇਸ ਦਾ ਨਤੀਜਾ ਬੜਾ ਘਾਤਕ ਨਿਕਲਿਆ ਹੈ। ਜਦ ਗੁਰਦੁਆਰਿਆਂ ਦੀ ਵੰਡ ਹੋ ਗਈ ਤਾਂ ਸਿੱਖੀ ਵੀ ਆਪਸ ਵਿੱਚ ਵੰਡੀ ਗਈ। ਗੁਰਦੁਆਰਿਆਂ ਦੀ ਪ੍ਰੀਭਾਸ਼ਾ ਠਾਠ ਤੇ ਡੇਰਾਵਾਦ ਵਿਚ ਤਬਦੀਲ ਹੋ ਗਈ ਹੈ। ਰਾਮਦਾਸੀਏ, ਭਾਟ, ਲਬਾਣਾ, ਰਾਮਗੜ੍ਹੀਏ ਗੁਰਦੁਆਰੇ ਪਹਿਲਾਂ ਹੀ ਹੋਂਦ ਵਿਚ ਆ ਚੁੱਕੇ ਹਨ। ਸਿੱਖੀ ਸਿਧਾਂਤ ਨੂੰ ਸਮਝਣ ਵਿਚ ਖੜੋਤ ਆ ਗਈ ਹੈ। ਸਿੱਖ ਧਰਮ ਦਾ ਇਹ ਦੁਖਾਂਤ ਹੈ ਕਿ ਗੁਰਦੁਆਰਿਆਂ ਦੀ ਗਿਣਤੀ ਦਿਨ-ਬਦਿਨ ਵਧ ਰਹੀ ਹੈ। ਨਾਲ ਪਤਿਤਪੁਣੇ ਤੇ ਨਸ਼ਿਆਂ ਦੀ ਲਹਿਰ ਵੀ ਦਿਨ-ਬਦਿਨ ਵਧ ਰਹੀ ਹੈ। ਇਸ ਦਾ ਸਾਫ਼, ਇੱਕੋ ਇਕ ਉੱਤਰ ਹੈ ਕਿ ਗੁਰਦੁਆਰਿਆਂ ਵਿਚੋਂ ਗੁਰਮਤਿ ਦੀ ਸਹੀ ਰੌਸ਼ਨੀ ਨਹੀਂ ਮਿਲੀ, ਗੁਰਦੁਆਰਿਆਂ ਵਿਚ ਸਿਧਾਂਤਿਕ ਸ਼ਬਦ ਦੀ ਸਿਧਾਂਤਿਕ ਵੀਚਾਰ ਨਹੀਂ ਹੋਈ, ਗੁਰਮਤਿ ਪ੍ਰਚਾਰ ਤੋਂ ਵਾਂਝੇ ਹੋ ਗਏ। ਇਸ ਦਾ ਨਤੀਜਾ, ਨੌਜਵਾਨ ਪੀੜ੍ਹੀ ਤਮਾਕੂ, ਜ਼ਰਦਿਆਂ, ਪਾਨ, ਬੀੜੀਆਂ ਤੇ ਸ਼ਰਾਬ ਵੱਲ ਹੋ ਨਿਕਲੀ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣ ਦੇ ਨਾਤੇ ਵੀ ਗੁਰਮਤਿ ਪ੍ਰਚਾਰ ਨਹੀਂ ਹੋ ਸਕਿਆ। 1873 ਈ: ਨੂੰ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀ ਈਸਾਈ ਬਣਨ ਲਈ ਤਿਆਰ ਹੋਏ ਸਨ ਤਾਂ ਗੁਰਮਤਿ ਚਿੰਤਕ ਹਿਰਦਿਆਂ ਨੇ ਉਨ੍ਹਾਂ ਨੌਜਵਾਨਾਂ ਤਕ ਪਹੁੰਚ ਕੀਤੀ ਤੇ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਸਮਝਾਈ, ਉਨ੍ਹਾਂ ਨੇ ਆਪਣਾ ਖ਼ਿਆਲ ਬਦਲ ਲਿਆ। ਅੱਜ ਜਮਾਤਾਂ ਦੀਆਂ ਜਮਾਤਾਂ ਪਤਿਤ ਹੋ ਰਹੀਆਂ ਹਨ, ਕਦੇ ਵੀ ਕਿਸੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਨਹੀਂ ਕੀਤਾ। ਨਾ ਸਿੱਖਾਂ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਅਤੇ ਨਾ ਹੀ ਸਾਡੇ ਸਤਿਕਾਰ ਯੋਗ ਜਥੇਦਾਰਾਂ ਨੇ ਚਿੰਤਤ ਹੋਣ ਦੀ ਲੋੜ ਸਮਝੀ। ਆਪਣਾ ਉੱਲੂ ਸਿੱਧਾ ਹੋਣਾ ਚਾਹੀਦਾ ਹੈ, ਸਿੱਖੀ ਜਿਧਰ ਜਾਂਦੀ ਹੈ ਜਾਏ, ਕੋਈ ਪ੍ਰਵਾਹ ਨਹੀਂ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਹੈ, ਗੁਰਦੁਆਰਿਆਂ ਨੇ ਸਿੱਖੀ ਪ੍ਰਚਾਰ ਵਿਚ ਅਹਿਮ ਭੂਮਿਕਾ ਨਿਭਾਈ ਹੈ। ਮੌਜੂਦਾ ਗੁਰਦੁਆਰਿਆਂ ਦੀ ਜੋ ਸਥਿਤੀ ਹੈ, ਇਹ ਬ੍ਰਾਹਮਣੀ ਕਰਮ-ਕਾਂਡ ਵੱਲ ਨੂੰ ਵਧ ਰਹੀ ਹੈ। ਵਧ ਰਹੇ ਗੁਰਦੁਆਰਿਆਂ ਦੇ ਰੁਝਾਨ ਨੇ ਸਿੱਖੀ ਨੂੰ ਆਪਣੇ ਢੰਗ ਨਾਲ ਢਾਹ ਲਾਈ ਹੈ। ਇਕ ਮੁਹੱਲੇ ਵਿਚ ਤਿੰਨ ਤਿੰਨ ਗੁਰਦੁਆਰੇ ਦੇਖੇ ਜਾ ਸਕਦੇ ਹਨ। ਹਰ ਪਿੰਡ ਵਿਚ ਪੱਤੀਆਂ ਦੇ ਹਿਸਾਬ ਨਾਲ ਗੁਰਦੁਆਰੇ ਬਣਾਏ ਜਾ ਰਹੇ ਹਨ। ਕੌਮ ਦੇ ਪਾਸ ਇਤਨੇ ਸਿਖਾਂਦਰੂ ਗ੍ਰੰਥੀ ਪਰਚਾਰਕ ਨਹੀਂ ਹਨ ਜੋ ਗੁਰਦੁਆਰੇ ਨੂੰ ਮਿਲ ਸਕਣ। ਧੱਕੇ-ਧੋੜੇ ਨਾਲ ਆਪੂੰ ਬਣੇ ਪ੍ਰਬੰਧਕ ਗੁਰਮਤਿ ਸਿਧਾਂਤ ਤੋਂ ਕੋਰੇ ਹਨ। ਇਕ ਗੁਰਦੁਆਰਾ ਸਾਹਿਬ ਵਿਚ ਗੁਰਮਤਿ ਵੀਚਾਰ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਸਕੱਤਰ ਹੁਰਾਂ ਬੜੇ ਫ਼ਖ਼ਰ ਨਾਲ ਕਿਹਾ ਕਿ ਮੇਰੀ ਸਾਰੀ ਕਮੇਟੀ ਅੰਮ੍ਰਿਤਧਾਰੀ ਹੈ, ਮੈਨੂੰ ਬਹੁਤ ਖ਼ੁਸ਼ੀ ਹੋਈ, ਚਲੋ ਕੋਈ ਪ੍ਰਬੰਧਕ ਤਾਂ ਮਿਲੇ ਜੋ ਅੰਮ੍ਰਿਤਧਾਰੀ ਹਨ। ਚਾਰ ਦਿਨਾਂ ਦੀ ਵੀਚਾਰ ਸੁਣਨ ਉਪਰੰਤ ਉਨ੍ਹਾਂ ਪ੍ਰਬੰਧਕਾਂ ਨੇ ਮੈਨੂੰ ਕਿਹਾ ਕਿ ਗਿਆਨੀ ਜੀ !

ਸ਼ਨਿਚਰ ਮੰਗਲ ਦੀ ਗੱਲ ਨਾ ਕਰਿਆ ਜੇ,

ਕਿਉਂਕਿ ਸੰਗਤ ਫਿਰ ਦੂਸਰੇ ਗੁਰਦੁਆਰੇ ਜਾਣ ਲੱਗ ਪਏਗੀ। ਆਪ ਹੀ ਸੇਵਾਦਾਰਾਂ ਨੂੰ ਹੁਕਮ ਕਰ ਰਹੇ ਸੀ ਕਿ ਸਵੇਰੇ ਸ਼ਨਿਚਰਵਾਰ ਹੈ, ਇਸ ਲਈ ਲੰਗਰ ਵਿਚ ਕਾਲੇ ਛੋਲੇ ਤੇ ਮਾਂਹ ਦੀ ਦਾਲ ਬਣਾਈ ਜਾਏ। ਹਾਲਾਂ ਕਿ ਅੰਮ੍ਰਿਤ ਸਭ ਨੇ ਛਕਿਆ ਹੈ, ਇਸ ਦਾ ਸਾਫ਼ ਇਕ ਹੀ ਉੱਤਰ ਹੈ ਕਿ ਗੁਰਮਤਿ ਸਿਧਾਂਤਾਂ ਦੀ ਸੋਝੀ ਨਹੀਂ ਹੈ। ਇਹ ਗੁਰਦੁਆਰੇ ਪ੍ਰਭਾਤ ਫੇਰੀਆਂ ਤਕ ਹੀ ਸੀਮਤ ਹੋ ਕੇ ਰਹਿ ਗਏ ਹਨ। ਅੰਮ੍ਰਿਤ ਅਸਾਂ ਜ਼ਰੂਰ ਛਕਿਆ ਹੈ ਪਰ ਬ੍ਰਾਹਮਣੀ ਕਰਮ-ਕਾਂਡ ਅਸੀਂ ਛੱਡਿਆ ਨਹੀਂ ਹੈ। ਗੁਰੂ ਨਾਨਕ ਦੇ ਨਿਰਮਲ ਪੰਥ ਦੀ ਸੋਝੀ ਨਹੀਂ ਆ ਸਕੀ। ਗੁਰਦੁਆਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੋਚ ਦੇ ਪ੍ਰਤੀਕ ਸਨ ਪਰ ਅਜੇਹਾ ਨਹੀਂ ਹੋ ਸਕਿਆ। ਸਨਾਤਨੀ ਰੀਤੀ-ਰਿਵਾਜ ਸਾਡਿਆਂ ਘਰਾਂ ਵਿਚ ਆ ਗਏ ਹਨ।

ਗੁਰਦੁਆਰਿਆਂ ਵਿਚ ਸਿੱਖੀ ਪ੍ਰਚਾਰ ਵੱਲ ਘੱਟ ਖ਼ਿਆਲ ਗਿਆ ਹੈ ਪਰ ਬੇਲੋੜੀਆਂ ਰਸਮਾਂ-ਰਿਵਾਜਾਂ ਵੱਲ ਸਾਡੀ ਤਵੱਜੋ ਜ਼ਿਆਦਾ ਹੋ ਗਈ ਹੈ। ਇਕ ਨਵੀਂ ਸੋਚ ਉਭਰ ਕੇ ਸਾਡੇ ਸਾਹਮਣੇ ਆਈ ਹੈ। ਉਹ ਹੈ ਗੁਰੂ ਗ੍ਰੰਥ ਸਾਹਿਬਜੀ ਦੀ ਪੂਜਾ-ਸਿੱਖੀ ਵਿਧਾਨ ਵਿਚ ਪੂਜਾ ਅਕਾਲ ਦੀ, ਪਰਚਾ ਸ਼ਬਦ ਦਾ ਤੇ ਦੀਦਾਰ ਖ਼ਾਲਸੇ ਦਾ ਹੈ। ਅਕਾਲ ਦੀ ਪੂਜਾ ਦਾ ਅਰਥ ਹੈ ਰੱਬੀ ਗੁਣਾਂ ਨੂੰ ਆਪਣੇ ਜੀਵਨ ਵਿਚ ਢਾਲਣਾ। ਪਰਚਾ ਸ਼ਬਦ ਦਾ ਅਰਥ ਹੈ ਗੁਰਬਾਣੀ ਪਾਠ ਅਰਥ-ਬੋਧ ਨੂੰ ਸਮਝਣ ਦੀ ਸੂਝ ਪੈਦਾ ਕਰਨੀ। ਦੀਦਾਰ ਖ਼ਾਲਸੇ ਦਾ ਅਰਥ ਸੰਗਤ ਵਿਚ ਨਿਤਾ-ਪ੍ਰਤੀ ਆਉਣਾ, ਅੰਮ੍ਰਿਤ ਛਕਣਾ। ਜਿਸ ਤਰ੍ਹਾਂ ਮੰਦਰਾਂ ਵਿੱਚ ਮੂਰਤੀਆਂ ਰੱਖੀਆਂ ਹਨ, ਏਸੇ ਹੀ ਤਰਜ਼ 'ਤੇ ਅੱਜ ਗੁਰਦੁਆਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਤਰ੍ਹਾਂ ਤਰ੍ਹਾਂ ਦੀਆਂ ਮੂਰਤੀਆਂ, ਪਲਾਸਟਿਕ ਫੁਲਾਂ ਦੇ ਗੁਲਦਸਤੇ ਰੱਖੇ ਹੋਏ ਹਨ। ਰੰਗ-ਬਰੰਗੀਆਂ ਲਾਈਟਾਂ ਫਿੱਟ ਕੀਤੀਆਂ ਹੋਈਆਂ ਮਿਲਣਗੀਆਂ। ਜੁਲਾਈ 2001 ਨੂੰ ਇਕ ਇਤਿਹਾਸਕ ਗੁਰਦੁਆਰੇ ਜਾਣ ਦਾ ਅਵਸਰ ਮਿਲਿਆ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ 22 ਵੱਡੇ ਛੋਟੇ ਘੋੜੇ ਸਜਾਏ ਹੋਏ ਸਨ, 24 ਪਲਾਸਟਿਕ ਫੁੱਲਾਂ ਦੇ ਗੁਲਦਸਤੇ, ਇਕ ਝਾੜੀਆਂ ਦਾ ਝਲਕਾਰਾ ਪਾ ਰਹੇ ਸਨ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਬਿਲਕੁਲ ਪਿੱਛੇ ਕੀਤਾ ਹੋਇਆ ਸੀ। ਗੁਰਦੁਆਰਾ ਮੈਨੇਜਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਕੀ ਫ਼ਰਕ ਪੈਂਦਾ ਹੈ ? ਇਹ ਘੋੜੇ ਸਿੱਖੀ ਦਾ ਪ੍ਰਤੀਕ ਹਨ। ਦੂਸਰੀ ਗੱਲ ਤੁਸੀਂ ਸ਼੍ਰੋਮਣੀ ਕਮੇਟੀ ਨੂੰ ਲਿਖੋ, ਇਹ ਸੁਧਾਰ ਤਾਂ ਹੋ ਸਕਦਾ ਹੈ, ਅਸੀਂ ਕੁਝ ਨਹੀਂ ਕਰ ਸਕਦੇ। ਇਹ ਹਾਲ ਹੈ ਇਤਿਹਾਸਕ ਗੁਰਦੁਆਰਿਆਂ ਦਾ। ਇੱਕ ਗੁਰਦੁਆਰਾ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਸੰਤ ਬਾਬਿਆਂ ਦੀਆਂ ਮੂਰਤਾਂ, ਨਸੀਹਤਨਾਮਾ, ਮੋਰ, ਘੋੜੇ, ਹੋਰ ਪਤਾ ਨਹੀਂ ਕੀ ਕੁਝ ਰੱਖਿਆ ਹੋਇਆ ਸੀ। ਵੀਚਾਰ ਕੀਤੀ ਤਾਂ ਪ੍ਰਬੰਧਕ ਕਹਿਣ ਲੱਗੇ ਕਿ ਕੀ ਫ਼ਰਕ ਪੈਂਦਾ ਹੈ, ਜੇਕਰ ਅੱਜ ਇਤਨਾ ਕੁਝ ਹੋ ਰਿਹਾ ਹੈ ਤਾਂ ਆਉਣ ਵਾਲੇ ਸਮੇਂ ਵਿਚ ਅਸੀਂ ਮੂਰਤੀਆਂ ਵੀ ਰੱਖਣ ਤੋਂ ਗੁਰੇਜ਼ ਨਹੀਂ ਕਰਾਂਗੇ। ਮੂਰਤੀਆਂ ਹੋਣਗੀਆਂ ਮਨੋ- ਕਲੋਪਿਤ।

ਜਿਸ ਤਰ੍ਹਾਂ ਸਟੇਜ 'ਤੇ ਨਾਟਕ ਖੇਡਣਾ ਹੋਵੇ ਤਾਂ ਕਈ ਪ੍ਰਕਾਰ ਦੀ ਚਮਕ ਦਮਕ ਵਾਲੀ ਸਜਾਵਟ ਕੀਤੀ ਜਾਂਦੀ ਹੈ। ਏਸੇ ਤਰ੍ਹਾਂ ਹੀ ਹਲਕੀ ਕਿਸਮ ਦੀ ਗੁਰਦੁਆਰਿਆਂ ਵਿਚ ਸਜਾਵਟ ਕੀਤੀ ਜਾ ਰਹੀ ਹੈ—ਗੁਰਦੁਆਰੇ ਸਾਡੇ ਡਰਾਇੰਗ ਰੂਮ ਨਹੀਂ ਹਨ, ਇਹ ਰੂਹ ਦੀ ਖ਼ੁਰਾਕ ਦੇ ਸੋਮੇ ਹਨ। ਸਿੱਖੀ ਸਿਧਾਂਤ ਦੇ ਸਕੂਲ ਹਨ ਪਰ ਅਸੀਂ ਹਲਕੀ ਕਿਸਮ ਦੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸਜਾਵਟ ਕਰ ਕੇ ਰੰਗ-ਤਮਾਸ਼ਿਆਂ ਦਾ ਰੂਪ ਪੇਸ਼ ਕਰ ਰਹੇ ਹਾਂ। ਸਿਖ ਰਹਿਤ ਮਰਿਯਾਦਾ ਵਿਚ ਲਿਖਿਆ ਹੈ—ਗੁਰਦੁਆਰੇ ਦਾ ਅਸਥਾਨ ਸਾਫ਼ ਸੁਥਰਾ ਹੋਵੇ।

ਹਾਂ, ਸਥਾਨ ਨੂੰ ਸੁਗੰਧਿਤ ਕਰਨ ਲਈ ਫੁੱਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਿਤ ਨਹੀਂ। ਕਮਰੇ ਅੰਦਰ ਰੌਸ਼ਨੀ ਲਈ ਤੇਲ, ਘੀ ਜਾਂ ਮੋਮਬੱਤੀ, ਬਿਜਲੀ ਲੈਂਪ ਆਦਿ ਜਗਾ ਲੈਣੇ ਚਾਹੀਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਅੱਗੇ ਤਰ੍ਹਾਂ ਤਰ੍ਹਾਂ ਦਾ ਸਾਜੋ-ਸਾਮਾਨ ਆਪੋ-ਆਪਣੀ ਮੱਤ ਅਨੁਸਾਰ ਇਕੱਠਾ ਕਰੀ ਜਾ ਰਹੇ ਹਾਂ। ਸ਼ਬਦ ਦੀ ਵੀਚਾਰ ਛੱਡਦੇ ਜਾ ਰਹੇ ਹਾਂ। ਗੁਰਦੁਆਰਾ ਹਾਲ ਵਿਚ ਲਾਈਟ ਦਾ ਸੁੰਦਰ ਪ੍ਰਬੰਧ ਹੋਵੇ, ਪਰ ਰੰਗ-ਬਰੰਗੇ ਬਲਬ ਨਹੀਂ ਚਾਹੀਦੇ, ਸੰਗਤ ਦੇ ਬੈਠਣ ਲਈ ਸੋਹਣਾ ਮੈਟ ਦਰੀਆਂ ਵਿਛੀਆਂ ਹੋਣ। ਸਾਊਂਡ ਸਿਸਟਮ ਵਧੀਆ ਹੋਵੇ।ਗੁਰਦੁਆਰਿਆਂ ਅੰਦਰ ਗੁਰਪੁਰਬਾਂ ਦੇ ਪ੍ਰੋਗਰਾਮ ਉਲੀਕੇ ਜਾਣ, ਬੋਲਣ ਵਾਲਿਆਂ ਨੂੰ ਵਿਸ਼ੇ ਦਿੱਤੇ ਜਾਣ, ਸ਼ਬਦ ਪ੍ਰਿੰਟ ਕਰਵਾ ਕੇ ਸੰਗਤਾਂ ਰਲ ਕੇ ਕੀਰਤਨ ਕਰਨ। ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਿਆਈ ਦਿਵਸ ਵੱਡੀ ਪੱਧਰ ਭਾਵ ਕੌਮਾਂਤਰੀ ਪੱਧਰ 'ਤੇ ਮਨਾਇਆ ਜਾਏ। ਗੁਰੂ ਨਾਨਕ ਪਾਤਸ਼ਾਹ ਦੇ ਪੁਰਬ 'ਤੇ ਮੁੜ ਮੁੜ ਕੇ ਦੋ ਚਾਰ ਗੱਲਾਂ ਹੀ ਦੁਹਰਾਈਆਂ ਜਾਂਦੀਆਂ ਹਨ। ਆਸਾ ਦੀ ਵਾਰ ਦੇ ਕੀਰਤਨ ਵਿਚ "ਸਤਿਗੁਰ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ" ਉਪਰੰਤ ਇਸਤਰੀ ਸਤਿਸੰਗ ਜਥੇ ਨੂੰ ਸਮਾਂ ਮਿਲਿਆ, ਉਨ੍ਹਾਂ ਵੀ ਏਸੇ ਹੀ ਪਉੜੀ ਨੂੰ ਪੜ੍ਹਿਆ "ਮਿਟੀ ਧੁੰਧੁ ਜਗਿ ਚਾਨਣੁ ਹੋਆ"। ਉਚੇਚੇ ਤੋਰ 'ਤੇ ਰਾਗੀ ਜੱਥੇ ਬੁਲਾਏ, ਸੋਹਣੀ ਭੇਟਾ ਦਿੱਤੀ, ਸ਼ਬਦ ਪੜ੍ਹਿਆ "ਮਿਟੀ ਧੁੰਧੁ ਜਗਿ ਚਾਨਣੁ ਹੋਆ"। ਉਪਰੰਤ ਆਟੇ ਦਾਲ ਦੀ ਗਿਣਤੀ ਹੋਈ, ਆਪਣਾ ਆਪ ਜਿਤਾਇਆ, ਗੁਰਪੁਰਬ ਮਨਾਇਆ-ਅਖ਼ਬਾਰਾਂ ਵਿਚ ਫੋਟੋਆਂ ਆ ਗਈਆਂ। ਵਾਹ ਖ਼ਾਲਸਾ ਜੀ ਵਾਹ, ਗੁਰਪੁਰਬ ਮਨਾਇਆ ਗਿਆ।

ਪੰਥ ਪ੍ਰਵਾਨਿਤ ਰਹਿਤ ਮਰਿਯਾਦਾ ਵਿਚ ਲਿਖਿਆ ਹੈ—ਕੀਰਤਨ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੇ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਵਿਆਖਿਆ ਸਰੂਪ ਬਾਣੀ ਦਾ ਹੋ ਸਕਦਾ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ 'ਤੇ ਸਾਡੇ ਗੁਰਦੁਆਰੇ 'ਤਹੀ ਪ੍ਰਕਾਸ ਹਮਾਰਾ ਭਯੋ' ਤੋਂ ਅੱਗੇ ਜਾਣ ਲਈ ਤਿਆਰ ਨਹੀਂ, ਵਿਸਾਖੀ ਪੁਰਬ 'ਤੇ 'ਗੁਰ ਸਿਮਰ ਮਨਾਈ ਕਾਲਕਾ' ਪੜ੍ਹਿਆ ਤੇ ਖ਼ਾਲਸੇ ਦਾ ਪ੍ਰਗਟ ਪੁਰਬ ਮਨਾਇਆ ਗਿਆ। ਕੀ ਇਹ ਸਾਡੇ ਗੁਰਦੁਆਰਿਆਂ ਵਿਚ ਪੁਰਬ ਮਨਾਉਣ ਦੇ ਢੰਗ ਤਰੀਕੇ ਠੀਕ ਹਨ ? ਅਸੀਂ ਕਦੋਂ ਗੰਭੀਰਤਾ ਨਾਲ ਸੋਚਿਆ ਹੈ ? ਅਸੀਂ ਕੀ ਕਰ ਰਹੇ ਹਾਂ ? ਅਸੀਂ ਹੁਣ ਗੁਰਪੁਰਬਾਂ ਨੂੰ ਵੀ ਪਿੱਛੇ ਛੱਡ ਗਏ ਹਾਂ । ਆਪਣੇ ਆਪਣੇ ਬਾਬਿਆਂ ਦੀਆਂ, ਸੰਤਾਂ ਦੀਆਂ ਤੇ ਵੱਡੇ ਮਹਾਰਾਜ ਦੀਆਂ ਬਰਸੀਆਂ ਮਨਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਜਿਸ ਤਰ੍ਹਾਂ ਗੁਰੂਆਂ ਦੇ ਆਗਮਨ ਪੁਰਬ ਮਨਾਉਂਦੇ ਹਾਂ, ਉਸੇ ਹੀ ਤਰਜ਼ 'ਤੇ ਸਾਧਾਂ ਦੇ ਜਨਮ-ਦਿਹਾੜੇ ਮਨਾਉਣ ਲੱਗ ਪਏ ਹਾਂ। ਗੁਰਦੁਆਰੇ ਅਸੀਂ ਜ਼ਰੂਰ ਬਣਾ ਲਏ ਪਰ ਗੁਰਮਤਿ ਦੀ ਸੋਝੀ ਨਹੀਂ ਆਈ। ਏਹੀ ਕਾਰਨ ਹੈ ਕਿ ਆਮ ਜਨ-ਸਾਧਾਰਨ ਜਨਤਾ ਨੂੰ ਗੁਰੂਆਂ ਦੇ ਆਸ਼ੇ ਦੀ ਅਸੀਂ ਨਹੀਂ ਦੱਸ ਪਾ ਸਕੇ, ਕਸੂਰ ਕਿਸਦਾ ਹੈ ? ਸਾਡਾ ਸਭ ਦਾ ਹੈ।

ਜੇਕਰ ਸਾਡੇ ਇਤਿਹਾਸਕ ਗੁਰਦੁਆਰਿਆਂ ਵਿਚ ਜੋਤਾਂ ਜਗਣਗੀਆਂ ਤਾਂ ਆਮ ਗਲੀ ਮੁਹੱਲੇ ਵਾਲੇ ਵੀ ਜ਼ਰੂਰ ਜੋਤਾਂ ਜਗਾਉਣਗੇ। ਕੀ ਅਸਲੀ ਜਗ ਰਹੀ ਜੋਤ ਤੋਂ ਸਾਨੂੰ ਚਾਨਣ ਨਹੀਂ ਲੈਣਾ ਚਾਹੀਦਾ। ਗੁਰਦੁਆਰਿਆਂ ਅੰਦਰ ਪੂਰਨਮਾਸ਼ੀ, ਮੱਸਿਆ, ਸੰਗਰਾਂਦ ਆਦਿ ਦੇ ਬੋਰਡ ਤਾਂ ਮਿਲ ਜਾਣਗੇ, ਪਰ ਸਿੱਖੀ ਸਿਧਾਂਤ ਦੇ ਨੁਕਤਿਆਂ ਵਾਲੇ ਬੋਰਡ ਨਹੀਂ ਮਿਲਣਗੇ । ਜਿਸ ਸਨਿਚਰ ਦੇਵਤੇ ਦੀ ਸਾੜਸਤੀ ਅਨੰਦਪੁਰ ਸਾਹਿਬ ਦੂਰ ਕੀਤੀ ਸੀ, ਉਹੀ ਦੇਵਤਾ ਅੱਜ ਆਮ ਸਿਖ ਨੂੰ ਜਕੜੀ ਬੈਠਾ ਹੈ। ਸਾਡੇ ਪੰਥਕ ਗੁਰਦੁਆਰੇ ਵੀ ਸ਼ਨੀ ਦੇਵਤੇ ਦੀ ਜਕੜ ਵਿਚ ਆ ਗਏ ਹਨ। ਦੂਜਿਆਂ ਦੀ ਵੇਖਾ-ਵੇਖੀ ਅੱਜ ਅਸੀਂ ਮੰਗਲਵਾਰ ਨੂੰ ਬੂੰਦੀ ਦਾ ਪ੍ਰਸ਼ਾਦ ਵੀ ਚੜ੍ਹਾਉਣ ਲੱਗ ਪਏ ਹਾਂ। ਕਈ ਗੁਰਦੁਆਰਿਆਂ ਵਿਚ ਵੀਰਵਾਰ ਨੂੰ ਉਚੇਚੇ ਤੌਰ 'ਤੇ ਕਬਰਾਂ ਦੀ ਤਰਜ਼ 'ਤੇ ਮਿੱਠੇ ਚੌਲਾਂ ਦੀਆਂ ਦੇਗਾਂ ਵੀ ਤਿਆਰ ਹੋ ਕੇ ਕੜਾਹ ਪ੍ਰਸ਼ਾਦ ਵਾਂਗ ਵਰਤਣ ਲੱਗ ਪਈਆਂ ਹਨ। ਸੱਚ-ਮੁੱਚ ਅਸੀਂ ਸੌਂ

ਤਾਂ ਨਹੀਂ ਰਹੇ।

ਆ ਰਹੀਆਂ ਕੁਰੀਤੀਆਂ ਵੱਲ ਅੱਜ ਸਾਡਾ ਧਿਆਨ ਨਹੀਂ, ਕਿਉਂਕਿ ਸਿੱਖ ਭਾਈਚਾਰਾ ਆਪਣੀ ਆਪਣੀ ਰਹਿਤ ਮਰਿਯਾਦਾ ਬਣਾ ਕੇ ਉਸ ਚੱਕਰ ਵਿਚ ਫਸ ਗਿਆ ਹੈ ਜਿਥੋਂ ਇਹ ਵਾਪਸ ਪਰਤਣਾ ਆਪਣੀ ਹੇਠੀ ਸਮਝ ਰਿਹਾ ਹੈ। ਸਾਡਾ ਕਲਿਆਣ ਸ਼ਬਦ ਦੀ ਵੀਚਾਰ ਨਾਲ ਹੋਣਾ ਸੀ, ਉਹ ਗੁਰਦੁਆਰਿਆਂ ਵਿਚ ਹੈ ਨਹੀਂ। ਜੇ ਹੈ ਤਾਂ ਅਸੀਂ ਸੁਣਨ ਲਈ ਤਿਆਰ ਨਹੀਂ ਹਾਂ। ਪਹਿਲਾਂ ਤਾਂ ਗੁਰਦੁਆਰਿਆਂ ਦੀਆਂ ਵੰਡੀਆਂ ਸਨ, ਹੁਣ ਸੰਗਤ ਵਿਚ ਵੀ ਵੰਡੀਆਂ ਪੈ ਗਈਆਂ ਹਨ। ਅੰਮ੍ਰਿਤ ਵੇਲੇ ਛੋਟੀ ਦਸਤਾਰ ਬੰਨ੍ਹ ਕੇ ਗੁਰਦੁਆਰੇ ਆਉਣ ਤੇ ਬੱਤੀਆਂ ਬੰਦ ਕਰ ਕੇ ਸਿਮਰਨ ਦੀ ਕਮਾਈ ਕਰਨ, ਉਹ ਭਜਨੀਕ ਸਿਖ ਜਾਣੇ ਜਾਂਦੇ ਹਨ। ਕਮਾਈ ਵਾਲੇ ਸਿਖ ਹਨ। ਇਨ੍ਹਾਂ ਵੀਰਾਂ ਦੇ ਜਾਣ ਉਪਰੰਤ ਗੁਰਦੁਆਰਾ ਸਾਹਿਬ ਵਿਚ ਫਿਰ ਸੰਗਤ ਜੁੜਦੀ ਹੈ। ਇਹ ਨਿਤਨੇਮ ਵਾਲੀ ਸੰਗਤ ਹੈ। ਨਿਤਨੇਮ ਕਰ ਕੇ ਇਹ ਵੀਰ ਵੀ ਚਲੇ ਜਾਂਦੇ ਹਨ। ਫਿਰ ਸੁਖਮਨੀ ਸੇਵਾ ਸੁਸਾਇਟੀ ਵਾਲੇ ਵੀਰ ਸੁਖਮਨੀ ਸਾਹਿਬ ਦਾ ਪਾਠ ਕਰਨ ਆਉਂਦੇ ਹਨ। ਇਕ ਦੂਜੇ ਨਾਲੋਂ ਆਪਣੇ ਆਪ ਨੂੰ ਸਿਆਣੇ ਗਿਣਦੇ ਹਨ। ਇਨ੍ਹਾਂ ਤਿੰਨਾਂ ਦੇ ਉਪਰੰਤ ਕੁਝ ਸੰਗਤ ਕੀਰਤਨ ਸੁਣਨ ਆਉਂਦੀ ਹੈ ਤੇ ਫਿਰ ਕੁਝ ਵੀਰ ਕਥਾ ਸੁਣਨ ਆਉਂਦੇ ਹਨ। ਕੁਝ ਮਹੀਨੇ ਉਪਰੰਤ ਸੰਗਰਾਂਦ ਨੂੰ ਗੁਰਦੁਆਰੇ ਆਉਂਦੇ ਹਨ ਜਾਂ ਪੂਰਨਮਾਸ਼ੀ ਤੇ ਮੱਸਿਆ ਨੂੰ ਆਉਂਦੇ ਹਨ ਤੇ ਕੁਝ ਸਿਰਫ਼ ਗੁਰਪੁਰਬਾਂ ਨੂੰ ਹੀ ਗੁਰਦੁਆਰੇ ਆਉਂਦੇ ਹਨ। ਕੁਝ ਕੁ ਨੇ ਅਵੱਲੜੇ ਅਵੱਲੜੇ ਨਾਂ ਰੱਖ ਕੇ ਚੰਦ ਬੰਦਿਆਂ ਨੇ ਸਭਾ ਸੁਸਾਇਟੀਆਂ ਬਣਾ ਲਈਆਂ ਹਨ ਤੇ ਗੁਰਦੁਆਰਿਆਂ ਨਾਲੋਂ ਸੰਗਤ ਤੋੜ ਕੇ ਆਪਣੇ ਨਾਲ ਜੋੜਨ ਦਾ ਚਾਰਾ ਕੀਤਾ ਜਾ ਰਿਹਾ ਹੈ। ਗੁਰਦੁਆਰਿਆਂ ਵਿਚੋਂ ਹੇਮਕੁੰਟ, ਮਨੀਕਰਨ ਦੀ ਪਵਿੱਤਰ ਯਾਤਰਾ ਕਰਨ ਦੀ ਅਪੀਲਾਂ ਹੋ ਰਹੀਆਂ ਹਨ। ਜਦ ਕਿ ਸ੍ਰੀ ਅੰਮ੍ਰਿਤਸਰ ਸਾਡਾ ਕੇਂਦਰੀ ਸਥਾਨ ਹੈ। ਇੰਜ ਜਾਪ ਰਿਹਾ ਹੈ ਕਿ ਸਿੱਖ ਕਰਮ-ਕਾਂਡ ਨੂੰ ਵੀ ਮਾਤ ਪਾ ਜਾਣਗੇ। ਜਿਸ ਹਿਸਾਬ ਨਾਲ ਅਸੀਂ ਚੱਲ ਰਹੇ ਹਾਂ,ਆਉਣ ਵਾਲੇ ਸਮੇਂ ਵਿਚ ਕਰਮ-ਕਾਂਡ ਬਹੁਤ ਪਿੱਛੇ ਰਹਿ ਜਾਏਗਾ। ਗੁਰੂ ਨਾਨਕ ਪਾਤਸ਼ਾਹ ਨੇ ਜੋ ਸੁਨੇਹਾ ਦਿੱਤਾ ਸੀ, ਉਸ ਸੁਨੇਹੇ ਨੂੰ ਅਸੀਂ ਆਪ ਸਮਝਣਾ ਸੀ ਤੇ ਵਿਸ਼ਵ ਪੱਧਰ 'ਤੇ ਪਹੁੰਚਾਣਾ ਸੀ । ਸਾਨੂੰ ਜਾਗਣ ਦੀ ਲੋੜ ਹੈ:

ਉਠੋ, ਵਗਰਨਾ ਮਹਸ਼ਰ ਨਾ ਹੋਗਾ ਫਿਰ ਕਭੀ,
ਦੌੜੋ, ਜ਼ਮਾਨਾ ਚਾਲ ਕਿਆਮਤ ਕੀ ਚਲ ਗਿਆ।

ਗੁਰੂ ਨਾਨਕ ਸਾਹਿਬ ਜੀ ਨੇ ਗੁਰਦੁਆਰੇ ਦੀ ਮਹੱਤਤਾ ਦਾ ਰਾਜ਼ ਸਮਝਾਉਂਦਿਆਂ ਕਿਹਾ ਸੀ ਕਿ ਗੁਰਦੁਆਰੇ ਸੋਝੀ ਦਾ ਘਰ ਹੋਣਗੇ, ਜਿਥੇ ਸ਼ਬਦ ਦੀ ਵੀਚਾਰ ਦੁਆਰਾ ਆਪੇ ਨੂੰ ਚੀਨਣਾ ਸੀ। ਮਨੁੱਖੀ ਭਾਈਚਾਰੇ ਨੂੰ ਪਿਆਰ ਗਲਵੱਕੜੀ ਵਿਚ ਲੈਣਾ ਸੀ । ਪੁਜਾਰੀ ਦੀ ਲੁੱਟ ਤੋਂ ਲੁਕਾਈ ਨੂੰ ਬਚਾਉਣਾ ਸੀ। ਗੁਰੂ ਨਾਨਕ ਦੇਵ ਜੀ ਦਾ ਪਿਆਰਾ ਵਾਕ ਹੈ :

**ਗੁਰੂ ਦੁਆਰੈ ਹੋਇ ਸੋਝੀ ਪਾਇਸੀ॥**
**ਏਤੁ ਦੁਆਰੈ ਧੋਇ ਹਛਾ ਹੋਇਸੀ॥ (730)**

ਅੱਜ ਦੇ ਨੌਜਵਾਨ ਨਾਲ ਗੱਲ ਕਰੀਏ ਕਿ ਵੀਰ ਗੁਰਦੁਆਰੇ ਜਾਇਆ ਕਰ, ਉਸ ਦਾ ਉੱਤਰ ਹੈ—ਸਾਨੂੰ ਗੁਰਦੁਆਰਾ ਸਾਹਿਬ ਵਿਚ ਜੋ ਪੂਜਾ ਪਾਠ ਹੋ ਰਿਹਾ ਹੈ ਉਸ ਦੀ ਸਮਝ ਨਹੀਂ ਆਉਂਦੀ। ਉਨ੍ਹਾਂ ਦਾ ਤਰਕ ਠੀਕ ਹੈ। ਅਸੀਂ ਗੁਰਦੁਆਰਿਆਂ ਵਿਚ ਸ਼ਬਦ ਦੀ ਵੀਚਾਰ ਵੱਲ ਕਦੇ ਵੀ ਜ਼ੋਰ ਨਹੀਂ ਦਿੱਤਾ, ਸਗੋਂ ਕਰਮ-ਕਾਂਡ ਵਾਲੀਆਂ ਕੁਰੀਤੀਆਂ ਪੈਦਾ ਕਰ ਦਿੱਤੀਆਂ ਹਨ। ਗੁਰਦੁਆਰਾ ਸਾਹਿਬ ਦੇ ਬਾਹਰ ਜੋ ਮਰਜ਼ੀ ਹੈ ਵੇਚੀ ਜਾਏ, ਕਦੇ ਵੀ ਕਿਸੇ ਪ੍ਰਬੰਧਕ ਨੇ ਧਿਆਨ ਨਹੀਂ ਦਿੱਤਾ । ਸੰਕਟ ਮੋਚਨ, ਪੂਰਨਮਾਸ਼ੀ ਦੀ ਕਥਾ, ਮਾਲਾ, ਤਰ੍ਹਾਂ ਤਰ੍ਹਾਂ ਦੀਆਂ ਗੁਰੂਆਂ ਦੀਆਂ ਫੋਟੋਆਂ ਵਿਕ ਰਹੀਆਂ ਹਨ। ਰੇੜ੍ਹੀਆਂ 'ਤੇ ਫੁੱਲੀਆਂ ਦਾ ਪ੍ਰਸ਼ਾਦ ਵੇਚਿਆ ਜਾ ਰਿਹਾ ਹੈ। ਇਨ੍ਹਾਂ ਸਾਰੀਆਂ ਗੱਲਾਂ ਦਾ ਨਿਚੋੜ ਇਕ ਹੀ ਹੈ ਕਿ ਸਾਡੇ ਗੁਰਦੁਆਰੇ ਜੋ ਮਨੁੱਖੀ ਜ਼ਿੰਦਗੀ ਦੀ ਆਤਮਿਕ ਖ਼ੁਰਾਕ ਦੇ ਸੋਮੇ ਸਨ, ਉਥੇ ਬ੍ਰਾਹਮਣੀ ਮਤ ਵਾਲਾ ਕਰਮ-ਕਾਂਡ ਆ ਗਿਆ ਹੈ।

ਪੰਥ ਪ੍ਰਵਾਨਿਤ ਰਹਿਤ ਮਰਿਯਾਦਾ ਵਿਚ ਸਾਫ਼ ਅੰਕਤ ਹੈ ਕਿ ਗੁਰਦੁਆਰਾ ਸਾਹਿਬ ਵਿਚ ਇਕ ਸਮੇਂ ਇਕ ਹੀ ਕੰਮ ਹੋਣਾ ਚਾਹੀਦਾ ਹੈ—ਪਾਠ, ਕੀਰਤਨ ਜਾਂ ਕਥਾ-ਵਿਖਿਆਨ। ਆਮ ਗੁਰਦੁਆਰਿਆਂ ਵਿਚ ਕੀਰਤਨ ਵੀ ਹੋ ਰਿਹਾ ਹੈ, ਸ੍ਰੀ ਅਖੰਡ ਪਾਠ ਸਾਹਿਬ ਵੀ ਚੱਲ ਰਿਹਾ ਹੈ। ਸੰਗਤਾਂ ਆਪਣੇ ਹੱਥਾਂ ਵਿਚ ਗੁਟਕੇ ਲੈ ਕੇ ਸੁਖਮਨੀ ਸਾਹਿਬ ਦਾ ਪਾਠ ਵੀ ਕਰ ਰਹੀਆਂ ਹਨ।

ਮੁੱਕਦੀ ਗੱਲ ਕਿ ਗੁਰਦੁਆਰਾ ਪ੍ਰਬੰਧ ਵਾਸਤੇ ਘੱਟੋ-ਘੱਟ ਸਿਖ ਰਹਿਤ ਮਰਿਯਾਦਾ ਦਾ ਜਾਣਨਾ ਜ਼ਰੂਰੀ ਹੋਵੇ। ਗੁਰਦੁਆਰਾ ਸਾਹਿਬ ਵਿਚ ਨਿਸ਼ਾਨ ਸਾਹਿਬ ਦਾ ਹੋਣਾ ਜ਼ਰੂਰੀ ਹੈ, ਜਿਉਂਦੀ ਕੌਮ ਦੀ ਨਿਸ਼ਾਨੀ ਹੁੰਦੀ ਹੈ। ਨਿਸ਼ਾਨ ਸਾਹਿਬ ਇਹ ਦੱਸ ਰਿਹਾ ਹੈ ਕਿ ਅੰਦਰ ਦਰਬਾਰ ਹਾਲ ਜਾ ਕੇ ਗੁਰਬਾਣੀ- ਪਾਠ-ਵੀਚਾਰ-ਕੀਰਤਨ ਨਾਲ ਜੁੜੋ, ਪਰ ਅਸੀਂ ਤਾਂ ਨਿਸ਼ਾਨ ਸਾਹਿਬ ਨੂੰ ਹੀ ਮੱਥਾ ਟੇਕਣਾ ਆਰੰਭ ਕਰ ਦਿੱਤਾ ਹੈ। ਥੜ੍ਹੇ ਦੀਆਂ ਮੁੱਠੀਆਂ ਭਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਗੁਰਦੁਆਰੇ ਦੇ ਪ੍ਰਬੰਧ ਲਈ ਬੜਾ ਲੰਬਾ ਵਿਸਥਾਰ ਹੈ। ਪਰ ਘੱਟੋ-ਘੱਟ ਇਨ੍ਹਾਂ ਗੱਲਾਂ ਵੱਲ ਜ਼ਰੂਰ ਖ਼ਿਆਲ ਦਈਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਪਲਾਸਟਿਕ ਦੇ ਫੁੱਲ ਤਰ੍ਹਾਂ ਤਰ੍ਹਾਂ ਦੀਆਂ ਮੂਰਤੀਆਂ ਜਾਂ ਕੋਈ ਮਾਟੋ ਆਦਿ ਨਹੀਂ ਹੋਣਾ ਚਾਹੀਦਾ। ਗੁਰਦੁਆਰਾ ਸਾਹਿਬ ਅੰਦਰ ਹਲਕੀ ਕਿਸਮ ਦੀ ਚਮਕ ਦਮਕ ਬਲਕਿ ਕਿਸੇ ਕਿਸਮ ਦੀ ਵੀ ਚਮਕ ਦਮਕ ਨਹੀਂ ਹੋਣੀ ਚਾਹੀਦੀ। ਸ਼ਨਿਚਰ ਨੂੰ ਕਾਲੇ ਛੋਲੇ, ਮੰਗਲ ਨੂੰ ਬੂੰਦੀ ਤੇ ਵੀਰਵਾਰ ਨੂੰ ਮਿੱਠੇ ਚੌਲਾਂ ਦੀਆਂ ਦੇਗਾਂ ਕੜਾਹ ਪ੍ਰਸ਼ਾਦ ਦੇ ਤੁੱਲ ਨਹੀਂ ਵਰਤਣੀਆਂ ਚਾਹੀਦੀਆਂ। ਗੁਰੂਆਂ ਦੀ ਤਰਜ਼ 'ਤੇ ਸਾਧਾਂ ਸੰਤਾਂ ਦੀਆਂ ਬਰਸੀਆਂ ਤੇ ਜਨਮ ਦਿਹਾੜੇ ਨਹੀਂ ਮਨਾਉਣੇ ਚਾਹੀਦੇ।

ਗੁਰਦੁਆਰਾ ਸਾਹਿਬ ਅੰਦਰ ਨਿਰੋਲ ਗੁਰਬਾਣੀ ਕੀਰਤਨ ਤੇ ਸ਼ਬਦ ਦੀ ਵੀਚਾਰ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਗੁਰੂਆਂ ਦੀਆਂ ਮੂਰਤੀਆਂ ਜਾਂ ਬੁੱਤ ਆਦਿ ਨਹੀਂ ਲੱਗਣੇ ਚਾਹੀਦੇ। ਗੁਰਦੁਆਰਾ ਸਾਹਿਬ ਅੰਦਰ ਸੰਗਤ ਤੇ ਪ੍ਰੇਮੀਆਂ ਨੂੰ ਸਮਝਾਇਆ ਜਾਏ, ਕੀਰਤਨ-ਕਥਾ-ਪਾਠ, ਕੇਵਲ ਇਕ ਸਮੇਂ ਇੱਕੋ ਹੀ ਮਰਿਯਾਦਾ ਨਿਭਾਈ ਜਾਏ।

ਗੁਰਦੁਆਰਿਆਂ ਅੰਦਰ ਗੁਰਬਾਣੀ ਪਾਠ ਇਤਿਹਾਸ ਤੇ ਮਰਿਯਾਦਾ ਨੂੰ ਸਮਝਣ-ਸਮਝਾਉਣ ਦੀਆਂ ਕਲਾਸਾਂ ਦਾ ਜ਼ਰੂਰ ਪ੍ਰਬੰਧ ਹੋਵੇ। ਗੁਰਸਿਖ ਵੀਰ!

ਜ਼ਰਾ ਸਮਝ ਤਾਂ ਸਹੀ ਕੈਸੀ ਲਲਕਾਰ ਈ:
ਗਰਇਸ਼ਕ ਕਰਤਾ ਹੈ ਤੋ ਇਸ਼ਕ ਕੀ ਤੌਹੀਨ ਨਾ ਕਰ।
ਜਾ ਤੋ ਬੇਹੋਸ਼ ਨਾ ਹੋ ਜੇ ਹੋ ਤਾਂ ਹੋਸ਼ ਮੈਂ ਨਾ ਆ।

-0-

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...



ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਮੈਸਜ਼ ਜਾਂ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ ਅਦਾਰਾ 'ਗੁਰਮਤਿ ਵਿਰਸਾ'

# ਕਰਨ ਕਰਾਵਨ ਆਪੇ ਆਪਿ

**ਮੰਗਤ ਸਿੰਘ ਰਾਹੀ 98882-91607**

ਉਪਰੋਕਤ ਸਿਰਲੇਖ ਵਾਲੀ ਪੰਕਤੀ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਪ੍ਰਸਿਧ ਰਚਨਾ 'ਸੁਖਮਨੀ ਸਾਹਿਬ' ਜੀ ਦੀ ਬਾਰਵੀਂ ਅਸ਼ਟਪਦੀ ਵਿਚ ਸੁਸ਼ੋਭਿਤ ਹੈ। ਇਸ ਪੰਕਿਤੀ ਦੁਆਰਾ ਗੁਰੂ ਸਾਹਿਬ ਇਹ ਦਸਣਾ ਚਾਹੁੰਦੇ ਹਨ ਕਿ ਉਹ ਪ੍ਰਭੂ ਸਰਬ ਸ਼ਕਤੀਮਾਨ ਤੇ ਸਰਬ ਸਮਰੱਥ ਹੈ। ਪ੍ਰਭੂ ਖੁਦ ਹੀ ਸੱਭ ਕੁੱਝ ਕਰਨ ਤੇ ਸਾਰੇ ਜੀਵਾਂ ਤੋਂ ਕਰਵਾਉਣ ਦੇ ਸਮਰਥ ਹੈ। ਇਸ ਬਾਰੇ ਸੁਖਮਨੀ ਸਾਹਿਬ ਜੀ ਦੇ ਦਸਵੇਂ ਸਲੋਕ ਵਿਚ ਫੁਰਮਾਨ ਹੈ :

**ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥ (276)**

**ਅਰਥਾਤ:** ਇਸ ਸਾਰੇ ਸੰਸਾਰ ਦਾ ਮੂਲ ਕਾਰਣ ਅਤੇ ਬਣਾਉਣ ਵਾਲਾ ਇੱਕ ਅਕਾਲ ਪੁਰਖ ਹੀ ਹੈ, ਕੋਈ ਦੂਜਾ ਨਹੀਂ ਹੈ। ਅਸ਼ਟਪਦੀ ਵਿਚ ਵਿਆਖਿਆ ਕਰਦੇ ਹਨ:

**ਕਰਨ ਕਰਾਵਨ ਕਰਨੈ ਜੋਗੁ ॥**

**ਜੋ ਤਿਸੁ ਭਾਵੈ ਸੋਈ ਹੋਗੁ ॥ (276)**

ਪ੍ਰਭੂ ਸਭ ਕੁਝ ਕਰਨ ਦੇ ਸਮਰੱਥ ਹੈ। ਉਹ ਹੀ ਜੀਵਾਂ ਨੂੰ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਉਹ ਖਿਨ ਮਾਤਰ ਵਿੱਚ ਸੰਸਾਰ ਨੂੰ ਉਤਪਨ ਕਰਕੇ ਨਾਸ਼ ਵੀ ਕਰਨ ਵਾਲਾ ਹੈ। ਉਸਦੀ ਸ਼ਕਤੀ ਦਾ ਕੋਈ ਪਾਰਾਵਾਰ ਨਹੀਂ ਹੈ। ਕੋਈ ਦਸੇ ਕਿ ਮਨੁੱਖ ਤੋਂ ਆਪਣੇ ਆਪ ਕੀ ਕੰਮ ਹੋ ਸਕਦਾ ਹੈ ? ਇਸ ਜੀਵ ਦੀ ਸ਼ਕਤੀ ਇਸ ਦੇ ਆਪਣੇ ਹੱਥ ਵਿੱਚ ਨਹੀਂ ਹੈ। ਸਾਰੇ ਜੀਵਾਂ ਦਾ ਮਾਲਕ ਪ੍ਰਭੂ ਆਪ ਹੈ। ਸਭ ਕੁਝ ਕਰਨ ਕਰਵਾਉਣ ਦੇ ਸਮਰੱਥ ਹੈ। ਜੇ ਕੋਈ ਕਹੇ ਕਿ ਮਨੁੱਖ ਕੁਝ ਕਰ ਸਕਦਾ ਹੈ ਤਾਂ ਦਸੋ ਕਿ ਉਸ ਪ੍ਰਭੂ ਨੇ ਪੰਜ ਤੱਤਾਂ ਨਾਲ ਇਸ ਸੰਸਾਰ ਦੀ ਰਚਨਾ ਕੀਤੀ ਹੈ। ਕੀ ਕੋਈ ਵਿਅਕਤੀ ਛੇਵਾਂ ਤੱਤ ਪੈਦਾ ਕਰਕੇ ਸ੍ਰਿਸ਼ਟੀ ਦੀ ਰਚਨਾ ਕਰ ਸਕਦਾ ਹੈ? ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ :

**ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ॥**

**ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ ॥1॥**

**ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥**

**ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥1॥ ਰਹਾਉ ॥**

**ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ॥**

**ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ॥2॥**

**ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥** **(736)**

ਅੱਜ ਸਾਰਾ ਸੰਸਾਰ ਡਰ ਤੇ ਚਿੰਤਾ ਨਾਲ ਗ੍ਰਸਿਆ ਹੋਇਆ ਹੈ। ਜ਼ਿਆਦਾਤਰ ਲੋਕ ਡਰ, ਚਿੰਤਾ, ਬੈਚੇਨੀ ਤੇ ਤਣਾਅ ਨਾਲ ਪ੍ਰੇਸ਼ਾਨ ਹਨ। ਇਹ ਤਨ ਤੇ ਮਨ ਨੂੰ ਕਮਜ਼ੋਰ ਕਰਦੇ ਹਨ ਤੇ ਸਾਰੇ ਰੋਗਾਂ ਦਾ ਮੂਲ ਕਾਰਣ ਹਨ। ਚਿੰਤਾ ਦਾ ਰੋਗ ਸਭ ਨੂੰ ਘੁਣ ਵਾਂਗ ਖਾਈ ਜਾ ਰਿਹਾ ਹੈ।

ਗੁਰੂ ਸਾਹਿਬ ਕਹਿੰਦੇ ਹਨ ਕਿ ਅਸੀ ਕਿਉਂ ਡਰੀਐ ਤੇ ਚਿੰਤਾ ਕਿਉਂ ਕਰੀਏ ? ਜਦ ਕਿ ਸਾਡੇ ਹੱਥ ਵਿਚ ਕੁੱਝ ਹੈ ਹੀ ਨਹੀਂ ਤੇ ਨਾ ਹੀ ਕਿਸੇ ਹੋਰ ਦੇ ਹੱਥ ਵਿਚ ਕੁਝ ਹੈ। ਸਭ ਕੁੱਝ ਉਸ ਕਰਤਾਰ ਦੇ ਹੁਕਮ ਅੰਦਰ ਹੋ ਰਿਹਾ ਹੈ ਤੇ ਹੋਵੇਗਾ। ਸਿਰਫ ਉਹੀ ਕਰਨ ਕਰਾਵਨਹਾਰ ਹੈ।

ਅਸੀਂ ਡਰੀਏ ਕਿਉਂ? ਅਸੀਂ ਚਿੰਤਾ ਕਿਉਂ ਕਰੀਏ ? ਕਿਉਂ ਨਾ ਨਿਸ਼ਚਿਤ ਹੋ ਕੇ ਰਹੀਏ ? ਜਦ ਮਾਰਨ- ਜੀਵਾਲਣ ਵਾਲਾ ਪਰਮੇਸ਼ਰ ਆਪ ਹੀ ਹੈ।

**ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ॥ (594)**

ਇਹ ਵਿਸ਼ਵਾਸ ਮਨ ਵਿਚ ਦ੍ਰਿੜ੍ਹ ਰਖੀਏ ਕਿ ਕਿਸੇ ਵੀ ਵਿਅਕਤੀ ਨੂੰ ਰੋਗ ਜਾਂ ਕੋਈ ਤਕਲੀਫ, ਕਿਸੇ ਦੇ ਜਾਦੂ-ਟੂਣੇ, ਸਰਾਪ ਜਾਂ ਬੁਰੀ ਨਜ਼ਰ ਨਾਲ ਨਹੀਂ ਲੱਗ ਸਕਦੀ। ਅਕਾਲ ਪੁਰਖ ਸਰਬ ਸ਼ਕਤੀਮਾਨ ਹੈ। ਉਸਦੇ ਸਾਹਮਣੇ ਕੋਈ ਜਾਦੂ-ਟੂਣਾ, ਸਰਾਪ ਆਦਿ ਟਿਕ ਨਹੀਂ ਸਕਦੇ। ਗੁਰਦੇਵ ਦਾ ਕਥਨ ਹੈ:

**ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ ॥**

**ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ**

**ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ ॥ (168)**

ਇਸ ਕਥਨ ਤੋਂ ਸਪਸ਼ਟ ਹੈ ਕਿ ਪ੍ਰਭੂ ਦੇ ਹੁਕਮ ਤੋਂ ਬਿਨਾਂ ਕਿਸੇ ਦਾ ਵਾਲ ਵੀ ਵਿੰਗਾ ਨਹੀਂ ਹੋ ਸਕਦਾ।

ਹੁਣ ਸਵਾਲ ਉਠਦਾ ਹੈ ਕਿ ਜਦ ਸਾਰੀ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ, ਪ੍ਰਭੂ ਆਪ ਹੀ ਹੈ ਤਾਂ ਇਸ ਸੰਸਾਰ ਵਿਚ ਪਾਪ ਤੇ ਬੁਰਾਈ ਕਿੱਥੋਂ ਆ ਗਈ? ਗੁਰੂ ਸਾਹਿਬ ਕਹਿੰਦੇ ਹਨ ਕਿ ਜਿਸ ਨੂੰ ਅਸੀਂ ਪਾਪ ਤੇ ਬੁਰਾਈ ਕਹਿੰਦੇ ਹਾਂ, ਉਹ ਵੀ ਪ੍ਰਭੂ ਨੇ ਆਪ ਹੀ ਪੈਦਾ ਕੀਤੀ ਹੈ:

**ਬਿਖੁ ਅੰਮ੍ਰਿਤੁ ਕਰਤਾਰਿ ਉਪਾਏ ॥**

**ਸੰਸਾਰ ਬਿਰਖ ਕਉ ਦੁਇ ਫਲ ਲਾਏ ॥**

**(1172)**

ਮਾਇਆ, ਭਰਮ, ਪਾਪ, ਜੋ ਵੀ ਉਸਦਾ ਨਾਂ ਰਖੀਏ, ਕਿਉਂ ਪੈਦਾ ਕੀਤੇ ?

ਸਰੀਰਕ ਬਲ ਤਾਂ ਵਧਦਾ ਹੈ ਜਦ ਸੰਸਾਰੀ ਰੁਕਾਵਟਾਂ ਤੇ ਜਿੱਤ ਪ੍ਰਾਪਤ ਕੀਤੀ ਜਾਵੇ। ਸਦਾਚਾਰਕ ਗੁਣ ਵੀ ਤਾਂ ਹੀ ਆਉਂਦੇ ਹਨ, ਜਦੋਂ ਸਾਡੇ ਸਾਹਮਣੇ ਚੁਣੌਤੀਆਂ ਆਉਣ ਅਤੇ ਅਸੀਂ ਉਨ੍ਹਾਂ ਦਾ ਸਾਹਮਣਾ ਬਹਾਦਰੀ ਨਾਲ ਕਰੀਏ। ਸਾਡੀ ਆਤਮਕ ਤਰੱਕੀ ਇਸੇ ਵਿਚ ਹੈ ਕਿ ਅਸੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜੋ ਅਹੰ ਦਾ ਰੂਪ ਹੈ, ਉਨ੍ਹਾਂ ਤੇ ਜਿੱਤ ਪ੍ਰਾਪਤ ਕਰੀਏ। ਗੁਰੂ ਜੀ ਦੇ ਅਨੁਸਾਰ ਇਹ ਰੁਕਾਵਟਾਂ ਆਤਮਿਕ ਉਨਤੀ ਵਾਸਤੇ ਹੀ ਰੱਖੀਆਂ ਗਈਆਂ ਹਨ ਤਾਂ ਕਿ ਇਨ੍ਹਾਂ ਨਾਲ ਯੁੱਧ ਕਰਕੇ ਸਾਡੀ ਆਤਮਾ ਬਲਵਾਨ ਹੋ ਜਾਏ।

ਮੂਲ ਮੰਤਰ ਵਿਚ ਵੀ ਪਰਮ ਪੁਰਖ ਪਰਮਾਤਮਾ ਨੂੰ 'ਕਰਤਾ' ਕਿਹਾ ਗਿਆ ਹੈ। 'ਕਰਤਾ' ਅਰਥਾਤ ਸਭ ਕੁਛ ਕਰਨ ਵਾਲਾ ਅਤੇ 'ਪੁਰਖ' ਭਾਵ ਸਾਰੀ ਰਚਨਾ ਨੂੰ ਬਣਾ ਕੇ ਉਸ ਵਿਚ ਵਸਣ ਵਾਲਾ। ਸਾਰੀ ਸ੍ਰਿਸ਼ਟੀ ਨੂੰ ਬਣਾਉਣ ਵਾਲਾ ਉਹ ਪ੍ਰਭੂ ਆਪ ਹੈ ਅਤੇ ਉਸ ਸ੍ਰਿਸ਼ਟੀ ਵਿੱਚ ਉਹ ਸਮਾਇਆ ਹੋਇਆ ਹੈ। ਸਮਾਇਆ ਹੋਇਆ ਹੋਣ ਕਾਰਨ ਉਸ ਵਿਚ ਸਾਰਿਆਂ ਜੀਵਾਂ ਕੋਲੋਂ ਸਭ ਕੁਝ ਕਰਵਾਉਣ ਦੀ ਸ਼ਕਤੀ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ :

**ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥ (921)**

ਐ ਮੇਰੇ ਸਰੀਰ ! ਤੂੰ ਸੰਸਾਰ ਵਿਚ ਤਾਂ ਹੀ ਆਇਆ ਜਦੋਂ ਉਸ ਪ੍ਰਭੂ ਨੇ ਆਪਣੀ ਜੋਤ ਤੇਰੇ ਅੰਦਰ ਰੱਖੀ।

## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M:** 79733-70045
**Email:** gurmatvirsa@gmail.com

ਉਸ ਪ੍ਰਭੂ ਦੀ ਜੋਤ ਹੀ ਹੈ, ਉਸਦਾ ਬਲ ਹੀ ਹੈ ਜੋ ਸਰੀਰ ਨੂੰ ਕਾਇਮ ਰਖਦਾ ਹੈ। ਨਹੀਂ ਤਾਂ ਮ੍ਰਿਤ ਸਰੀਰ ਵਿਚ ਸਰੀਰ ਦੇ ਸਾਰੇ ਅੰਗ ਹੁੰਦੇ ਹਨ, ਪਰ ਉਹ ਮਿੱਟੀ ਦੀ ਢੇਰੀ ਹੁੰਦਾ ਹੈ। ਉਸ ਮ੍ਰਿਤ ਸਰੀਰ ਤੋਂ ਕੋਈ ਵੀ ਕੰਮ ਨਹੀਂ ਕਰਵਾਇਆ ਜਾ ਸਕਦਾ। ਕਿਉਂ ? ਕਿਉਂਕਿ ਉਸ ਅੰਦਰ ਪ੍ਰਭੂ ਦੀ ਜੋਤ ਹੀ ਨਹੀਂ ਹੁੰਦੀ।

ਗੁਰੂ ਅਰਜਨ ਪਾਤਸ਼ਾਹ ਜੀ ਦਾ ਫੁਰਮਾਨ ਹੈ ਕਿ ਜੇ ਕੋਈ ਮਨੁੱਖ ਆਪਣੇ ਆਪ ਨੂੰ ਵੱਡਾ ਸੂਰਬੀਰ ਕਹਾਏ ਤਾਂ ਜ਼ਰਾ ਇਹ ਸੋਚੋ ਕਿ ਪ੍ਰਭੂ ਦੀ ਦਿੱਤੀ ਹੋਈ ਸ਼ਕਤੀ ਤੋਂ ਬਿਨਾਂ ਉਹ ਕਿਥੇ ਜਾ ਸਕਦਾ ਹੈ?

**ਅਤਿ ਸੂਰਾ ਜੇ ਕੋਊ ਕਹਾਵੈ ॥**
**ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥ (282)**

ਸਾਰਿਆਂ ਜੀਵਾਂ ਵਿਚ ਇਕ ਅਕਾਲ ਪੁਰਖ ਪ੍ਰਭੂ ਆਪ ਹੀ ਵਿਆਪਕ ਹੈ। ਉਸ ਤੋਂ ਬਾਹਰ ਕੋਈ ਜੀਵ ਨਹੀਂ, ਕੋਈ ਵਸਤੂ ਨਹੀਂ। ਪ੍ਰਭੂ ਆਪ ਸਦਾ ਕਾਇਮ ਰਹਿਣ ਵਾਲਾ ਹੈ, ਉਸਦਾ ਪੈਦਾ ਕੀਤਾ ਹੋਇਆ ਜਗਤ ਵੀ ਵਾਸਤਵਿਕ ਹੈ, ਭਾਵ ਮਿਥਿਆ ਨਹੀਂ ਹੈ।

**ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥**
**(285)**
**ਆਪਿ ਸਤਿ ਕੀਆ ਸਭੁ ਸਤਿ॥**
**ਤਿਸੁ ਪ੍ਰਭ ਤੇ ਸਗਲੀ ਉਤਪਤਿ॥ (294)**

ਪ੍ਰਭੂ ਤੋਂ ਬਿਨਾਂ ਜੀਵ ਨੂੰ ਨਾ ਕੋਈ ਮਾਰ ਸਕਦਾ ਹੈ, ਨਾ ਰੂਪ ਸਕਦਾ ਹੈ। ਪ੍ਰਭੂ ਦੇ ਬਰਾਬਰ ਹੋਰ ਕੋਈ ਨਹੀਂ ਹੈ। ਸਾਰਿਆਂ ਜੀਵਾਂ ਦਾ ਰਾਖਾ ਪ੍ਰਭੂ ਆਪ ਹੀ ਹੈ।

ਇਸ ਵਾਸਤੇ ਸਦਾ ਇਕ ਪਾਰਬ੍ਰਹਮ ਪਰਮਾਤਮਾ ਤੇ ਹੀ ਭਰੋਸਾ ਰੱਖਣਾ ਚਾਹੀਦਾ ਹੈ। ਹਰ ਜੀਵ ਦੀ ਲੋੜ ਅਨੁਸਾਰ ਉਸਨੂੰ ਪੂਰਾ ਕਰਨ ਵਾਲਾ ਵੀ ਇਕ ਪ੍ਰਭੂ ਹੀ ਹੈ। ਸਾਰੇ ਜੀਵਾਂ ਦੀ ਪਾਲਣਾ ਕਰਨ ਵਾਲਾ ਗੋਪਾਲ-ਪ੍ਰਭੂ ਆਪ ਹੀ ਹੈ। ਜੇ ਕੋਈ ਪ੍ਰਾਣੀ ਕਿਤਨਾ ਵੀ ਯਤਨ ਕਰੇ ਤਾਂ ਵੀ ਜੀਵ ਦੇ ਆਪਣੇ ਯਤਨ ਨਾਲ ਕੀਤਾ ਹੋਇਆ ਕੋਈ ਵੀ ਕੰਮ ਪੂਰਾ ਨਹੀਂ ਹੋ ਸਕਦਾ ।

ਗੁਰੂ ਅਰਜਨ ਪਾਤਸ਼ਾਹ ਜੀ ਅਨੁਸਾਰ ਇਕ ਪ੍ਰਭੂ ਦਾ ਨਾਂ ਜਪ ਅਰਥਾਤ ਉਸਦੀ ਸਿਫਤ ਸਲਾਹ ਕਰਨ ਨਾਲ ਹੀ ਮਨੁੱਖ ਸਫਲਤਾ ਪ੍ਰਾਪਤ ਕਰ ਸਕਦਾ ਹੈ। ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਵੀ ਵਸਤੂ ਅਸਲ ਵਿੱਚ ਮਨੁੱਖ ਦੇ ਕੰਮ ਨਹੀਂ ਆ ਸਕਦੀ ਹੈ:

**ਆਪਨ ਕੀਆ ਕਛੂ ਨ ਹੋਇ ॥**
**ਜੇ ਸਉ ਪ੍ਰਾਨੀ ਲੋਚੈ ਕੋਇ ॥**
**ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥**
**ਗਤਿ ਨਾਨਕ ਜਪਿ ਏਕ ਹਰਿ ਨਾਮ॥**
**(282)**
**ਕਰਨ ਕਰਾਵਨ ਆਪੇ ਆਪਿ ॥**
**ਸਦਾ ਸਦਾ ਨਾਨਕ ਹਰਿ ਜਾਪਿ ॥ (279)**

-0-

# ਇਹ ਕੇਹੀ ਰੁੱਤ ਆਈ...

**ਗੁਰਦੀਪ ਢੁੱਡੀ 95010-20731**

ਸਰਕਾਰੀ ਨੌਕਰੀ ਤੋਂ ਸੇਵਾ ਮੁਕਤੀ ਨੂੰ ਸੱਤ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਬੜਾ ਕੁਝ ਚੇਤਿਆਂ 'ਚ ਵਸਿਆ ਹੋਇਆ ਹੈ... ਇਕ ਗੱਲ ਯਾਦ ਆ ਗਈ ਹੈ। ਸਬਬ ਇਹ ਬਣਿਆ ਕਿ ਫ਼ਰੀਦਕੋਟ ਜ਼ਿਲ੍ਹੇ ਦੇ ਜੈਤੋ ਵਿਧਾਨ ਸਭਾ ਹਲਕੇ ਵਿੱਚ ਇਕ ਸਕੂਲ ਵਿੱਚ ਵਿਧਾਇਕ ਦਾ 'ਮਾਮੂਲੀ ਅਧਿਆਪਕਾਵਾਂ' ਨੇ ਗੇਟ 'ਤੇ ਸਵਾਗਤ ਕਰਨ ਦੀ ਥਾਂ ਪੜ੍ਹਾਉਂਦੇ ਰਹਿਣ, ਵਿਦਿਆਰਥੀਆਂ ਦੇ ਪੱਖ ਵਿੱਚ ਆਪਣਾ ਸਮਾਂ ਦੇਣ ਨੂੰ ਤਰਜੀਹ ਦਿੱਤੀ; ਇਸੇ ਗੱਲ 'ਤੇ ਹੀ ਵਿਧਾਇਕ ਦਾ ਪਾਰਾ ਸੱਤਵੇਂ ਅਸਮਾਨ 'ਤੇ ਚੜ੍ਹ ਗਿਆ। ਉਹਨੇ ਵਿਧਾਨ ਸਭਾ ਦੇ ਸਪੀਕਰ ਨੂੰ ਸ਼ਿਕਾਇਤ ਕੀਤੀ ਤੇ ਢਿੱਲ ਸਪੀਕਰ ਨੇ ਵੀ ਨਹੀਂ ਕੀਤੀ। ਉਨ੍ਹਾਂ 'ਵਿਧਾਇਕ ਦਾ ਨਿਰਾਦਰ' ਕਰਨ ਵਾਲੀਆਂ ਅਧਿਆਪਕਾਵਾਂ ਨੂੰ ਪੱਖ ਪੇਸ਼ ਕਰਨ ਲਈ ਚੰਡੀਗੜ੍ਹ ਵਿਧਾਨ ਸਭਾ ਸਕੱਤਰੇਤ ਤਲਬ ਕਰ ਲਿਆ। ਇਸ ਗੱਲ ਨੇ ਮੈਨੂੰ ਕੰਬਣੀ ਛੇੜ ਦਿੱਤੀ।

ਗੱਲ ਇਹ ਕਿ ਮੇਰੇ ਸਕੂਲ ਦੇ ਸਵਾ ਸੈਂਕੜੇ ਕਰਮਚਾਰੀਆਂ ਵਿੱਚੋਂ ਮੁੱਠੀ ਕੁ ਭਰ ਨੂੰ ਮੇਰੇ ਕੰਮ ਦੀ ਤੋਰ ਅਤੇ ਭਾਵਨਾ ਪਸੰਦ ਨਾ ਹੋਣ ਕਾਰਨ ਉਨ੍ਹਾਂ ਨੂੰ ਮੇਰੀਆਂ ਸ਼ਿਕਾਇਤਾਂ ਕਰਨੀਆਂ ਪਈਆਂ ਸਨ। ਇਨ੍ਹਾਂ ਸ਼ਿਕਾਇਤਾਂ ਵਿੱਚੋਂ ਇਕ ਦੀ ਪੜਤਾਲ ਜ਼ਿਲ੍ਹੇ ਵਿੱਚ ਤਾਇਨਾਤ ਆਈਏਐੱਸ ਅਫਸਰ ਕਰਨ ਵਾਸਤੇ ਆਏ। ਉਹ ਬਿਨਾਂ ਦੱਸਿਆਂ ਹੀ ਸਕੂਲ ਵਿੱਚ ਆਏ। ਸਵੇਰ ਦਾ ਸਮਾਂ ਸੀ। ਇਸ ਸਮੇਂ ਸਵੇਰ ਦੀ ਸਭਾ ਹੁੰਦੀ ਹੈ ਅਤੇ ਇਸ ਵਿੱਚ ਛੇਵੀਂ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀ ਅਤੇ ਸਾਰੇ ਹੀ ਅਧਿਆਪਕ ਸ਼ਾਮਲ ਹੁੰਦੇ ਸਨ। ਇਹ ਸਮਾਂ ਮੇਰੇ ਵਾਸਤੇ ਸਕੂਲ ਦੇ ਸਮੇਂ ਵਿੱਚੋਂ ਸਭ ਤੋਂ ਮਹੱਤਵਪੂਰਨ ਹੁੰਦਾ ਸੀ; ਵਾਹ ਲੱਗਦੀ ਮੈਂ ਸਭਾ ਵਿੱਚ ਜਾਣੋਂ ਕਦੇ ਖੁੰਝਦਾ ਨਹੀਂ ਸਾਂ। ਸਵੇਰ ਦੀ ਸਭਾ ਚੱਲ ਰਹੀ ਸੀ ਅਤੇ ਇਕ ਪੁਲੀਸ ਕਰਮਚਾਰੀ ਨੇ ਮੇਰੇ ਕੋਲ ਆ ਕੇ ਕਿਹਾ, "ਮਾਸਟਰ ਜੀ, ਕਮਿਸ਼ਨਰ ਸਾਹਿਬ ਆਏ ਹਨ, ਥੋਨੂੰ ਬੁਲਾਉਂਦੇ ਹਨ।" ਪੁਲੀਸ ਕਰਮਚਾਰੀ ਨੇ ਵਰਦੀ ਪਹਿਨੀ ਹੋਈ ਸੀ ਅਤੇ ਉਹ ਇਸ ਦਾ ਵਿਖਾਵਾ ਵੀ ਕਰ ਰਿਹਾ ਸੀ। ਕਤਰੀ ਹੋਈ ਦਾੜ੍ਹੀ ਅਤੇ ਉਤਾਂਹ ਨੂੰ ਉਠਾਈਆਂ ਹੋਈਆਂ ਮੁੱਛਾਂ ਉਸ ਨੂੰ ਰੋਹਬਦਾਰ ਦਰਸਾਉਣ ਵਿੱਚ ਵਰਦੀ ਨਾਲੋਂ ਵੀ ਜ਼ਿਆਦਾ ਰੋਲ ਅਦਾ ਕਰ ਰਹੀਆਂ ਸਨ। ਵਾਰ-ਵਾਰ ਉਸ ਦਾ ਹੱਥ ਮੁੱਛਾਂ ਅਤੇ ਰਿਵਾਲਵਰ ਤੇ ਗਿਣਤੀਆਂ ਮਿਣਤੀਆਂ ਕਰਦਾ ਦੇਖਿਆ ਸੀ। ਉਸ ਨੇ ਆਪਣੀ ਆਵਾਜ਼ ਨੂੰ ਇਲਾਹੀ ਫ਼ਰਮਾਨ ਸਮਝਣ ਵਿੱਚ ਕੋਈ ਕਸਰ ਨਹੀਂ ਛੱਡੀ ਸੀ। ਇਹ ਗੱਲ ਉਸ ਦੀਆਂ ਡੋਰੇਦਾਰ ਅੱਖਾਂ ਵਿੱਚੋਂ ਵੀ ਪੜ੍ਹੀ ਜਾ ਸਕਦੀ ਸੀ।

"ਤੁਸੀਂ ਚੱਲੋ, ਮੈਂ ਸਵੇਰ ਦੀ ਸਭਾ ਦੀ ਸਮਾਪਤੀ ਮਗਰੋਂ ਆਉਂਦਾ ਹਾਂ। ਸਰ ਨੂੰ ਕਹੋ ਦਫ਼ਤਰ ਵਿੱਚ ਬੈਠਣ।" ਮੈਂ ਆਪਣਾ ਜਵਾਬ ਦੇ ਕੇ ਆਪਣੇ ਕੰਮ ਵਿੱਚ ਲੱਗ ਗਿਆ।

"ਸਰ, ਗੁਸਤਾਖ਼ੀ ਲਈ ਮੁਆਫ਼ੀ ਚਾਹੁੰਦਾ ਹਾਂ, ਸਭਾ ਛੱਡ ਕੇ ਮੇਰੇ ਆਉਣ ਨਾਲ ਅੱਜ ਦਾ ਦਿਨ ਅਜਾਈਂ ਜਾਣਾ ਸੀ। ਇਸ ਕਰ ਕੇ ਹੀ ਦੇਰ ਨਾਲ ਆਇਆ ਹਾਂ।" ਦਫ਼ਤਰ ਵਿੱਚ ਆ ਕੇ ਕੁਰਸੀ 'ਤੇ ਬੈਠੇ ਨੌਜਵਾਨ ਆਈਏਐੱਸ ਅਫਸਰ ਨੂੰ ਮੈਂ ਆਪਣਾ ਪੱਖ ਸਪੱਸ਼ਟ ਕਰਦਿਆਂ ਆਖਿਆ। "ਕੋਈ ਗੱਲ ਨਹੀਂ। ਤੁਹਾਡੀ ਸ਼ਿਕਾਇਤ ਹੈ, ਮੈਂ ਪੜਤਾਲ ਕਰਨ ਆਇਆਂ।" ਆਪਣੀ ਗੱਲ ਸੰਖੇਪ ਵਿੱਚ ਸਮੇਟਦਿਆਂ ਅਫਸਰ ਨੇ ਆਪਣੇ ਸਟੈਨੋ ਨੂੰ ਸ਼ਿਕਾਇਤ ਦੀ ਕਾਪੀ ਮੈਨੂੰ ਦਿਖਾਉਣ ਲਈ ਆਖਿਆ।

ਜੈਤੋ ਵਾਲੀ ਘਟਨਾ ਉਪਰ ਦੱਸੀ ਘਟਨਾ ਨਾਲ ਪੂਰੀ ਤਰ੍ਹਾਂ ਜੁੜ ਗਈ। ਵਿਧਾਇਕ ਤਾਂ ਛੋਟੇ ਮੋਟੇ ਕੰਮ ਆਏ ਸਨ ਅਤੇ ਇਹ ਕੰਮ ਵੀ ਉਨ੍ਹਾਂ ਦੇ ਅਧਿਕਾਰ ਖੇਤਰ ਦਾ ਨਹੀਂ ਸੀ ਪਰ ਆਈਏਐੱਸ ਅਫਸਰ ਤਾਂ ਮੇਰੇ ਵਿਰੁੱਧ ਹੋਈ ਸ਼ਿਕਾਇਤ ਦੀ ਪੜਤਾਲ ਕਰਨ ਆਇਆ ਸੀ। ਆਪਣੇ ਹੁਕਮਾਂ ਦੀ ਮੇਰੇ ਵੱਲੋਂ ਪਾਲਣਾ ਨਾ ਕਰਨ 'ਤੇ ਅਧਿਕਾਰੀ ਪੜਤਾਲ ਵਿੱਚ ਕੋਈ ਵੀ ਦੋਸ਼ ਮੇਰੇ ਵਿਰੁੱਧ ਸਾਬਤ ਕਰਨ ਲਈ ਵਿੰਗ ਵਲ਼ ਪਾ ਕੇ ਲਿਖ ਸਕਦਾ ਸੀ। ਸੁਣਨ ਵਿੱਚ ਆਇਆ ਸੀ ਕਿ ਆਈਏਐੱਸ ਅਫਸਰ ਦੀਆਂ ਟਿੱਪਣੀਆਂ ਨੂੰ ਉੱਚ ਅਫਸਰ ਅਣਗੌਲਿਆਂ ਨਹੀਂ ਕਰਦੇ। ਉਨ੍ਹਾਂ ਦੇ ਲਿਖੇ 'ਤੇ ਮੇਰੇ ਵਿਰੁੱਧ ਵੱਡੀ ਕਾਰਵਾਈ ਵੀ ਅਮਲ ਵਿੱਚ ਆ ਸਕਦੀ ਸੀ ਪਰ ਉਸ ਅੰਡਰ-ਟ੍ਰੇਨਿੰਗ ਅਫਸਰ ਨੂੰ (ਅਜੇ) ਨਾ ਤਾਂ ਹਕੂਮਤ ਦਾ ਨਸ਼ਾ ਚੜ੍ਹਿਆ ਸੀ ਅਤੇ ਨਾ ਹੀ ਉਸ ਦੇ ਹੋਸ਼ ਗੁਆਚੇ ਸਨ; ਉਸ ਨੇ ਜਿੱਥੇ ਪੜਤਾਲ ਮੇਰੇ ਪੱਖ ਵਿੱਚ ਲਿਖੀ ਉੱਥੇ 'ਪ੍ਰਿੰਸੀਪਲ ਆਪਣੇ ਕੰਮ ਨੂੰ ਤਨਦੇਹੀ ਨਾਲ ਕਰਦਾ ਹੈ ਅਤੇ ਕੰਮ ਕਰਦਿਆਂ ਸਾਧਾਰਨ ਗਲਤੀ ਹੋ ਜਾਣੀ ਸੁਭਾਵਿਕ ਹੈ। ਇਸ ਲਈ ਇਸ ਵਿਰੁੱਧ ਕੋਈ ਕਾਰਵਾਈ ਕੀਤੀ ਜਾਣੀ ਨਹੀਂ ਬਣਦੀ' ਟਿੱਪਣੀ ਦਿੱਤੀ ਸੀ।

'ਲੋਕਾਂ ਵੱਲੋਂ, ਲੋਕਾਂ ਵਾਸਤੇ ਅਤੇ ਲੋਕਾਂ ਪ੍ਰਤੀ ਜਵਾਬਦੇਹ ਮੰਨੇ ਜਾਂਦੇ ਸਾਡੇ ਨੁਮਾਇੰਦਿਆਂ ਨੂੰ ਤਾਂ ਲੋਕਾਂ ਦੇ ਹੱਕ ਵਿੱਚ ਹੀ ਕਦਮ ਉਠਾਉਣੇ ਚਾਹੀਦੇ ਹਨ ਅਤੇ ਚੰਗੇਰਾ ਕੰਮ ਕਰਨ ਵਾਲਿਆਂ ਦੀ ਸ਼ਲਾਘਾ ਕਰਨੀ ਚਾਹੀਦੀ ਹੈ ਪਰ ਅਫ਼ਸੋਸ! ਪਹਿਲਾਂ ਦੋਵੇਂ ਹੱਥ ਜੋੜ ਕੇ ਵੋਟਾਂ ਮੰਗਣ ਵਾਲੇ, ਹਮੇਸ਼ਾਂ ਲੋਕਾਂ ਦੀ ਸੇਵਾ ਵਿੱਚ ਰਹਿਣ ਵਾਲੇ, ਜਿੱਤ ਦਾ ਸਰਟੀਫਿਕੇਟ ਮਿਲਣ ਤੋਂ ਬਾਅਦ ਲੋਕਾਂ ਦੇ ਸੇਵਕ ਨਾ ਰਹਿ ਕੇ ਹਾਕਮਾਂ ਵਿੱਚ ਬਦਲ ਜਾਂਦੇ ਹਨ। ਫਿਰ ਸਾਡੇ ਵਰਗੇ ਲੋਕਾਂ ਦੇ ਬੁੱਲ੍ਹਾਂ 'ਤੇ 'ਇਹ ਕੇਹੀ ਰੁੱਤ ਆਈ ਨੀ ਜਿੰਦੇ' ਵਾਲਾ ਗੀਤ ਆ ਜਾਂਦਾ ਹੈ ਪਰ ਇਹ ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਹੁਣ ਇਹ ਕਿਹੜੀ ਰੁੱਤ ਆ ਗਈ ਹੈ!

-0-




ਨਿਰਮਲ ਸਿੰਘ ਪ੍ਰੇਮੀ 94631-61691

# ਮਾਚਿਸ ਦੀ ਕਹਾਣੀ



**ਮਾਚਿਸ ਇਹੋ ਜਿਹੀ ਚੀਜ਼ ਹੈ,** ਜਿਹਨੂੰ ਹਰੇਕ ਘਰ, ਪਰਿਵਾਰ ਵਿਚ ਵਰਤਿਆ ਜਾਂਦਾ ਹੈ। ਜਿਹੜੀ ਚੀਜ਼ ਐਨੀ ਉਪਯੋਗੀ ਹੈ, ਉਸ ਦੇ ਬਾਰੇ ਵਿਚ ਤੁਸੀਂ ਕਿੰਨਾ ਕੁ ਜਾਣਦੇ ਹੋ? ਆਓ, ਇਸ ਬਾਰੇ ਵਿਚ ਜਾਣੀਏ-

ਮਾਚਿਸ ਦੀਆਂ ਦੋ ਕਿਸਮਾਂ ਹਨ। ਪਹਿਲੀ ਕਿਸਮ ਹੈ ਘਰਸਣ (ਰਗੜ) ਅਤੇ ਦੂਜੀ ਹੈ ਸੁਰੱਖਿਅਤ ਮਾਚਿਸ।

**ਘਰਸਣ ਮਾਚਿਸ :** ਇਹ ਉਹ ਮਾਚਿਸ ਹੈ, ਜਿਹਨੂੰ ਕਿਸੇ ਵੀ ਖੁਰਦਰੇ ਥਾਂ 'ਤੇ ਰਗੜਨ ਨਾਲ ਅੱਗ ਪੈਦਾ ਹੋ ਜਾਂਦੀ ਹੈ। ਇਸ ਨੂੰ ਬਣਾਉਣ ਵਿਚ ਗੰਧਕ, ਮੋਮ, ਫਾਸਫੋਰਸ ਟ੍ਰਾਈਸਲਫਾਈਡ, ਏਟੀਮਨੀ ਟ੍ਰਾਈਸਲਫਾਇਡ ਪੋਟਾਸ਼ੀਅਮ ਕਲੋਰੇਟ, ਕੱਚ ਅਤੇ ਰੇਤ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਸ ਵਿਚ ਲਗਭਗ 8 ਸੈਂਟੀਮੀਟਰ ਲੰਬੀ ਅਤੇ 0.3 ਸੈਂਟੀਮੀਟਰ ਵਿਆਸ ਵਾਲੀ ਲੱਕੜੀ ਦੀ ਤੀਲ੍ਹੀ ਹੁੰਦੀ ਹੈ। ਇਹ ਤੀਲ੍ਹੀਆਂ ਥੋੜ੍ਹੀ ਜਿਹੀ ਰਗੜ ਨਾਲ ਅੱਗ ਫੜ ਲੈਂਦੀਆਂ ਹਨ। ਇਸ ਲਈ ਇਨ੍ਹਾਂ ਦਾ ਪ੍ਰਯੋਗ ਸੁਰੱਖਿਅਤ ਨਹੀਂ ਮੰਨਿਆ ਜਾਂਦਾ। ਇਸ ਦੇ ਇਕ ਸਿਰੇ ਦਾ ਰੰਗ ਲਾਲ, ਚਿੱਟਾ ਜਾਂ ਨੀਲਾ ਹੁੰਦਾ ਹੈ।

**ਸੁਰੱਖਿਅਤ ਮਾਚਿਸ :** ਇਸ ਮਾਚਿਸ ਵਿਚ ਫਾਸਫੋਰਸ ਟ੍ਰਾਈਸਲਫਾਇਡ ਦੀ ਥਾਂ 'ਤੇ ਲਾਲ ਫਾਸਫੋਰਸ ਪ੍ਰਯੋਗ ਵਿਚ ਲਿਆਇਆ ਜਾਂਦਾ ਹੈ। ਇਹ ਤੀਲ੍ਹੀਆਂ ਖੁਦ ਅੱਗ ਨਹੀਂ ਫੜਦੀਆਂ, ਬਲਕਿ ਖੋਲ 'ਤੇ ਲੱਗੇ ਖਾਸ ਰਸਾਇਣ ਦੀ ਰਗੜ ਨਾਲ ਹੀ ਜਲਦੀਆਂ ਹਨ। ਇਸ ਲਈ ਇਨ੍ਹਾਂ ਨੂੰ ਸੁਰੱਖਿਅਤ ਸਮਝਿਆ ਜਾਂਦਾ ਹੈ।

ਵੈਸੇ ਜਿਥੋਂ ਤੱਕ ਸਭ ਤੋਂ ਪਹਿਲਾਂ ਮਾਚਿਸ ਬਣਾਉਣ ਦਾ ਪ੍ਰਸ਼ਨ ਹੈ, ਤਾਂ ਉਸ ਦਾ ਸਿਹਰਾ ਅੰਗਰੇਜ਼ ਫਾਰਮਸਿਸਟ ਜਾਨ ਵਾਲਕਰ ਦੇ ਸਿਰ ਹੈ। ਉਨ੍ਹਾਂ ਨੇ 1827 ਵਿਚ ਇਸ ਨੂੰ ਬਣਾਇਆ ਸੀ ਪਰ ਸਭ ਤੋਂ ਪਹਿਲਾਂ ਸੁਰੱਖਿਅਤ ਮਾਚਿਸ ਬਣਾਉਣ ਵਾਲੇ ਸਵੀਡਨ ਦੇ ਗੁਸਤਾਏ ਪਾਧਵ ਸਨ, ਜਿਨ੍ਹਾਂ ਨੇ 1844 ਵਿਚ ਇਸ ਨੂੰ ਬਣਾਇਆ। ਭਾਰਤ ਵਿਚ ਮਾਚਿਸ ਬਣਾਉਣ ਦੀ ਫੈਕਟਰੀ ਤਾਮਿਲਨਾਡੂ ਦੇ ਸ਼ਿਵਾਕਾਸੀ ਵਿਚ ਨਾਡਾਰ ਭਰਾਵਾਂ ਨੇ ਲਗਾ ਕੇ ਇਸ ਦਾ ਉਤਪਾਦਨ ਸ਼ੁਰੂ ਕੀਤਾ ਸੀ।

ਬਾਲ ਕਵਿਤਾ

## ਆਲਸ

**-ਸੁਰਿੰਦਰ ਪਾਲ ਸਿੰਘ 94634-66234**

ਅੱਜ ਦਾ ਕੰਮ ਕੱਲ੍ਹ 'ਤੇ ਨਾ ਛੱਡੋ ਬੱਚਿਓ।
ਆਲਸ ਦਾ ਕੋਹੜ ਤੁਸੀਂ ਕੱਢੋ ਬੱਚਿਓ।
ਉੱਠੋ-ਉੱਠੋ ਸੂਰਜ ਆ ਗਿਆ।
ਨਿਬੇੜ ਕੇ ਪੰਦਰਾਂ ਕਰੋੜ ਦਾ ਪੰਧ ਬੱਚਿਓ।
ਦਾਤਣ ਕਰੋ, ਨਹਾਓ, ਨਮਸਕਾਰ ਕਰੋ।
ਚੁੱਕੋ ਕਿਤਾਬ ਹੋ ਜਾਓ ਕਮਰੇ 'ਚ ਬੰਦ ਬੱਚਿਓ।
ਪੈੱਨ ਕਾਪੀ ਤੇ ਕਿਤਾਬ ਤੁਹਾਡੇ ਨੇ ਹਥਿਆਰ।
ਉੱਚੇ ਰੁਤਬੇ ਨੂੰ ਚਾਹੀਦੇ ਹੌਸਲੇ ਬੁਲੰਦ ਬੱਚਿਓ।
ਇਕੱਲਾ-ਇਕੱਲਾ ਵਿਸ਼ਾ, ਕਾਪੀਆਂ ਕਿਤਾਬਾਂ ਦੇਖੋ।
ਤਿਆਰ ਕਰੋ ਬੈਗ ਜਿਵੇਂ ਬਿਸਤਰਬੰਦ ਬੱਚਿਓ।
ਵਾਰ ਵਾਰ ਪੁੱਛੋ ਜੋ ਆਉਂਦਾ ਨੀਂ ਸਮਝ।
ਤਾਹੀਓਂ ਤੁਸੀਂ ਬਣੋਗੇ ਅਕਲਮੰਦ ਬੱਚਿਓ।
ਪਹਿਲੇ ਕੁਝ ਸਾਲ ਮਿਹਨਤ ਪੜ੍ਹਾਈ ਕਰੋ।
ਫਿਰ ਜੀਵਨ ਦਾ ਲਓਗੇ ਅਨੰਦ ਬੱਚਿਓ।
ਨਕਲ ਦੇ ਕੋਹੜ ਤੋਂ ਕੋਹਾਂ ਮੀਲ ਦੂਰ ਰਹਿਓ।
ਸਿਆਣੇ ਕਹਿੰਦੇ ਨਕਲ ਅਕਲ ਨੂੰ ਕਰੇ ਬੰਦ ਬੱਚਿਓ।
ਸਮੇਂ ਸਿਰ ਖੇਡਾਂ ਸੋਨੇ 'ਤੇ ਸੁਹਾਗਾ ਜਿਵੇਂ।
ਫ਼ੌਜਾਂ ਕੋਲ ਗੱਡੀ ਜਿਵੇਂ ਬਖ਼ਤਰਬੰਦ ਬੱਚਿਓ।
ਹੁਨਰਾਂ ਦੀ ਪੰਡ ਲੈ ਕੇ ਕੋਈ ਨੀਂ ਜੰਮਿਆ।
ਹੁੰਦਾ ਮਿਹਨਤਾਂ ਮੁਸ਼ੱਕਤਾਂ ਦਾ ਕੰਮ ਬੱਚਿਓ। -0-

ਪ੍ਰੇਰਕ ਪ੍ਰਸੰਗ

## ਅਧਿਆਪਕਾਂ ਦਾ ਸਤਿਕਾਰ ਕਰੋ

**-ਹਰਗੁਣਪ੍ਰੀਤ ਸਿੰਘ**

ਇੱਕ ਵਾਰ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁਲ ਕਲਾਮ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਕਿਸੇ ਪੱਤਰਕਾਰ ਨੇ ਪੁੱਛਿਆ, ''ਕਲਾਮ ਸਾਹਿਬ! ਤੁਹਾਨੂੰ ਸਾਰੀ ਦੁਨੀਆਂ ਬਹੁਤ ਪਿਆਰ ਅਤੇ ਸਤਿਕਾਰ ਦਿੰਦੀ ਹੈ। ਇਸ ਲਈ ਤੁਸੀਂ 'ਮਿਜ਼ਾਈਲ ਮੈਨ', 'ਲੋਕਾਂ ਦੇ ਰਾਸ਼ਟਰਪਤੀ', 'ਭਾਰਤ ਰਤਨ' ਜਾਂ ਹੋਰ ਕਿਸ ਨਾਂ ਨਾਲ ਸੰਬੋਧਨ ਹੋਣਾ ਪਸੰਦ ਕਰਦੇ ਹੋ?'' ਡਾ. ਕਲਾਮ ਨੇ ਮੁਸਕਰਾਉਂਦਿਆਂ ਉੱਤਰ ਦਿੱਤਾ, ''ਮੈਂ ਲੋਕਾਂ ਦਾ ਬਹੁਤ ਧੰਨਵਾਦੀ ਹਾਂ ਜਿਹੜੇ ਮੈਨੂੰ ਸਤਿਕਾਰ ਨਾਲ ਇਨ੍ਹਾਂ ਵੱਖ ਵੱਖ ਨਾਵਾਂ ਨਾਲ ਬੁਲਾਉਂਦੇ ਹਨ, ਪਰ ਮੈਂ ਚਾਹੁੰਦਾ ਹਾਂ ਕਿ ਮੈਨੂੰ ਇੱਕ ਅਧਿਆਪਕ ਦੇ ਤੌਰ 'ਤੇ ਹੀ ਯਾਦ ਕੀਤਾ ਜਾਵੇ ਕਿਉਂਕਿ ਅਧਿਆਪਨ ਸਰਵੋਤਮ ਕਿੱਤਾ ਹੈ।'' ਆਪਣੇ ਰਾਸ਼ਟਰਪਤੀ ਦੇ ਅਹੁਦੇ ਦੀ ਮਿਆਦ ਪੂਰੀ ਹੋਣ ਉਪਰੰਤ ਵੀ ਉਨ੍ਹਾਂ ਨੇ ਪੜ੍ਹਨਾ-ਪੜ੍ਹਾਉਣਾ ਜਾਰੀ ਰੱਖਿਆ ਅਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਅਕਸਰ ਸ਼ਿਲਾਂਗ, ਅਹਿਮਦਾਬਾਦ, ਹੈਦਰਾਬਾਦ, ਬੰਗਲੌਰ ਆਦਿ ਥਾਵਾਂ ਦੀਆਂ ਵਿੱਦਿਅਕ, ਵਿਗਿਆਨਕ ਅਤੇ ਤਕਨੀਕੀ ਸੰਸਥਾਵਾਂ ਵਿੱਚ ਵਿਜ਼ਟਿੰਗ ਪ੍ਰੋਫੈਸਰ ਦੇ ਤੌਰ 'ਤੇ ਜਾਂਦੇ ਰਹਿੰਦੇ ਸਨ। ਆਪਣੇ ਅੰਤ ਸਮੇਂ ਉਹ ਸ਼ਿਲਾਂਗ ਦੇ ਆਈਆਈਐਮ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਹੇ ਸਨ।

ਡਾ. ਕਲਾਮ ਅਕਸਰ ਆਪਣੇ ਭਾਸ਼ਣਾਂ ਦੌਰਾਨ ਆਪਣੇ ਅਧਿਆਪਕਾਂ ਦਾ ਜ਼ਿਕਰ ਕਰਕੇ ਉਨ੍ਹਾਂ ਨੂੰ ਸਤਿਕਾਰ ਦਿੰਦੇ ਹੋਏ ਕਹਿੰਦੇ ਸਨ ਕਿ ਪਰਮਾਤਮਾ ਨੇ ਕੁਝ ਮਹਾਨ ਅਧਿਆਪਕਾਂ ਜ਼ਰੀਏ ਹੀ ਉਨ੍ਹਾਂ ਉੱਤੇ ਬਖ਼ਸ਼ਿਸ਼ ਕੀਤੀ ਅਤੇ ਉਨ੍ਹਾਂ ਦੇ ਜੀਵਨ ਨੂੰ ਸਹੀ ਸੇਧ ਮਿਲ ਸਕੀ। ਜਦੋਂ ਵੀ ਉਹ ਵਿਦਿਆਰਥੀਆਂ ਦੇ ਰੂਬਰੂ ਹੁੰਦੇ ਤਾਂ ਉਨ੍ਹਾਂ ਨੂੰ ਹਮੇਸ਼ਾਂ ਅਧਿਆਪਕਾਂ ਦਾ ਸਤਿਕਾਰ ਕਰਨ ਲਈ ਪ੍ਰੇਰਦੇ। ਉਨ੍ਹਾਂ ਦੇ ਪ੍ਰੇਰਨਾਮਈ ਵਿਚਾਰ ਵਿਦਿਆਰਥੀਆਂ ਦੇ ਨਾਲ ਨਾਲ ਅਧਿਆਪਕਾਂ ਨੂੰ ਵੀ ਆਪਣੇ ਫ਼ਰਜ਼ ਪਛਾਣਨ ਲਈ ਪ੍ਰੇਰਿਤ ਕਰਦੇ। ਉਹ ਚਾਹੁੰਦੇ ਸਨ ਕਿ ਅਜੋਕੇ ਤੇਜ਼ੀ ਨਾਲ ਬਦਲਦੇ ਸਮੇਂ ਦੌਰਾਨ ਅਧਿਆਪਕ ਵਿਦਿਆਰਥੀਆਂ ਵਿੱਚ ਰਚਨਾਤਮਿਕ ਰੁਚੀਆਂ ਪੈਦਾ ਕਰਨ ਕਿਉਂਕਿ ਨਵੀਂ ਅਤੇ ਨਿਵੇਕਲੀ ਸੋਚ ਨਾਲ ਹੀ ਹਰ ਖੇਤਰ ਵਿੱਚ ਉਸਾਰੂ ਵਿਕਾਸ ਸੰਭਵ ਹੋ ਸਕਦਾ ਹੈ। -0-

ਬਾਲ ਕਹਾਣੀ:

# ਕੋਤਵਾਲ ਚਿੜੀ

ਡਾ. ਪੁਸ਼ਪਿੰਦਰ ਸਿੰਘ ਜੈ ਰੂਪ

ਇੱਕ ਦਿਨ ਕਿਸੇ ਕੰਮ ਲਈ ਅਸੀਂ ਸ਼ਹਿਰੋਂ ਬਾਹਰ ਜਾ ਰਹੇ ਸੀ ਤਾਂ ਰਸਤੇ ਵਿੱਚ ਦੇਖਿਆ ਕਿ ਇੱਕ ਚਮਕਦੀ ਸ਼ਾਹ-ਕਾਲੀ, ਪਤਲੀ ਅਤੇ ਸਮਾਰਟ ਚਿੜੀ ਆਪਣੇ ਤੋਂ ਦੁੱਗਣੇ ਮੋਟੇ, ਥੋੜ੍ਹੇ ਲੰਮੇ ਅਤੇ ਵੱਡੇ ਕਾਂ ਦੇ ਮਗਰ ਪਈ ਹੋਈ ਸੀ ਅਤੇ ਉਸ ਕਾਂ ਨੂੰ ਚਿੜੀ ਤੋਂ ਬਚਣ ਦਾ ਰਾਹ ਨਹੀਂ ਲੱਭ ਰਿਹਾ ਸੀ। ਜਦੋਂ ਕਾਂ ਉੱਡਦਾ ਕਾਫ਼ੀ ਦੂਰ ਨਿਕਲ ਗਿਆ ਤਾਂ ਉਹ ਚਿੜੀ ਮੁੜ ਵਾਪਸ ਆ ਕੇ ਆਪਣੀ ਥਾਂ ਟੈਲੀਫੋਨ ਦੀ ਤਾਰ ਉੱਤੇ ਬੈਠ ਗਈ। ਐਨੇ ਨੂੰ ਅਸੀਂ ਵੀ ਉਸ ਥਾਂ ਤੋਂ ਅੱਗੇ ਲੰਘ ਗਏ। ਉਸ ਚਿੜੀ ਦੀ ਹਿੰਮਤ ਦੇਖ ਕੇ ਮੇਰੇ ਪਤੀ ਕਹਿੰਦੇ,''ਬੜੀ ਲੜਾਕੀ ਅਤੇ ਬਹਾਦਰ ਚਿੜੀ ਹੈ। ਇਸ ਦਾ ਕੀ ਨਾਮ ਹੈ?'' ਮੈਂ ਉਨ੍ਹਾਂ ਨੂੰ ਦੱਸਿਆ ਕਿ ਇਸ ਚਿੜੀ ਨੂੰ ਇਸ ਦੀ ਨਿਡਰਤਾ, ਬਹਾਦਰੀ ਅਤੇ ਹੌਸਲੇ ਕਰਕੇ 'ਕੋਤਵਾਲ ਚਿੜੀ' ਜਾਂ 'ਭੁਚੰਗ ਚਿੜੀ' ਕਹਿੰਦੇ ਹਨ। ਇਸ ਦੇ ਨਾਲ ਇਸ ਦੇ ਸ਼ਾਹ-ਕਾਲੇ ਰੰਗ ਕਰਕੇ ਇਸ ਨੂੰ 'ਕਾਲੀਕਲਾਚੀ' ਜਾਂ 'ਕਲਚੂਹੀ' ਵੀ ਕਹਿੰਦੇ ਹਨ। ਇਸ ਦੇ ਕਾਲੇ ਰੰਗ ਕਰਕੇ ਹੀ ਇਸ ਨੂੰ ਅੰਗਰੇਜ਼ੀ ਵਿੱਚ 'ਬਲੈਕ ਡਰੋਂਗੋ' ਅਤੇ ਬਹਾਦਰੀ ਕਰਕੇ 'ਕਿੰਗ ਕਰੋ' ਕਹਿੰਦੇ ਹਨ। ਇਨ੍ਹਾਂ ਏਸ਼ੀਆਈ ਮਹਾਂਦੀਪ ਵਿੱਚ ਪੈਦਾ ਹੋਈਆਂ ਚਿੜੀਆਂ ਦੀਆਂ 26 ਜਾਤੀਆਂ ਦੇ ਪਰਿਵਾਰ ਨੂੰ 'ਡਿਕਰੂਰੀਡੇਈ' ਸੱਦਦੇ ਹਨ। ਇਸ ਵੇਲੇ ਇਹ ਪਰਿਵਾਰ ਏਸ਼ੀਆਈ ਦੇਸ਼ਾਂ ਦੇ ਨਾਲ ਅਫ਼ਰੀਕੀ ਦੇਸ਼ਾਂ ਵਿੱਚ ਵੀ ਵੱਸਿਆ ਹੋਇਆ ਹੈ। ਭਾਰਤ ਵਿੱਚ ਮਿਲਣ ਵਾਲੀ ਇਸ 'ਕੋਤਵਾਲ ਚਿੜੀ' ਦਾ ਤਕਨੀਕੀ ਨਾਮ 'ਡਿੱਕਰੁਰੱਸ ਮੈਕਰੋਸੀਰਕਸ' ਹੈ ਅਤੇ ਇਹ ਸਮੁੰਦਰ ਤੋਂ 800 ਮੀਟਰ ਦੀ ਉਚਾਈ ਤਕ ਦੇ ਮੈਦਾਨੀ ਇਲਾਕਿਆਂ ਵਿੱਚ ਆਮ ਮਿਲ ਜਾਂਦੀ ਹੈ। ਇਨ੍ਹਾਂ ਨਿਡਰ ਅਤੇ ਬਹਾਦਰ ਚਿੜੀਆਂ ਨੂੰ ਖੁੱਲ੍ਹੇ ਆਮ ਬਿਜਲੀ ਦੀਆਂ ਤਾਰਾਂ, ਖੰਭਿਆਂ ਜਾਂ ਦਰੱਖਤਾਂ ਦੀਆਂ ਸੁੱਕੀਆਂ ਟਾਹਣੀਆਂ ਉੱਤੇ ਆਪਣੇ ਸ਼ਿਕਾਰ ਦੀ ਤਾਕ ਵਿੱਚ ਇਕੱਲਮ-ਇਕੱਲੇ ਜਾਂ ਜੋੜੀਆਂ ਵਿੱਚ ਬੈਠਿਆ ਦੇਖਿਆ ਜਾ ਸਕਦਾ ਹੈ। ਸ਼ਹਿਰਾਂ ਪਿੰਡਾਂ ਅਤੇ ਉਨ੍ਹਾਂ ਦੇ ਆਲੇ-ਦੁਆਲੇ, ਖੇਤਾਂ ਅਤੇ ਵਿਰਲੇ ਜੰਗਲਾਂ ਵਿੱਚ ਆਪਣੇ ਸ਼ਾਹ-ਕਾਲੇ ਰੰਗ ਕਰਕੇ ਇਹ ਦੂਰੋਂ ਦਿਸ ਜਾਂਦੀਆਂ ਹਨ।

ਆਮ ਤੌਰ ’ਤੇ ਇਹ ਕੀੜਿਆਂ-ਮਕੌੜਿਆਂ ਦਾ ਸ਼ਿਕਾਰ ਉਡਦੇ-ਉਡਦੇ ਹੀ ਕਰ ਲੈਂਦੀਆਂ ਹਨ ਪਰ ਕਦੇ-ਕਦਾਈਂ ਜ਼ਮੀਨ ਉੱਤੋਂ ਵੀ ਕੀੜੇ ਫੜ੍ਹ ਲੈਂਦੀਆਂ ਹਨ। ਇਸ ਲਈ ਇਹ ਕਿਸਾਨਾਂ ਦੀਆਂ ਮਿੱਤਰ ਕਹਾਉਣ ਦੀਆਂ ਪੂਰੀਆਂ ਹੱਕਦਾਰ ਹਨ। ਨਰ ਅਤੇ ਮਾਦਾ ਵਿੱਚ ਦੂਰੋਂ ਦੇਖਣ ਨੂੰ ਕੋਈ ਫ਼ਰਕ ਨਹੀਂ ਲੱਗਦਾ। ਇਨ੍ਹਾਂ ਦਾ ਚਮਕਦੇ ਕਾਲੇ ਰੰਗ ਵਾਲਾ ਇਕਹਿਰਾ ਸਰੀਰ ਦੂਰੋਂ ਦੇਖਣ ਨੂੰ ਇੰਜ ਲੱਗਦਾ ਹੈ ਜਿਵੇਂ ਇਹ ਨਹਾ ਧੋ ਕੇ ਤੇ ਕੰਘੀ-ਪੱਟੀ ਕਰਕੇ ਬੈਠੀਆਂ ਹੋਣ। ਤਾਰਾਂ ਉੱਤੇ ਬੈਠਣ ਵੇਲੇ ਇਹ ਪੂਰੇ ਰੋਅਬ ਨਾਲ ਆਪਣੀ ਧੌਣ ਅਕੜਾ ਕੇ ਬੈਠਦੀਆਂ ਹਨ। ਇਨ੍ਹਾਂ ਦੇ ਸਰੀਰ ਦੀ ਲੰਬਾਈ ਕੋਈ 28 ਸੈਂਟੀਮੀਟਰ ਹੁੰਦੀ ਹੈ। 'ਕਲਚੂਹੀਆਂ' ਦੀ ਚੁੰਝ ਕਾਲੀ ਅਤੇ ਅੱਖਾਂ ਗੂੜ੍ਹੀ-ਭੂਰੀ ਭਾਹ ਵਾਲੀਆਂ ਲਾਲ ਹੁੰਦੀਆਂ ਹਨ। ਲੱਤਾਂ ਕਾਲੀਆਂ ਅਤੇ ਛੋਟੀਆਂ ਹੁੰਦੀਆਂ ਹਨ ਪਰ ਪੂੰਛ ਲੰਮੀ ਅਤੇ ਅੰਤ ਵਿੱਚ ਦੋਮੂੰਹੀ ਹੁੰਦੀ ਹੈ। ਇਹ ਜ਼ੋਰ-ਜ਼ੋਰ ਦੀ ਖੰਭ ਮਾਰ ਕੇ ਬਹੁਤ ਕੁਸ਼ਲਤਾ ਨਾਲ ਹਵਾ ਵਿੱਚ ਕਲਾਬਾਜ਼ੀਆਂ ਲਗਾਉਂਦੀਆਂ ਸ਼ਿਕਾਰ ਕਰਦੀਆਂ ਹਨ।

'ਕੋਤਵਾਲ ਚਿੜੀਆਂ' ਤੜਕੇ ਸਵੇਰੇ ਤੋਂ ਦੇਰ ਸ਼ਾਮ ਤਕ ਸ਼ਿਕਾਰ ਕਰਦੀਆਂ ਹਨ। ਇਹ ਬਹੁਤ ਅਕਲਮੰਦ ਚਿੜੀਆਂ ਹਨ ਅਤੇ ਕਈ ਵਾਰ ਤਾਂ ਦਰੱਖਤਾਂ ਦੇ ਬਹੁਤ ਨੇੜੇ ਦੀ ਉੱਡਦੇ ਹੋਏ ਫੜ-ਫੜਾਕੇ ਪੱਤਿਆਂ ਵਿੱਚ ਬੈਠੇ ਕੀੜਿਆਂ-ਮਕੌੜਿਆਂ ਨੂੰ ਡਰਾ ਕੇ ਉਡਾ ਲੈਂਦੀਆਂ ਹਨ ਅਤੇ ਫੇਰ ਉਨ੍ਹਾਂ ਦਾ ਸ਼ਿਕਾਰ ਕਰ ਲੈਂਦੀਆਂ ਹਨ। ਇਹ ਚਾਰਗਾਹਾਂ ਵਿੱਚ ਮੱਝਾਂ ਅਤੇ ਗਾਵਾਂ ਦੀ ਸਵਾਰੀ ਕਰਦੀਆਂ ਉਨ੍ਹਾਂ ਦੇ ਪੈਰਾਂ ਨਾਲ ਘਾਹ ਵਿੱਚੋਂ ਉੱਡਣ ਵਾਲੇ ਕੀੜਿਆਂ ਦਾ ਸ਼ਿਕਾਰ ਕਰਦੀਆਂ ਹਨ ਅਤੇ ਬਹੁਤ ਵਾਰੀ ਖੇਤ ਵਾਹੁਣ ਵੇਲੇ ਟਰੈਕਟਰਾਂ ਦਾ ਵੀ ਪਿੱਛਾ ਕਰਦੀਆਂ ਹਨ। ਇਸ ਦੇ ਨਾਲ ਇਹ ਵੱਡੇ ਸ਼ਿਕਾਰੀ ਪੰਛੀਆਂ ਦੀ ਆਵਾਜ਼ ਦੀ ਨਕਲ ਕਰਕੇ ਦੂਜੇ ਛੋਟੇ ਸ਼ਿਕਾਰੀ ਪੰਛੀਆਂ ਨੂੰ ਡਰਾ ਕੇ ਭਜਾ ਲੈਂਦੀਆਂ ਹਨ ਅਤੇ ਉਨ੍ਹਾਂ ਦਾ ਸ਼ਿਕਾਰ ਖੋਹ ਲੈਂਦੀਆਂ ਹਨ। ਉਂਜ ਆਮ-ਤੌਰ ਉੱਤੇ ਇਹ 'ਟੀ-ਹੀ-ਟੀ-ਹੀ' ਵਰਗੀ ਅਵਾਜ਼ ਹੀ ਕੱਢਦੀਆਂ ਹਨ।

'ਕੋਤਵਾਲ ਚਿੜੀਆਂ ਦੇ ਨਰ ਅਤੇ ਮਾਦਾ ਇੱਕ ਦੂਜੇ ਲਈ ਬਹੁਤ ਵਫ਼ਾਦਾਰ ਹੁੰਦੇ ਹਨ। ਇਨ੍ਹਾਂ ਉੱਤੇ ਬਹਾਰ ਫਰਵਰੀ-ਮਾਰਚ ਵਿੱਚ ਆਉਂਦੀ ਹੈ। ਬਹਾਰ ਦੇ ਮੌਸਮ ਵਿੱਚ ਇਹ ਸਵੇਰੇ-ਸਵੇਰੇ ਬਹੁਤ ਰੌਲਾ ਮਚਾਉਂਦੀਆਂ ਹਨ ਅਤੇ ਕਈ ਵਾਰ ਨਰ ਅਤੇ ਮਾਦਾ ਹਵਾ ਵਿੱਚ ਇੱਕ-ਦੂਜੇ ਨਾਲ ਪੰਜੇ ਅਤੇ ਚੁੰਝਾਂ ਫਸਾ ਕੇ ਕਲਾਬਾਜ਼ੀਆਂ ਲਾਉਂਦੇ ਹਨ। ਕਦੇ-ਕਦਾਈ ਤਾਂ ਇਸੇ ਖੇਡ ਵਿੱਚ ਇਹ ਜ਼ਮੀਨ ਉੱਤੇ ਵੀ ਡਿੱਗ ਪੈਂਦੇ ਹਨ। ਇਹ ਆਪਣਾ ਸਿੱਧਾ ਅਤੇ ਆਮ ਜਿਹਾ ਆਲ੍ਹਣਾ ਦਰਮਿਆਨੇ ਕੱਦ ਦੇ ਦਰੱਖਤਾਂ ਵਿੱਚ 6 ਤੋਂ 9 ਮੀਟਰ ਦੀ ਉਚਾਈ ਉੱਤੇ ਪਤਲੀਆਂ ਟਾਹਣੀਆਂ ਨਾਲ ਬਣਾਉਂਦੇ ਹਨ। ਮਾਦਾ ਆਪਣੇ ਆਲ੍ਹਣੇ ਵਿੱਚ ਲਾਖੇ-ਚੱਟਾਕਾਂ ਵਾਲੇ ਅਤੇ ਪੀਲੀ ਭਾਹ ਵਾਲੇ ਚਿੱਟੇ ਰੰਗ ਦੇ 3 ਤੋਂ 4 ਅੰਡੇ ਦਿੰਦੀ ਹੈ। ਅੰਡਿਆਂ ਵਿੱਚੋਂ 14 ਤੋਂ 15 ਦਿਨਾਂ ਵਿੱਚ ਬੱਚੇ ਨਿਕਲ ਆਉਂਦੇ ਹਨ। ਨਰ ਅਤੇ ਮਾਦਾ ਨੂੰ ਆਪਣੇ ਬੱਚਿਆਂ ਦਾ ਪਹਿਲਾ ਇੱਕ ਹਫ਼ਤਾ ਬਹੁਤ ਧਿਆਨ ਰੱਖਣਾ ਪੈਂਦਾ ਹੈ। ਕੋਈ 20 ਦਿਨਾਂ ਬਾਅਦ ਬੱਚੇ ਆਲ੍ਹਣੇ ਤੋਂ ਬਾਹਰ ਨਿਕਲ ਜਾਂਦੇ ਹਨ ਪਰ ਇੱਕ ਹੋਰ ਮਹੀਨਾ ਉਹ ਆਪਣੇ ਮਾਂ-ਬਾਪ ਦੇ ਨਾਲ ਹੀ ਰਹਿੰਦੇ ਹਨ। ਇਨ੍ਹਾਂ ਦੇ ਅੱਲ੍ਹੜ ਬੱਚਿਆਂ ਦਾ ਰੰਗ ਘੱਟ ਚਮਕਦਾਰ ਹੁੰਦਾ ਹੈ ਅਤੇ ਉਨ੍ਹਾਂ ਦੀ ਪੂਛ ਵੀ ਦੋਮੂੰਹੀ ਨਹੀਂ ਹੁੰਦੀ। ਦੋ ਸਾਲ ਦੀ ਉਮਰ ਵਿੱਚ ਬੱਚੇ ਪ੍ਰੋੜ੍ਹ ਬਣ ਜਾਂਦੇ ਹਨ।

ਇਹ 'ਕਲਚੂਹੀਆਂ' ਆਪਣੇ ਤੋਂ ਵੱਡੀਆਂ ਚਿੜੀਆਂ ਦਾ ਬੜੀ ਨਿਡਰਤਾ ਅਤੇ ਬਹਾਦਰੀ ਨਾਲ ਮੁਕਾਬਲਾ ਕਰਦੀਆਂ ਹਨ। ਆਪਣੇ ਖੇਤਰ ਅਤੇ ਆਲ੍ਹਣੇ ਦੇ ਨੇੜੇ ਆਏ ਘੁਸਪੈਠੀਏ ਨੂੰ ਇਹ ਠੂੰਗਾਂ ਮਾਰ-ਮਾਰ ਕੇ ਭਜਾ ਦਿੰਦੀਆਂ ਹਨ। ਇਨ੍ਹਾਂ ਦੀ ਬਹਾਦਰੀ ਦਾ ਫਾਇਦਾ ਦੂਜੀਆਂ ਛੋਟੀਆਂ ਚਿੜੀਆਂ ਜਿਵੇਂ ਸਿਰੜ੍ਹੀਆਂ, ਘੁੱਗੀਆਂ, ਬੁਲਬੁਲਾਂ, ਪੀਲਕਾਂ ਆਦਿ, ਆਪਣੇ ਆਲ੍ਹਣੇ ਇਨ੍ਹਾਂ ਦੇ ਆਲ੍ਹਣੇ ਦੇ ਨੇੜੇ ਬਣਾ ਕੇ, ਪੂਰੀ ਤਰ੍ਹਾਂ ਲੈਂਦੀਆਂ ਹਨ। ਪਰ ਫਿਰ ਵੀ ਬਹੁਤ ਵਾਰ ਕੋਇਲਾਂ ਇਨ੍ਹਾਂ ਦੇ ਆਲ੍ਹਣੇ ਵਿੱਚ ਆਪਣੇ ਅੰਡੇ ਦੇ ਜਾਂਦੀਆਂ ਹਨ ਅਤੇ ਇਹ ਵਿਚਾਰੀਆਂ ਉਨ੍ਹਾਂ ਦੇ ਬੱਚੇ ਪਾਲਦੀਆਂ ਰਹਿੰਦੀਆਂ ਹਨ। ਪਾਕਿਸਤਾਨੀ-ਪੰਜਾਬ ਵਿੱਚ ਇਸ ਚਿੜੀ ਨੂੰ ਪਾਕ ਗਿਣਿਆ ਜਾਂਦਾ ਹੈ, ਪਰ ਦੂਜੇ ਪਾਸੇ ਸ਼ਹਿਦ ਦੀਆਂ ਮੱਖੀਆਂ ਪਾਲਣ ਵਾਲੇ ਇਨ੍ਹਾਂ ਤੋਂ ਤੰਗ ਵੀ ਆ ਜਾਂਦੇ ਹਨ। -0-

# ਵਿਗਿਆਨ ਨਾਲ ਗੱਲਾਂ

**ਮੈਡਮ ਅਨੀਤਾ ਸ: ਹਾ: ਸਕੂਲ, ਧੰਨੋਵਾਲੀ (ਜਲੰਧਰ)**

ਪਿਆਰੇ ਬੱਚਿਓ, ਵਿਗਿਆਨ ਨਾਲ ਸਾਡਾ ਡੂੰਘਾ ਰਿਸ਼ਤਾ ਹੈ, ਉਹ ਚਾਹੇ ਭੌਤਿਕ ਵਿਗਿਆਨ, ਰਸਾਇਣਕ ਵਿਗਿਆਨ ਜਾਂ ਜੀਵ ਵਿਗਿਆਨ ਹੋਵੇ। ਆਓ, ਫਿਰ ਅੱਜ ਜੀਵ ਵਿਗਿਆਨ ਰਾਹੀਂ ਸਿਹਤ ਦਾ ਗਿਆਨ ਹਾਸਲ ਕਰਦੇ ਹਾਂ।

**ਸਾਡੇ ਸਰੀਰ ਨੂੰ ਭੋਜਨ ਦੀ ਲੋੜ ਕਿਉਂ ਪੈਂਦੀ ਹੈ?**

-ਭੋਜਨ ਤੋਂ ਬਿਨਾਂ ਮਨੁੱਖ ਜਿਉਂਦਾ ਨਹੀਂ ਰਹਿ ਸਕਦਾ।ਫਿਰ ਉਹ ਸ਼ਾਕਾਹਾਰੀ ਹੋਵੇ ਜਾਂ ਮਾਸਾਹਾਰੀ।ਸ਼ਾਕਾਹਾਰੀ ਤੋਂ ਭਾਵ ਹੈ ਅਨਾਜ, ਦਾਲਾਂ, ਸਬਜ਼ੀਆਂ, ਫਲ, ਦੁੱਧ ਆਦਿ ਤੇ ਮਾਸਾਹਾਰੀ ਦਾ ਅਰਥ ਹੈ ਮਾਸ, ਮੱਛੀ, ਆਂਡੇ ਆਦਿ।ਭੋਜਨ ਦੀ ਸਰੀਰ ਨੂੰ ਲੋੜ ਹੈ, ਕਿਉਂਕਿ ਟੁੱਟੇ-ਭੱਜੇ ਸੈੱਲਾਂ ਦੀ ਮੁਰੰਮਤ, ਸਰੀਰ ਵਿਚ ਵਾਧਾ ਤੇ ਨਵੇਂ ਸੈੱਲਾਂ ਦਾ ਨਿਰਮਾਣ ਭੋਜਨ ਨਾਲ ਹੀ ਹੁੰਦਾ ਹੈ। ਭੋਜਨ ਸਾਡੇ ਸਰੀਰ ਵਿਚ ਮਿਲ ਕੇ ਸਰੀਰ ਦਾ ਹਿੱਸਾ ਬਣ ਜਾਂਦਾ ਹੈ ਤੇ ਸਰੀਰ ਦਾ ਵਿਕਾਸ ਕਰਦਾ ਹੈ।ਭੋਜਨ ਖਾਣ ਦੇ ਅਨੇਕਾਂ ਫਾਇਦੇ ਹਨ, ਜਿਵੇਂ ਸਰੀਰਕ ਸਮਰੱਥਾ ਵਿਚ ਵਾਧਾ ਕਰਨਾ, ਨਵੇਂ ਸੈੱਲਾਂ ਦਾ ਨਿਰਮਾਣ ਤੇ ਰੋਗਾਂ ਨਾਲ ਲੜਨ ਦੀ ਸਮਰੱਥਾ ਪ੍ਰਾਪਤ ਕਰਨਾ।ਖਾਧਾ ਭੋਜਨ ਆਕਸੀਜਨ ਨਾਲ ਮਿਲ ਕੇ ਗਰਮੀ ਪੈਦਾ ਕਰਦਾ ਹੈ, ਜੋ ਕਿ ਜਿਉਂਦੇ ਰਹਿਣ ਲਈ ਬਹੁਤ ਜ਼ਰੂਰੀ ਹੈ। ਕੋਈ ਵੀ ਇਨਸਾਨ ਭੋਜਨ ਤੋਂ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ।ਚੰਗੀ ਸਿਹਤ ਲਈ ਸੰਤੁਲਿਤ ਭੋਜਨ ਖਾਣਾ ਚਾਹੀਦਾ ਹੈ, ਤਾਂ ਜੋ ਲੋੜੀਂਦੇ ਤੱਤ ਪੂਰੇ ਹੋ ਸਕਣ। -0-

# ਮਿਲਵਰਤਨ ਤੇ ਨਾ-ਮਿਲਵਰਤਨ

**ਕਰਮ ਸਿੰਘ ਹਿਸਟੋਰੀਅਨ**

ਸਿੱਖੀ ਦਾ ਜੀਵਨ ਸਭ ਤੋਂ ਪਹਿਲਾਂ ਧਾਰਮਿਕ ਜੀਵਨ ਹੈ, ਹੋਰ ਸਭ ਇਸ ਤੋਂ ਪਿੱਛੇ ਹੈ। ਜਦ ਧਰਮ ਦੀ ਆਣ ਆਵੇਗੀ ਤਾਂ ਨਰਮ ਤੋਂ ਨਰਮ ਸਿੱਖ ਵੀ ਕੁਰਬਾਨੀ ਲਈ ਤਿਆਰ ਹੋ ਜਾਵੇਗਾ। ਮਿਲਵਰਤਨ ਜਾਂ ਨਾ-ਮਿਲਵਰਤਨ ਇਹ ਦੁਨੀਆਂਦਾਰੀ ਦੇ ਭੇਦ ਹਨ। ਜਿਥੇ ਦੁਨੀਆਂਦਾਰੀ ਦਾ ਸੰਬੰਧ ਹੈ, ਉਥੇ ਇਕ ਸਿੱਖ ਮਿਲਵਰਤਨੀਆ ਹੈ ਅਤੇ ਦੂਜਾ ਨਾ-ਮਿਲਵਰਤਨੀਆ। ਪਰ ਜਿਥੇ ਧਰਮ ਦੀ ਆਣ ਹੈ, ਉਥੇ ਮਿਲਵਰਤਨੀਆ ਕੀ ਤੇ ਨਾ ਮਿਲਵਰਤਨੀਆ ਕੀ ਦੋਵੇਂ ਹੀ ਕੁਰਬਾਨੀ ਲਈ ਇਕੋ ਜਿਹੇ ਕਾਹਲੇ ਹਨ।

ਸ਼ਹਿਰ ਪੱਟੀ ਨੂੰ ਅੱਜ ਤੀਕ 'ਨੌ-ਲੱਖੀ ਪੱਟੀ' ਆਖਦੇ ਹਨ। ਇਥੇ ਨੌ ਲੱਖ ਰੁਪਿਆ ਸਾਲ ਦਾ ਮਾਮਲਾ ਉਗਰਦਾ ਹੁੰਦਾ ਸੀ ਅਤੇ ਇਹ ਸਾਰਾ ਇਲਾਕਾ ਤਿੰਨ ਚੌਧਰੀਆਂ ਦੇ ਅਜਾਰੇ ਵਿਚ ਹੁੰਦਾ ਸੀ। ਨੌਸ਼ਹਿਰਾ ਪਨੂੰਆਂ ਦਾ, ਨੁਸ਼ਹਿਰਾ ਢਾਲਾ ਅਤੇ ਝਬਾਲ। ਝਬਾਲ ਦਾ ਚੌਧਰੀ ਲੰਗਾਹ ਸੀ, ਜੋ ਪੰਚਮ ਪਾਤਸ਼ਾਹ ਜੀ ਦੇ ਸਮੇਂ ਗੁਰੂ ਕਾ ਸਿੱਖ ਹੋਇਆ ਅਤੇ ਐਸੀ ਸਿੱਖੀ ਪਾਲੀ ਕਿ ਭਾਈ ਗੁਰਦਾਸ ਜੀ ਨੇ ਭੀ ਸਾਖ ਭਰੀ-

**'ਪੱਟੀ ਅੰਦਰ ਚੌਧਰੀ ਢਿਲੋਂ ਲਾਲ ਲੰਗਾਹ ਸੁਹੰਦਾ।'**

ਇਹ ਘਰਾਣਾ ਐਸਾ ਮਿਲਵਰਤਨੀਆ ਸੀ ਕਿ ਉਸ ਸਮੇਂ ਢਿੱਲੋਂ ਅਤੇ ਚੁਗੱਤੇ ਦੇ ਇਕ ਅਰਥ ਲਏ ਜਾਂਦੇ ਸਨ। ਨਾਮ ਅਤੇ ਪਹਿਰਾਵੇ ਵਿਚ ਵੀ ਇਹ ਚੁਗੱਤੇ ਬਣ ਗਏ ਸਨ। ਅਬੁਲ ਖੈਰ ਦਾ ਪੁੱਤਰ ਲੰਗਾਹ ਸੀ ਅਤੇ ਲੰਗਾਹ ਦਾ ਪੁੱਤਰ ਸਕੰਦਰ ਤੇ ਇਕ ਲੜਕੀ ਉਮਰੀ ਸੀ ਅਤੇ ਸਕੰਦਰ ਦਾ ਪੁੱਤਰ ਮੁਬਾਰਕ। ਇਹ ਸਭ ਮੁਸਲਮਾਨੀ ਨਾਮ ਹਨ। ਲੰਗਾਹ ਤਿੰਨ ਲੱਖ ਦਾ ਅਜਾਰੇਦਾਰ ਸੀ ਅਤੇ 84 ਪਿੰਡ ਆਪਣੀ ਮਲਕੀਅਤ ਦੇ ਰੱਖਦਾ ਸੀ। ਝਬਾਲ ਦੇ ਉਦਾਲੇ-ਉਦਾਲੇ ਸ਼ਾਹੀ ਸੜਕ ਉੱਤੇ ਇਸ ਦਾ ਇਲਾਕਾ ਸੀ।

ਸੰਮਤ 1684 ਵਿਚ ਕਸ਼ਮੀਰੋਂ ਆਉਂਦਾ ਜਹਾਂਗੀਰ ਮਰ ਗਿਆ ਅਤੇ ਦੇਸ਼ ਵਿਚ ਰਾਜ-ਰੌਲਾ ਪੈ ਗਿਆ। ਸ਼ਾਹੀ ਸੈਨਾ ਤਾਂ ਦਿੱਲੀ ਨੂੰ ਚਲੀ ਗਈ ਅਤੇ ਪੰਜਾਬ ਵਿਚ ਸਮੇਂ ਦੇ ਹਾਕਮਾਂ ਦੀ ਚੜ੍ਹ ਮੱਚੀ, ਕਿਉਂ ਜੁ ਅਜੇ ਸ਼ਾਹਜਹਾਂ ਦੱਖਣ ਵਲੋਂ ਆ ਕੇ ਪਾਤਸ਼ਾਹ ਨਹੀਂ ਬਣਿਆ ਸੀ। ਸਥਾਨਕ ਹਾਕਮਾਂ ਨੂੰ ਸ੍ਰੀ ਗੁਰੂ ਹਰਿ ਗੋਬਿੰਦ ਜੀ ਨਾਲ ਵੈਰ ਸੀ, ਸੋ ਉਹਨਾਂ ਨੇ ਐਵੇਂ ਹੀ ਲੜਾਈ ਦਾ ਬਹਾਨਾ ਬਣਾ ਲਿਆ ਅਤੇ ਸ੍ਰੀ ਅੰਮ੍ਰਿਤਸਰ ਜੀ ਉਤੇ ਫੌਜ ਝੋਕ ਦਿੱਤੀ। ਗੁਰੂ ਹਰਿ ਗੋਬਿੰਦ ਸਾਹਿਬ ਲੜੇ ਅਤੇ ਤਿੰਨ ਵਾਰ ਤੁਰਕਾਨੀ ਸੈਨਾ ਨੂੰ ਭਜਾਇਆ।

ਇਸ ਸਮੇਂ ਬੀਬੀ ਵੀਰੋ ਜੀ ਦਾ ਆਨੰਦ ਸੀ। ਸ੍ਰੀ ਗੁਰੂ ਜੀ ਲੜ ਰਹੇ ਸਨ ਅਤੇ ਉਧਰੋਂ ਜੰਞ ਆ ਰਹੀ ਸੀ। ਸਤਿਗੁਰੂ ਜੀ ਨੇ ਆਪਣੇ ਮਹਿਲ ਤੇ ਬੀਬੀ ਜੀ ਝਬਾਲ ਘਲਵਾ ਦਿੱਤੇ ਤੇ ਜੰਞ ਨੂੰ ਅਖਵਾ ਘੱਲਿਆ ਕਿ ਝਬਾਲ ਨੂੰ ਜਾਵੋ। ਸੂਰਜ ਡੁੱਬਦਿਆਂ ਜੰਗ ਤੋਂ ਵਿਹਲੇ ਹੋ ਕੇ ਸ੍ਰੀ ਗੁਰੂ ਜੀ ਝਬਾਲ ਆ ਗਏ। ਤੜਕੇ 26 ਜੇਠ ਨੂੰ ਅਨੰਦ ਕਾਰਜ ਹੋਇਆ ਅਤੇ ਉਸੇ ਵੇਲੇ ਸਤਿਗੁਰੂ ਜੀ ਮਾਲਵੇ ਨੂੰ ਚਲੇ ਗਏ, ਕਿਉਂ ਜੋ ਸ਼ਾਹੀ ਫੌਜ ਦੇ ਆ ਜਾਣ ਦਾ ਖਿਆਲ ਸੀ।

ਸ਼ਾਹੀ ਨਜ਼ਰਾਂ ਵਿੱਚ ਉਸ ਸਮੇਂ ਸ੍ਰੀ ਗੁਰੂ ਜੀ ਬਾਗੀ ਸਨ ਅਤੇ ਆਪ ਜੀ ਦੀ ਮਦਦ ਕਰਨ ਵਾਲਾ ਚੌਧਰੀ ਲੰਗਾਹ ਵੀ ਬਾਗੀ ਸੀ। ਚੌਧਰੀ ਲੰਗਾਹ ਨੇ ਇਹ ਕੰਮ ਕਰਨ ਤੋਂ ਪਹਿਲਾਂ ਸੌ ਵਾਰ ਸੋਚ ਲਿਆ ਹੋਵੇਗਾ ਕਿ ਇਸ ਦਾ ਸਿੱਟਾ ਕੀ ਨਿਕਲੇਗਾ। ਉਹ ਵੇਖਦਾ ਸੀ ਕਿ ਇਕ ਪਾਸੇ ਸ੍ਰੀ ਗੁਰੂ ਜੀ ਹਨ, ਇਕ ਪਾਸੇ ਵੱਲ ਮੇਰੀ ਪੀੜ੍ਹੀਓ-ਪੀੜ੍ਹੀ ਦੀ ਲੱਖਾਂ ਰੁਪਏ ਦੀ ਜਾਇਦਾਦ, ਕਿਲ੍ਹੇ, ਮਹਿਲ, ਮਾੜੀਆਂ, ਤਿੰਨ ਲੱਖ, ਸਾਲ ਦਾ ਅਜਾਰਾ, ਮਾਝੇ ਦੀ ਤਿਹਾਈ ਚੌਧਰ ਅਤੇ ਸਰਕਾਰੇ-ਦਰਬਾਰੇ ਇੱਜ਼ਤ ਜੋ ਸਭੋ ਕੁਝ ਖੁੱਸ ਜਾਊ ਅਤੇ ਮੈਂ ਤੇ ਮੇਰਾ ਬਾਲ-ਬੱਚਾ ਕੋਹਲੂ ਵਿੱਚ ਪੀੜੇ ਜਾਵਾਂਗੇ। ਇਹ ਸਭ ਕੁਝ ਚੌਧਰੀ ਲੰਗਾਹ ਨੇ ਸੋਚਿਆ ਹੋਊ ਅਤੇ ਉਹ ਸਮਝਦਾ ਹੋਊ ਕਿ ਮਗਰੇ-ਮਗਰ ਸ਼ਾਹੀ ਸੈਨਾ ਆਵੇਗੀ ਅਤੇ ਮੈਨੂੰ ਫੜ ਲੈ ਜਾਵੇਗੀ।

ਚੌਧਰੀ ਲੰਗਾਹ ਮਿਲਵਰਤਨੀਆ ਸੀ। ਇਕ ਪਾਸੇ ਦੁਨੀਆਂ ਦਾ ਐਸ਼ਰਜ ਸੀ, ਦੂਜੇ ਪਾਸੇ ਸ੍ਰੀ ਗੁਰੂ ਜੀ। ਉਸ ਨੇ ਸ੍ਰੀ ਗੁਰੂ ਜੀ ਦੀ ਖਾਤਰ ਸਭ ਕੁਝ ਕੁਰਬਾਨ ਕਰਨਾ ਚਾਹਿਆ ਅਤੇ ਸ੍ਰੀ ਗੁਰੂ ਜੀ ਨੂੰ ਆਪਣੇ ਮਹਿਲਾਂ ਵਿਚ ਉਤਾਰਾ ਦੇ ਕੇ ਬੀਬੀ ਵੀਰੋ ਜੀ ਦਾ ਅਨੰਦ ਕਰਵਾ ਦਿੱਤਾ। ਤੁਰਕਾਨੀ ਸੈਨਾ ਦਾ ਇਕ ਦਸਤਾ ਨੂਰਦੀ ਵੱਲੋਂ ਆਇਆ ਅਤੇ ਦੂਜਾ ਸਰਾਇ ਅਮਾਨਤ ਖਾਂ ਵੱਲੋਂ। ਚੌਧਰੀ ਲੰਗਾਹ ਨੇ ਦੋਹਾਂ ਨੂੰ ਵਾਰੋ-ਵਾਰੀ ਭਾਂਜ ਦਿੱਤੀ ਕਿਲ੍ਹੇ ਵਿਚ ਤਕੜਾ ਹੋ ਬੈਠਾ।

ਪਰ ਸੁੱਖ ਰਹੀ ਕਿ ਝਬਾਲ ਉਦਾਲੇ ਜੰਗਲ ਹੀ ਜੰਗਲ ਸੀ ਅਤੇ ਇਸ ਤੱਪੇ ਵਿਚ ਲੰਘਦੀ ਸ਼ਾਹੀ ਸੜਕ ਦੀ ਰਾਖੀ ਚੌਧਰੀ ਲੰਗਾਹ ਤੋਂ ਬਿਨਾਂ ਹੋਰ ਕੋਈ ਨਹੀਂ ਕਰ ਸਕਦਾ ਸੀ। ਹਾਕਮਾਂ ਨੇ ਚੌਧਰੀ ਲੰਗਾਹ ਦੀ ਹਰ ਇਕ ਗੱਲ ਨੂੰ ਅਣਡਿੱਠਾ ਕੀਤਾ ਅਤੇ ਕੁਝ ਭੀ ਪੁੱਛ-ਗਿੱਛ ਨਾ ਕੀਤੀ। ਪਰ ਚੌਧਰੀ ਲੰਗਾਹ ਨੇ ਇਹ ਸਿੱਧ ਕਰ ਦਿੱਤਾ ਕਿ ਜੇਕਰ ਧਰਮ ਦੀ ਆਣ ਆ ਬਣੇ ਤਾਂ ਮੇਰੇ ਵਰਗਾ ਮਿਲਵਰਤਨੀਆ ਵੀ ਧਰਮ ਦੀ ਖਾਤਰ ਸਭ ਕੁਝ ਕੁਰਬਾਨ ਕਰਨ ਨੂੰ ਤਿਆਰ ਹੋ ਸਕਦਾ ਹੈ।

ਸ੍ਰੀ ਗੁਰੂ ਹਰਿ ਰਾਇ ਜੀ ਦਾ ਸਮਾਂ ਸੀ ਅਤੇ ਝਬਾਲ ਦਾ ਚੌਧਰੀ ਸਕੰਦਰ ਸੀ, ਜਦ ਦਾਰਾ ਸ਼ਕੋਹ ਭਾਂਜ ਖਾ ਕੇ ਪੰਜਾਬ ਵੱਲ ਆਇਆ। ਦਾਰਾ ਸ਼ਕੋਹ ਨੇ ਸ੍ਰੀ ਗੁਰੂ ਜੀ ਪਾਸੋਂ ਸਹਾਇਤਾ ਮੰਗੀ ਅਤੇ ਸ੍ਰੀ ਗੁਰੂ ਜੀ ਆਪਣੇ 22 ਸੌ ਸਵਾਰ ਲੈ ਕੇ ਸ਼ਾਹਜ਼ਾਦੇ ਪਾਸ ਲਾਹੌਰ ਆ ਗਏ ਅਤੇ ਆਪਣੇ ਸਿੱਖ ਚੌਧਰੀ ਸਕੰਦਰ ਨੂੰ ਹੁਕਮ ਦਿੱਤਾ ਕਿ ਬਿਆਸਾ ਘਾਟ ਤੀਕ ਉਹ ਪ੍ਰਬੰਧ ਰੱਖੇ। ਚੌਧਰੀ ਸਕੰਦਰ ਆਪਣੀ ਫੌਜ ਲੈ ਕੇ ਗੋਇੰਦਵਾਲ ਦੇ ਪੱਤਣ ਪਾਸ ਜਾ ਬੈਠਾ ਅਤੇ ਔਰੰਗਜ਼ੇਬੀ ਫੌਜਾਂ ਦੀ ਉਡੀਕ ਹੋਣ ਲੱਗੀ।

ਦਾਰਾ ਸ਼ਕੋਹ ਕੋਈ ਸੂਰਮਾ ਨਹੀਂ ਸੀ। ਜਦ ਉਸ ਨੇ ਔਰੰਗਜ਼ੇਬ ਦਾ ਸਤਲੁਜ ਲਾਗੇ ਆਉਣਾ ਸੁਣਿਆ ਤਾਂ ਘਾਬਰ ਗਿਆ ਅਤੇ ਆਪਣੇ ਹਮਾਇਤੀਆਂ ਨੂੰ ਲਾਹੌਰ ਹੀ ਛੱਡ ਕੇ ਮੁਲਤਾਨ ਨੂੰ ਨੱਸ ਗਿਆ। ਹੁਣ ਸ੍ਰੀ ਗੁਰੂ ਜੀ ਲਈ ਕੀਰਤਪੁਰ ਨੂੰ ਮੁੜਨਾ ਤਾਂ ਔਖਾ ਸੀ, ਕਿਉਂ ਜੁ ਸਾਰੇ ਰਾਹ ਵਿਚ ਔਰੰਗਜ਼ੇਬੀ ਫੌਜਾਂ ਪਈਆਂ ਸਨ, ਸੋ ਸ੍ਰੀ ਗੁਰੂ ਜੀ ਪਹਾੜ ਦੀ ਕੰਢੀ ਵੱਲ ਚਲੇ ਗਏ ਅਤੇ ਕਈ ਮਹੀਨੇ ਗਲੋਟੀ ਪਿੰਡ ਟਿਕੇ ਰਹੇ।

ਚੌਧਰੀ ਸਕੰਦਰ ਆਪਣੇ ਪਿਤਾ ਨਾਲੋਂ ਭੀ ਪ੍ਰਤਾਪਵਾਨ ਸੀ। ਇਸ ਨੇ 21 ਪਿੰਡ ਹੋਰ ਖਰੀਦ ਕੇ ਆਪਣੀ ਮਾਲਕੀ 105 ਪਿੰਡਾਂ ਦੀ ਕਰ ਲਈ ਸੀ। ਤਿੰਨ ਲੱਖ ਦਾ ਅਜਾਰਾ ਅਤੇ ਚੌਧਰੈਤ ਦਾ ਇਲਾਕਾ ਉਸੇ ਤਰ੍ਹਾਂ ਸੀ। ਸੋ, ਪੁੱਠੀ-ਸਿੱਧੀ ਕਲਮ ਵਗਿਆਂ ਇਸ ਦਾ ਕੁਝ ਘੱਟ ਨੁਕਸਾਨ ਨਹੀਂ ਹੋ ਸਕਦਾ ਸੀ। ਇਸ ਨੇ ਸਭ ਕੁਝ ਵਾਰਨਾ ਮਨਜ਼ੂਰ ਕੀਤਾ, ਪਰ ਸ੍ਰੀ ਗੁਰੂ ਜੀ ਦਾ ਸਾਥ ਨਾ ਛੱਡਿਆ। ਸਾਰਾ ਜਹਾਨ ਜਾਣਦਾ ਸੀ ਕਿ ਔਰੰਗਜ਼ੇਬ ਨੇ ਦਾਰਾ ਸ਼ਕੋਹ ਨੂੰ ਨਹੀਂ ਛੱਡਣਾ, ਪਰ ਇਕ ਸਿੱਖ ਲਈ ਐਸੇ ਲੇਖਿਆਂ ਦੀ ਲੋੜ ਨਹੀਂ ਸੀ, ਉਸ ਲਈ ਕੇਵਲ ਆਪਣੇ ਗੁਰੂ ਦੇ ਹੁਕਮ ਨੂੰ ਮੰਨਣ ਦੀ ਲੋੜ ਸੀ।

ਔਰੰਗਜ਼ੇਬ ਰਵਾਂ-ਰਵੀ ਬਿਆਸਾ ਲੰਘ ਆਇਆ ਅਤੇ ਝਬਾਲ ਫੌਜਾਂ ਦੇ ਡੇਰੇ ਆਣ ਲੱਗੇ। ਝਬਾਲ ਉਜਾੜ ਪਿਆ ਸੀ। ਔਰੰਗਜ਼ੇਬੀ ਕਹਿਰ ਤੋਂ ਡਰਦਾ ਕੋਈ ਬੰਦਾ ਝਬਾਲ ਵਿਚ ਨਹੀਂ ਰਹਿ ਗਿਆ ਸੀ। ਸੁੱਖ ਇਹ ਹੋਈ ਕਿ ਔਰੰਗਜ਼ੇਬ ਮੁਤਲਾਨ ਨੂੰ ਚਲਿਆ ਗਿਆ ਅਤੇ ਆਉਂਦੇ ਕੁਝ ਸਾਲਾਂ ਤੀਕ ਉਹ ਰਾਜ ਦੇ ਝਮੇਲਿਆਂ ਵਿਚ ਐਸਾ ਰੁਝਾ ਰਿਹਾ ਕਿ ਝਬਾਲੀਆਂ ਦਾ ਉਸ ਨੂੰ ਕੁਝ ਭੀ ਖਿਆਲ ਨਾ ਰਿਹਾ, ਪਰ ਸ੍ਰੀ ਗੁਰੂ ਹਰਿ ਰਾਇ ਜੀ ਪਾਸੋਂ ਉਸ ਨੇ ਸਫਾਈ ਜ਼ਰੂਰ ਮੰਗੀ ਅਤੇ ਇਸੇ ਕੰਮ ਲਈ ਰਾਮ ਰਾਇ ਜੀ ਦਿੱਲੀ ਨੂੰ ਗਏ।

ਝਬਾਲੀਏ ਚੌਧਰੀ ਸ਼ੁਰੂ ਤੋਂ ਲੈ ਕੇ ਆਖੀਰ ਤੀਕ ਮਿਲਵਰਤਨੀਏ ਰਹੇ। ਪਰ ਜਦ ਕੌਮੀ ਮੁਸੀਬਤ ਦਾ ਸਮਾਂ ਆਇਆ, ਇਨ੍ਹਾਂ ਨੇ ਹਕੂਮਤ ਨਾਲੋਂ ਕੌਮ ਦੀ ਵਧੀਕ ਸੇਵਾ ਕੀਤੀ ਅਤੇ ਆਪਣਾ ਸਰਬੰਸ ਵਾਰਨ ਤੀਕ ਗਏ। ਸ੍ਰੀ ਦਸਮੇਸ਼ ਜੀ

ਅਨੰਦਪੁਰ ਨੂੰ ਛੱਡ ਕੇ ਮਾਲਵੇ ਨੂੰ ਆਏ ਅਤੇ ਖਬਰਾਂ ਉਡੀਆਂ ਕਿ ਸ਼ਾਹੀ ਸੈਨਾ ਆਪ ਦੇ ਮਗਰ ਆ ਰਹੀ ਹੈ। ਮਾਈ ਭਾਗੋ ਨੇ ਪੱਲੂ ਫੇਰਿਆ ਅਤੇ ਚਾਲੀ ਮੁਕਤਿਆਂ ਨੂੰ ਨਾਲ ਲੈ ਕੇ ਆਪ ਨੇ ਖਿਦਰਾਣੇ ਦਾ ਜੰਗ ਕੀਤਾ। ਸਾਰਾ ਜਹਾਨ ਜਾਣਦਾ ਸੀ ਕਿ ਮਾਈ ਭਾਗੋ ਦਾ ਇਸ ਤਰਾਂ ਪੱਲੂ ਫੇਰਨਾ ਝਬਾਲੀਆਂ ਨੂੰ ਤਬਾਹ ਕਰ ਦੇਵੇਗਾ, ਪਰ ਝਬਾਲੀਏ ਧਰਮ ਦੇ ਕੰਮ ਵਿਚ ਤਬਾਹ ਹੋਣਾ ਚੰਗਾ ਸਮਝਦੇ ਸਨ। ਉਹਨਾਂ ਨੇ ਮੁਕਤੇ ਦਿੱਤੇ, ਮਾਈ ਭਾਗੋ ਦਿੱਤੀ ਅਤੇ ਖਿਦਰਾਣੇ ਦੀ ਲੜਾਈ ਮਗਰੋਂ ਟੁੱਟੀ ਗੰਢਵਾਈ। ਕੀ ਜੇ ਇਸ ਖਾਤਰ ਝਬਾਲੀਏ ਤਬਾਹ ਹੋ ਜਾਂਦੇ ਤਾਂ ਉਹਨਾਂ ਦਾ ਤਬਾਹ ਹੋ ਜਾਣਾ ਕੋਈ ਔਗੁਣ ਸੀ? ਚੌਧਰੀ ਬਿਹਾਰੀ ਇਸ ਗੱਲ ਨੂੰ ਜਾਣਦਾ ਸੀ ਪਰ ਜਿਥੇ ਧਰਮ ਦਾ ਮਾਮਲਾ ਹੋਵੇ ਉਥੇ ਸਿੱਖ ਲਈ ਚੁੱਪ ਰਹਿਣਾ ਔਖੀ ਗੱਲ ਹੈ।

ਜੱਸਾ ਸਿੰਘ ਰਾਮਗੜ੍ਹੀਆ ਪੱਕਾ ਨਾ ਮਿਲਵਰਤਨੀਆ ਸੀ। ਖਾਲਸੇ ਨੇ ਕਿਸੇ ਗੱਲੋਂ ਉਸ ਨੂੰ ਛੇਕ ਦਿੱਤਾ ਅਤੇ ਉਹ ਖਾਲਸੇ ਨਾਲੋਂ ਗੁੱਸੇ ਹੋ ਕੇ ਅਦੀਨਾ ਬੇਗ ਪਾਸ ਜਾ ਰਿਹਾ। ਉਸ ਦੇ ਨਾਲ ਹੀ ਉਸ ਦੇ ਦੋ ਕੁ ਸੌ ਸਿੰਘ ਸਨ। ਮੀਰ ਮੰਨੂੰ ਨਵਾਂ-ਨਵਾਂ ਆਇਆ ਸੀ ਅਤੇ ਰਾਮ ਰੌਣੀ ਨੂੰ ਸ਼ਾਹੀ ਫੌਜਾਂ ਨੇ ਘੇਰਿਆ ਹੋਇਆ ਸੀ। ਕਈ ਮਹੀਨੇ ਲੜਾਈ ਹੁੰਦੀ ਰਹੀ ਅਤੇ ਸਿੰਘਾਂ ਦਾ ਖਾਣਾ-ਦਾਣਾ ਮੁੱਕ ਗਿਆ। ਸ਼ਾਹੀ ਸੈਨਾ ਅਦੀਨਾ ਬੇਗ ਦੇ ਤਾਬਿਆ ਸੀ, ਜਿਸ ਨਾਲ ਜੱਸਾ ਸਿੰਘ ਰਾਮਗੜ੍ਹੀਆ ਵੀ ਸੀ। ਇਸ ਵੇਲੇ ਜੱਸਾ ਸਿੰਘ ਪੱਕਾ ਮਿਲਵਰਤਨੀਆਂ ਸੀ । ਉਹ ਹਕੂਮਤ ਵੱਲੋਂ ਹੋ ਕੇ ਆਪਣੇ ਭਰਾਵਾਂ ਨਾਲ ਲੜ ਰਿਹਾ ਸੀ।

ਜਦ ਗੜ੍ਹੀ ਅੰਦਰਲੇ ਖਾਲਸੇ ਰਸਦ-ਪਾਣੀ ਦੀ ਥੁੜ੍ਹ ਦੇ ਕਾਰਨ ਤੰਗ ਆ ਗਏ ਤਾਂ ਸਭ ਨੇ ਸ਼ਹੀਦ ਹੋ ਜਾਣ ਦਾ ਗੁਰਮਤਾ ਸੋਧਿਆ। ਸ੍ਰੀ ਅੰਮ੍ਰਿਤਸਰ ਜੀ ਦੀ ਜੂਹ ਵਿਚ ਪੰਥ ਤੇ ਧਰਮ ਦੀ ਖਾਤਰ ਸ਼ਹੀਦ ਹੋ ਜਾਣਾ, ਖਾਲਸੇ ਲਈ ਵੱਡੇ ਭਾਗਾਂ ਦੀ ਗੱਲ ਸੀ। ਜਦ ਇਹ ਖਬਰ ਜੱਸਾ ਸਿੰਘ ਨੇ ਸੁਣੀ ਤਾਂ ਉਸ ਦਾ ਮਨ ਪੱਘਰ ਪਿਆ। ਉਸ ਨੇ ਸੋਚਿਆ, ਪੰਥ ਸ਼ਹੀਦ ਹੁੰਦਾ ਹੈ ਤੇ ਮੈਂ ਛੁੱਟੜ ਬੈਠਾ ਇਸ ਸਮੇਂ ਨੂੰ ਅਜਾਈਂ ਗਵਾਉਣ ਲੱਗਾ ਹਾਂ। ਉਸ ਨੇ ਤੀਰ ਨਾਲ ਬੰਨ੍ਹ ਕੇ ਚਿੱਠੀ ਗੜ੍ਹੀ ਅੰਦਰ ਘੱਲੀ ਕਿ ਪੰਥ ਮੈਨੂੰ ਬਖਸ਼ ਦੇਵੇ ਅਤੇ ਸ਼ਹੀਦ ਹੋਣ ਸਮੇਂ ਮੈਨੂੰ ਵੀ ਆਪਣੇ ਨਾਲ ਰਲਾ ਲਵੇ।

ਸਿੰਘ ਇਕੱਲ-ਖੋਰੇ ਨਹੀਂ ਸਨ ਕਿ ਇਕੱਲੇ ਹੀ ਗੁਰੂ ਕੇ ਦਰਬਾਰ ਵਿਚ ਜਾਂਦੇ ਅਤੇ ਜੱਸਾ ਸਿੰਘ ਨੂੰ ਪਿੱਛੇ ਛੱਡ ਜਾਂਦੇ। ਉਹਨਾਂ ਨੇ ਜੱਸਾ ਸਿੰਘ ਨੂੰ ਬਖਸ਼ ਦਿੱਤਾ ਅਤੇ ਜੱਸਾ ਸਿੰਘ ਆਪਣੇ ਆਦਮੀ ਲੈ ਕੇ ਸਿੰਘਾਂ ਨਾਲ ਆ ਮਿਲਿਆ। ਸੰਜੋਗ ਐਸਾ ਹੋਇਆ ਕਿ ਓਦੋਂ ਹੀ ਅਹਿਮਦ ਸ਼ਾਹ ਦੇ ਅਟਕੋਂ ਉਤਰ ਪੈਣ ਦੀਆਂ ਖਬਰਾਂ ਆ ਗਈਆਂ, ਜਿਸ ਕਰਕੇ ਸਾਰੀ ਸ਼ਾਹੀ ਸੈਨਾ ਲਾਹੌਰ ਨੂੰ ਚਲੀ ਗਈ।

ਜੱਸਾ ਸਿੰਘ ਕਈ ਮਹੀਨਿਆਂ ਤੋਂ ਸਿੰਘਾਂ ਨਾਲ ਲੜ ਰਿਹਾ ਸੀ ਅਤੇ ਉਹ ਸਿੰਘਾਂ ਨਾਲ ਗੁੱਸੇ ਵੀ ਸੀ ਕਿ ਉਹਨਾਂ ਨੇ ਇਸ ਨੂੰ ਛੇਕ ਦਿੱਤਾ ਸੀ। ਪਰ ਜਦ ਧਰਮ ਤੇ ਕੌਮ ਦੀ ਆਨ ਦਾ ਸਮਾਂ ਆਇਆ ਤਾਂ ਉਸ ਨੇ ਵੈਰ ਨੂੰ ਭੁਲਾ ਦਿੱਤਾ, ਮਾਫੀ ਮੰਗੀ ਅਤੇ ਸਿੰਘਾਂ ਦੇ ਨਾਲ ਰਲ ਕੇ ਸ਼ਹੀਦ ਹੋਣ ਨੂੰ ਤਿਆਰ ਹੋ ਗਿਆ। ਇਹ ਸਿੱਖ ਕਰਤੱਵ ਦਾ ਮੋਟਾ ਤੇ ਅਸਲੀ ਨਮੂਨਾ ਹੈ। ਜਦ ਜਦ ਵੀ ਧਰਮ ਤੇ ਕੌਮ ਦੀ ਆਣ ਦਾ ਸਮਾਂ ਆਵੇਗਾ ਜੋ ਵੀ ਗੁਰੂ ਕਾ ਸਿੱਖ ਹੋਵੇਗਾ, ਉਹ ਆਪਣੇ ਵੈਰ ਵਿਰੋਧ ਮਿਟਾ ਕੇ ਤੇ ਮਾਫੀ ਮੰਗ ਕੇ ਪੰਥ ਦੇ ਨਾਲ ਰਲ ਜਾਵੇਗਾ ਅਤੇ ਹਰ ਤਰ੍ਹਾਂ ਦੀ ਕੁਰਬਾਨੀ ਕਰ ਦੇਵੇਗਾ। ਕੌਮੀ ਬਿਪਤਾ ਆਣ ਸਮੇਂ ਮਿਲਵਰਤਨੀਏ ਤੇ ਨਾ-ਮਿਲਵਰਤਨੀਏ ਇਕ ਹੋ ਜਾਣਗੇ ਅਤੇ ਕੋਈ ਸਿੱਖ ਪਿੱਛੇ ਨਹੀਂ ਰਹੇਗਾ।

ਜੰਬਰਾਂ ਵਿਚ ਤੀਜੀ ਪਾਤਸ਼ਾਹੀ ਜੀ ਦੇ ਸਮੇਂ ਤੋਂ ਸਿੱਖੀ ਦੀ ਜਾਗ ਲੱਗੀ ਸੀ। ਉਸ ਘਰਾਣੇ ਦਾ ਚਮਕਦਾ ਹੀਰਾ ਸੁਬੇਗ ਸਿੰਘ ਸੀ। ਉਹ ਆਰੰਭ ਤੋਂ ਹੀ ਮਿਲਵਰਤਨੀਆ ਅਤੇ ਸਰਕਾਰੀ ਅਜਾਰੇਦਾਰ ਸੀ। ਲਾਹੌਰ ਦਾ ਸੂਬਾ ਮੁਹੰਮਦ ਅਸਲਮ ਖਾਂ ਸੀ। ਜਦ ਬੰਦਾ ਦੱਖਣ ਵੱਲੋਂ ਆਇਆ ਅਤੇ ਪੰਜਾਬ ਵਿਚ ਰਾਮ-ਰੌਲਾ ਪੈ ਗਿਆ, ਅਸਲਮ ਖਾਂ ਨੇ ਸਿੰਘਾਂ ਨਾਲ ਦੋਸਤੀ ਪਾਉਣੀ ਚਾਹੀ ਤਾਂ ਜੋ ਇਸ ਤਰ੍ਹਾਂ ਹੀ ਇਹ ਸ਼ੋਰ-ਸ਼ਰਾਬਾ ਬੰਦ ਹੋ ਜਾਵੇ। ਇਹ ਕੰਮ ਉਸ ਨੇ ਭਾਈ ਸੁਬੇਗ ਸਿੰਘ ਜੀ ਦੇ ਸਪੁਰਦ ਕੀਤਾ। ਭਾਈ ਸੁਬੇਗ ਸਿੰਘ ਜੀ ਨੇ ਨਵਾਬੀ ਦਾ ਖ਼ਤਾਬ, ਕੁਝ ਕੁ ਨਜ਼ਰਾਨਾ ਅਤੇ ਕੁਝ ਕੁ ਪਿੰਡਾਂ ਦੀ ਜਾਗੀਰ ਸਿੰਘਾਂ ਨੂੰ ਲੈ ਦਿੱਤੀ ਤੇ ਆਪੋ ਵਿਚ ਸੁਲਾਹ ਸਫਾਈ ਕਰਵਾ ਦਿੱਤੀ।

ਇਸ ਤੋਂ ਮਗਰੋਂ ਦਲੇਰ ਜੰਗ ਤੇ ਖਾਨ ਬਹਾਦਰ ਦੇ ਸਮੇਂ ਜਦ ਸਿੰਘਾਂ ਦੀ ਕਤਲਾਮ ਹੁੰਦੀ ਰਹੀ ਤਾਂ ਇਹ ਬਰਾਬਰ ਮਿਲਵਰਤਨੀਏ ਰਹੇ ਅਤੇ ਸਰਕਾਰੀ ਅਜਾਰੇ ਲੈਂਦੇ ਰਹੇ। ਖਾਨ ਬਹਾਦਰ ਦੇ ਅੰਤਲੇ ਸਮੇਂ ਜਦ ਭਾਈ ਤਾਰੂ ਸਿੰਘ ਦੀ ਖੋਪਰੀ ਉਤਾਰੀ ਗਈ ਤੇ ਖਾਨ ਬਹਾਦਰ ਦਾ ਪਿਸ਼ਾਬ ਬੰਦ ਹੋ ਗਿਆ ਤਾਂ ਉਸ ਸਮੇਂ ਵੀ ਸੁਬੇਗ ਸਿੰਘ ਜੀ ਹੀ ਸੂਬੇ ਵੱਲੋਂ ਪੰਥ ਪਾਸ ਗਏ ਅਤੇ ਜੁੱਤੀਆਂ ਦੀ ਸ਼ਕਲ ਵਿਚ ਮੁਆਫ਼ੀ ਦਾ ਪਰਵਾਨਾ ਲਿਆਏ।

ਖ਼ਾਨ ਬਹਾਦਰ ਤੋਂ ਮਗਰੋਂ ਜਦ ਸ਼ਾਹ ਨਿਵਾਜ ਖਾਂ ਦਾ ਸਮਾਂ ਆਇਆ ਅਤੇ ਲਖਪਤਿ ਦੇ ਖਿਆਲ ਅਨੁਸਾਰ ਸਿੱਖ ਦੇ ਅਰਥ ਬਾਗੀ ਬਣ ਗਏ ਤਾਂ ਭਾਈ ਸੁਬੇਗ ਸਿੰਘ ਤੇ ਆਪ ਦੇ ਸਪੁੱਤਰ ਸ਼ਾਹਬਾਜ਼ ਸਿੰਘ ਜੀ ਵੀ ਫੜ ਲਏ ਗਏ, ਐਵੇਂ ਇਕ ਝੂਠਾ ਬਹਾਨਾ ਬਣਾ ਕੇ ਕਿ ਇਨ੍ਹਾਂ ਨੇ ਹਜ਼ਰਤ ਜੀ ਦੀ ਸ਼ਾਨ ਵਿਚ ਬੁਰੇ ਸ਼ਬਦ ਵਰਤੇ ਹਨ। ਉਨ੍ਹੀਂ ਦਿਨੀਂ ਇਹ ਆਮ ਰਿਵਾਜ ਸੀ ਕਿ ਜਿਸ ਨੂੰ ਫੜਨਾ ਹੁੰਦਾ ਐਸਾ ਹੀ ਕੋਈ ਬਹਾਨਾ ਬਣਾ ਕੇ ਫੜ ਲੈਂਦੇ।

ਭਾਈ ਸੁਬੇਗ ਸਿੰਘ ਜੀ ਮਿਲਵਰਤਨੀਏ ਸਨ, ਪਰ ਕੱਚੇ ਨਹੀਂ ਸਨ। ਆਪ ਦਾ ਉਸ ਸਮੇਂ ਇਹ ਆਖ ਦੇਣਾ ਹੀ ਕਾਫੀ ਹੀ ਸੀ ਕਿ ਮੈਂ ਸਿੰਘ ਨਹੀਂ ਹਾਂ। ਇਤਨੇ ਨਾਲ ਹੀ ਆਪ ਦਾ ਛੁਟਕਾਰਾ ਹੋ ਸਕਦਾ ਸੀ, ਹਕੂਮਤ ਦੀ ਸੇਵਾ ਕਰਦੇ ਕਰਦੇ ਆਪ ਬੁੱਢੇ ਹੋ ਚੱਲੇ ਸਨ ਅਤੇ ਦਰਬਾਰ ਵਿਚ ਆਪ ਦੇ ਕਈ ਮਿੱਤਰ ਸਨ, ਜੋ ਆਪ ਨੂੰ ਆਪ ਦੇ ਰਤਾ ਕੁ ਜੀਭ ਹਿਲਾਣ ਨਾਲ ਬਚਾ ਸਕਦੇ ਸਨ, ਪਰ ਆਪ ਨੇ ਐਸਾ ਨਾ ਕੀਤਾ ਅਤੇ ਸੱਚੇ ਸਿੰਘਾਂ ਵਾਂਗ ਸੀਸ ਦੇ ਦਿੱਤਾ।

ਸ਼ਾਹਬਾਜ਼ ਸਿੰਘ ਨੂੰ ਅੱਡ ਕਰ ਕੇ ਬਹੁਤ ਤਸੀਹੇ ਦਿੱਤੇ ਗਏ ਪਰ ਗੁਰੂ ਦਾ ਸਿੱਖ ਟੱਸ ਤੋਂ ਮੱਸ ਨਾ ਹੋਇਆ। ਆਖਰਕਾਰ ਹਕੂਮਤ ਨੇ ਚਾਲ ਚੱਲੀ ਤੇ ਕਿਹਾ ਕਿ ਆਪ ਜੀ ਦੇ ਪਿਤਾ ਤਾਂ ਮੰਨ ਗਏ ਹਨ ਇਸ ਕਰਕੇ ਤੁਸੀ ਵੀ ਈਨ ਮੰਨ ਜਾਵੋ ਪਰ ਸਾਹਬਾਜ ਸਿੰਘ ਜੀ ਨੇ ਕਿਹਾ ਕਿ ਇੱਕ ਵਾਰ ਮੈਨੂੰ ਪਿਤਾ ਜੀ ਦੇ ਸਾਹਮਣੇ ਕਰ ਦਿਉ, ਫਿਰ ਜਿਵੇਂ ਹੋਵੇਗਾ ਕਰ ਲਵਾਂਗੇ। ਪਿਤਾ ਪੁੱਤਰ ਸਾਹਮਣੇ ਹੋਣ ਤੇ ਅੱਖਾਂ ਮਿਲੀਆਂ ਇਸ਼ਾਰੇ ਨਾਲ ਗੱਲ ਹੋਈ ਤਾਂ ਨੌਜਵਾਨ ਸਾਹਬਾਜ ਸਿੰਘ ਜੀ ਨੇ ਜੈਕਾਰਾ ਬੁਲਾ ਦਿਤਾ ਅਤੇ ਉਸ ਨੇ ਸਿੰਘ ਹੋਣ ਦਾ ਦਾਅਵਾ ਕੀਤਾ ਏਨੀ ਦਲੇਰੀ ਤੇ ਜੁਅਰਤ ਵੇਖ ਕੇ ਉਨ੍ਹਾਂ ਨੂੰ ਚਰਖੜੀ ਚੜ੍ਹਾਇਆ ਗਿਆ ਅਤੇ ਸ਼ਹੀਦ ਕਰ ਦਿੱਤਾ ਗਿਆ।

**ਹੇਠਾਂ ਧਰਤੀ ਉੱਤੇ ਅੰਬਰ। ਵਿੱਚ ਫਿਰੇ ਸੁਬੇਗ ਸਿੰਘ ਜੰਬਰ।**

ਸੁਬੇਗ ਸਿੰਘ ਜੀ ਨੂੰ ਵੀ ਪੂਰੇ-ਪੂਰੇ ਤਸੀਹੇ ਦਿੱਤੇ ਗਏ, ਪਰ ਆਪ ਨੇ ਸਿੰਘ ਹੋਣੇ ਨਾਂਹ ਨਾ ਕੀਤੀ। ਚਰਖੜੀ ਉੱਤੇ ਚੜ੍ਹਾਏ ਗਏ ਅਤੇ ਸ਼ਹੀਦ ਕੀਤੇ ਗਏ।

ਜੇਕਰ ਭਾਈ ਸੁਬੇਗ ਸਿੰਘ ਜੀ ਕੇਵਲ ਇਤਨਾ ਕਹਿ ਦਿੰਦੇ ਕਿ ਮੈਂ ਸਿੰਘ ਨਹੀਂ ਹਾਂ, ਉਹ ਤੇ ਉਹਨਾਂ ਦਾ ਪੁੱਤਰ ਨਿਰਸੰਦੇਹ ਬੱਚ ਜਾਂਦੇ। ਪਰ ਆਪ ਨੇ ਐਸਾ ਨਾ ਕੀਤਾ ਅਤੇ ਪ੍ਰਾਣ ਦੇ ਦਿੱਤੇ ।

ਚੇਤੇ ਰਹੇ, ਭਾਵੇਂ ਕੋਈ ਮਿਲਵਰਤਨੀਆ ਹੋਵੇ, ਭਾਵੇਂ ਨਾ-ਮਿਲਵਰਤਨੀਆਂ, ਇਹ ਭੇਦ ਕੇਵਲ ਇਕ ਖਾਸ ਹੱਦ ਤੀਕ ਹੈ। ਜਦ ਧਾਰਮਿਕ ਤੇ ਕੌਮੀ ਆਣ ਦਾ ਸਮਾਂ ਆਵੇ ਤਾਂ ਇਹ ਦੋਵੇਂ ਧਿਰਾਂ ਇਕ ਹਨ ਅਤੇ ਕੁਰਬਾਨੀ ਵਿਚ ਕੋਈ ਕਿਸੇ ਤੋਂ ਘੱਟ ਨਹੀਂ।


ਸਿੰਘਾਂ ਦੀ ਕਤਲਾਮ ਹੁੰਦੀ ਸੀ, ਪਰ ਸੁਬੇਗ ਸਿੰਘ ਜੀ ਹਕੂਮਤ ਦੇ ਕਰਿੰਦੇ ਸਨ। ਕਿਸੇ ਜਥੇ ਨੇ ਆਪ ਨੂੰ ਛੇਕਿਆ ਨਹੀਂ ਸੀ। ਆਪ ਦੀ ਭੈਣ ਜੀ ਦਾ ਆਨੰਦ ਗਰਮੂਲੇ ਦੇ ਇਕ ਸਿੰਘ ਨਾਲ ਹੋਇਆ ਸੀ। ਜੋ ਸੇਵਾ ਪੰਥ ਦੀ ਆਪ ਤੋਂ ਬਣਦੀ ਸੀ, ਆਪ ਕਰੀ ਜਾਂਦੇ ਸਨ। ਜਦ ਆਪ ਸਿੰਘਾਂ ਪਾਸ ਆਏ ਸਿੰਘਾਂ ਨੇ ਆਪ ਦਾ ਸਤਿਕਾਰ ਕੀਤਾ ਅਤੇ ਨਿਯਮ ਅਨੁਸਾਰ ਦੀਵਾਨ ਵਿਚ ਦਾਖਲ ਹੋਣ ਤੋਂ ਪਹਿਲਾਂ ਇਕ ਘੜੀ ਖੜਾ ਕਰ ਕੇ ਤੇ ਤਨਖਾਹ ਲਾ ਕੇ ਦੀਵਾਨ ਵਿਚ ਦਾਖਲ ਕਰ ਲਿਆ। ਇਹ ਗੱਲ ਆਪ ਲਈ ਹੀ ਨਹੀਂ ਸੀ, ਸਗੋਂ ਜੋ ਵੀ ਭੁਜੰਗੀ ਜਥੇ ਤੋਂ ਆਗਿਆ ਲੈ ਕੇ ਘਰ ਜਾਂਦਾ ਤੇ ਫਿਰ ਜਥੇ ਵਿਚ ਵਾਪਸ ਆਉਂਦਾ ਸੀ ਉਸ ਨੂੰ ਇਕ ਘੜੀ ਖੜਾ ਰੱਖ ਕੇ ਤਨਖਾਹ ਲਾ ਕੇ ਦੀਵਾਨ ਵਿਚ ਬੈਠਣ ਦੀ ਆਗਿਆ ਦਿੱਤੀ ਜਾਂਦੀ ਸੀ। -0-

# ਆਓ ਜਾਣੀਏ! ਸਿੱਖ ਕੰਨਿਆਂ ਮਹਾਂਵਿਦਿਆਲਾ ਫਿਰੋਜ਼ਪੁਰ ਬਾਰੇ

**ਆਓ ਉੱਠੀਏ ਤੇ ਉਨ੍ਹਾਂ ਦੇ ਕੀਤੇ ਕਾਰਜ ਸਿੱਖ ਕੰਨਿਆਂ ਮਹਾਂਵਿਦਿਆਲਾ ਫਿਰੋਜ਼ਪੁਰ ਨੂੰ ਸੋਚ ਦਾ ਕੇਂਦਰ ਬਣਾ ਲਈਏ! ਉਸੇ ਤਰਜ਼ 'ਤੇ ਸੰਭਾਲ ਕਰੀਏ ਜਿਸ ਤਰਜ਼ 'ਤੇ ਸਭ ਕੁਝ ਛੱਡ ਕੇ ਜ਼ਿੰਦਾ ਸ਼ਹੀਦ ਭਾਈ ਤਖ਼ਤ ਸਿੰਘ ਜੀ ਨੇ ਕੰਮ ਕੀਤਾ ਸੀ। ਅਸੀਂ ਕੇਵਲ ਇਸ ਸੰਸਥਾ ਨੂੰ ਸੰਭਾਲਣਾ ਹੀ ਨਹੀਂ ਸਗੋਂ ਇਸ ਨੂੰ ਬਹੁਤ ਛੇਤੀ ਸਮੇਂ ਦੀਆਂ ਵੱਡੀਆਂ ਸੰਸਥਾਵਾਂ ਤੋਂ ਮੁਹਰਲੀ ਕਤਾਰ ਵਿਚ ਲਿਆਉਣਾ ਹੈ। ਸੰਸਾਰ ਭਰ ਵਿਚੋਂ ਹੋਰ ਭਾਈ ਤਖ਼ਤ ਸਿੰਘ ਜੀ ਦੇ ਵਾਰਸ ਤਿਆਰ ਕਰਨ ਲਈ ਜੁਗਤਿ ਘੜਨੀ ਹੈ। ਇਹ ਦੱਸਦਿਆਂ ਮਾਣ ਮਹਿਸੂਸ ਹੁੰਦਾ ਹੈ ਕਿ ੧੫੦ ਸਾਲਾ ਸਿੰਘ ਸਭਾ ਲਹਿਰ ਦਾ ਮਨਾਉਦਿਆਂ ਸਿੱਖ ਵਿੱਦਿਅਕ ਬੋਰਡ ਦਾ ਪਾਇਆ ਹੋਇਆ ਮਤਾ ਸਾਕਾਰ ਹੋ ਗਿਆ ਹੈ। ਭਾਵ ਸਿੱਖ ਵਿੱਦਿਅਕ ਬੋਰਡ ਕਾਰਜਸ਼ੀਲ ਹੋ ਗਿਆ ਹੈ। ਹੁਣ ਪ੍ਰਚਾਰਨ ਤੇ ਨਿਸ਼ਾਨਿਆਂ ਦੀ ਪੂਰਤੀ ਅਸੀਂ ਯੋਗਦਾਨ ਪਾਉਣਾ ਹੈ।**

**ਸਿੱਖ ਇਤਿਹਾਸ** ਦੀ ਬੁੱਕਲ ਵਿਚ ਵੱਡੀਆਂ ਪ੍ਰਾਪਤੀਆਂ ਮਾਣ ਭਰਪੂਰ ਹਨ। ਵਰਤਮਾਨ ਦੇ ਵਾਰਸ ਕਹਾਉਣ ਵਾਲੇ ਅਸੀਂ ਆਪਣੇ ਇਤਿਹਾਸ ਨਾਲ ਜੋ ਰਿਸ਼ਤਾ ਰੱਖਣਾ ਸੀ ਉਹ ਨਾ ਰੱਖ ਕੇ ਅਣਮੁੱਲੀ ਜਾਣਕਾਰੀ ਤੋਂ ਵਾਂਝੇ ਹਾਂ।

ਸਾਡੇ ਸਾਹਮਣੇ ਪਰਵਾਰਿਕ ਜੀਵਨ ਦੀਆਂ ਲੋੜਾਂ ਤੇ ਚੁਣੌਤੀਆਂ ਦੀ ਹੋਂਦ ਵੀ ਹੈ ਹੱਲ ਦੀ ਲਗਨ ਤੇ ਸਮਝ ਵੀ। ਕੌਮੀ ਸਰੋਕਾਰਾਂ ਨਾਲ ਜਿਵੇਂ ਸਾਨੂੰ ਸਾਡੇ ਵੱਡ ਵਡੇਰਿਆਂ ਨੇ ਜੋੜਨਾ ਸੀ ਜਾਂ ਉਹ ਤਾਂ ਜੋੜ ਨਹੀਂ ਸਕੇ ਜਾਂ ਉਨ੍ਹਾਂ ਦੇ ਜੋੜਿਆਂ ਅਸੀਂ ਜੁੜ ਨਹੀਂ ਸਕੇ। ਕਾਰਣ ਕੋਈ ਰਿਹਾ ਹੋਵੇ ਨੁਕਸਾਨ ਸਾਡਾ ਹੀ ਹੋਇਆ ਹੈ ਇਸ ਨੂੰ ਹੁਣ ਸਮਝਣ ਵਿਚ ਨ ਦੇਰ ਕਰਨੀ ਚਾਹੀਦੀ ਹੈ ਨ ਹੀ ਤੱਤਕਾਲ ਸੰਭਾਲਣ ਵਿਚ ਕੁਤਾਹੀ ਵਰਤਣੀ ਚਾਹੀਦੀ ਹੈ।

**ਗਿ: ਕੇਵਲ ਸਿੰਘ**

ਸਾਬਕਾ ਜਥੇਦਾਰ

ਤਖ਼ਤ ਸ੍ਰੀ ਦਮਦਮਾ ਸਾਹਿਬ

95920-93472


ਜਿਊਂਦੀਆਂ ਜਾਗਦੀਆਂ ਕੌਮਾਂ ੨੪ ਘੰਟੇ ਆਪਣੇ ਕੌਮੀ ਸਰੋਕਾਰਾਂ ਪ੍ਰਤੀ ਸੁਚੇਤ ਰਹਿੰਦੀਆਂ ਹਨ ਤੇ ਲੰਮੀ ਵਿਉਂਤਬੰਦੀ ਨਾਲ ਵਰਤਮਾਨ ਦੀ ਸੰਭਾਲ ਕਰਦਿਆਂ ਚੰਗੇ ਭਵਿੱਖ ਦੀ ਸਿਰਜਣਾ ਲਈ ਕੰਮ ਕਰਦੀਆਂ ਹਨ। ਇਹ ਵਰਤਾਰੇ ਦੀ ਸੰਭਾਲ ਲਈ ਉਨ੍ਹਾਂ ਨਿਰੰਤਰ ਤੁਰਨਾ ਹੁੰਦਾ ਹੈ ਤੇ ਤੁਰਦੀਆਂ ਹਨ ਨ ਅੱਕਦੀਆਂ ਨ ਥੱਕਦੀਆਂ ਹਨ।

ਆਪਾਂ ਵੀ ਜਦੋਂ ੧੯ ਵੀ ਦੇ ਅੱਠਵੇਂ ਦਹਾਕੇ ਦੇ ਆਰੰਭਲੇ ਵਰ੍ਹਿਆਂ ਦਾ ਇਤਿਹਾਸ ਪੜ੍ਹਦੇ ਹਾਂ ਤਾਂ ਸਾਡਾ ਸਿਰ ਵੀ ਉਨ੍ਹਾਂ ਮਹਾਨ ਪੁਰਖਿਆਂ ਦੇ ਅੱਗੇ ਝੁਕਦਾ ਹੈ ਜਿਨ੍ਹਾਂ ਸਮੇਂ ਦੀਆਂ ਵੰਗਾਰਾਂ ਅੱਗੇ ਖਲੋਂਦਿਆਂ ਸਿੰਘ ਸਭਾ ਲਹਿਰ ਦਾ ਆਰੰਭ ੧੮੭੩ ਨੂੰ ਸ੍ਰੀ ਅੰਮ੍ਰਿਤਸਰ ਦੀ ਧਰਤੀ ਗੁਰੂ ਕੇ ਬਾਗ ਸਾਹਮਣੇ ਸ੍ਰੀ ਦਰਬਾਰ ਸਾਹਿਬ ਤੋਂ ਲੰਮੀਆਂ ਵਿਚਾਰਾਂ ਨਾਲ ਕੀਤਾ ਸੀ। ਉਸ ਲਹਿਰ ਦੀ ਅਮੀਰੀ ਉਸ ਦਾ ਇਤਿਹਾਸ ਪੜਿਆਂ ਤੇ ਸਮਝਦਿਆਂ ਹੀ ਅਸਲ ਵਿਚ ਪਤਾ ਲੱਗਦੀ ਹੈ।

ਅਸੀਂ ਆਮ ਕਰਕੇ ਉਨ੍ਹਾਂ ਕੌਮੀ ਸੂਰਮਿਆਂ ਦੇ ਇਤਿਹਾਸ ਤੋਂ ਤਾਂ ਥੋੜ੍ਹਾ ਬਹੁਤ ਵਾਕਫ਼ ਹਾਂ ਜਿਨ੍ਹਾਂ ਰਣ ਤੱਤੇ ਵਿਚ ਖੰਡਾ ਖੜਕਾਉਦਿਆਂ ਸ਼ਹੀਦੀ ਪਾਈ। ਅਸੀਂ ਉਨ੍ਹਾ ਸੂਰਮਿਆਂ ਦੇ ਇਤਿਹਾਸ ਤੋਂ ਵਾਕਫ਼ ਨਹੀਂ ਹਾਂ ਜਿਨ੍ਹਾਂ ਸਾਰਾ ਸਾਰਾ ਜੀਵਨ ਕੌਮ ਲਈ ਨਿਛਾਵਰ ਕਰਕੇ ਕੌਮ ਦੀ ਵਿਗੜੀ ਸਵਾਰਨ ਲਈ ਲਾ







ਦਿੱਤੀ। ਸਿੰਘ ਸਭਾ ਲਹਿਰ ਦਾ ਇਤਿਹਾਸ ਉਨ੍ਹਾਂ ਮਹਾਨ ਸੂਰਮਿਆਂ ਦਾ ਇਤਿਹਾਸ ਜੋ ਵਕਤ ਦੀਆਂ ਵੰਗਾਰਾਂ ਦੇ ਸਨਮੁਖ ਹੋ ਕੇ ਜੂਝੇ ਉਨ੍ਹਾਂ ਸਤਿਗੁਰੂ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਅਕਾਲੀ ਗਿਆਨ ਵਾਲੀ ਸੂਰਮੇ ਦੀ ਪਰਿਭਾਸ਼ਾ ਨੂੰ ਨ ਕੇਵਲ ਪੜਿਆ ਸਮਝਿਆ ਬਲਕਿ ਸ਼ਬਦ ਗੁਰੂ ਜੀ ਰਹਿਮਤ ਨੂੰ ਸੁਰਤਿ ਵਿਚ ਵਸਾ ਕੇ ਆਤਮ ਚੀਨਣ ਵਾਲੀ ਅਵਸਥਾ ਨੂੰ ਮਾਣਿਆ।

ਗਿਆਨ ਦੀ ਖੜਗ ਨਾਲ ਉਨ੍ਹਾਂ ਲੰਮੀ ਨਦਰ ਨਾਲ ਵਕਤ ਦੀਆਂ ਤਾਕਤਾਂ ਨੂੰ ਜੇਰ ਕੀਤਾ। ਸਾਡੇ ਲਈ ਉਨ੍ਹਾਂ ਗੁਰੂ ਬਖਸ਼ੀ ਗਿਆਨ ਸਮਝ ਦੀ ਅਹਿਮੀਅਤ ਨੂੰ ਜੱਗ ਜ਼ਾਹਰ ਕਰਕੇ ਰਸਤਾ ਸੁਖਾਲਾ ਕਰ ਦਿੱਤਾ। ਵਰਤਮਾਨ ਦੀਆਂ ਚੁਣੌਤੀਆਂ ਦਾ ਹੱਲ ਉਨਾਂ ਵੱਲੋਂ ਅਪਨਾਈ ਗਈ ਜੁਗਤਿ ਅਨੁਸਾਰ ਹੀ ਲੱਭੇਗਾ। ਉਨ੍ਹਾਂ ਵਲੋਂ ਅਪਨਾਇਆ ਗਿਆ ਪੈਂਤੜਾ ਸਦ ਬਹਾਰ ਪੈਂਤੜਾ ਹੈ।

ਇਥੇ ਅਸੀਂ ਸਿੰਘ ਸਭਾ ਲਹਿਰ ਦੇ ਸੂਰਮਿਆਂ ਤੋਂ ਪਿਉਂਦ ਹੋਏ ਸੂਰਮੇ ਦੁਆਰਾ ਸਿਰਜੇ ਗਏ ਇਤਿਹਾਸ ਦੀ ਗੱਲ ਕਰਨ ਦੀ ਨਿਮਾਣੀ ਕੋਸ਼ਿਸ਼ ਵਿਚ ਹਾਂ। ਸਿੱਖ ਕੰਨਿਆਂ ਮਹਾਂਵਿਦਿਆਲਾ ਫਿਰੋਜ਼ਪੁਰ ਉਸ ਵਕਤ ਦਾ ਕ੍ਰਾਂਤੀਕਾਰੀ ਕਦਮ ਤਥਾ ਉਦਮ ਹੈ ਜਦੋਂ ਸਾਧਨਾਂ ਦੀ ਡਾਢੀ ਥੁੜ ਸੀ। ਸਮਾਜ ਮਾਨਸਿਕ ਤੌਰ ਸੁੱਤਾ ਹੋਇਆ ਆਪਣੇ ਵਰਤਮਾਨ ਤੇ ਭਵਿੱਖ ਤੋਂ ਬੇਹੱਦ ਬੇਖ਼ਬਰ ਸੀ। ਲਾਹੌਰ ਓਰੀਐਂਟਲ ਕਾਲਜ ਦੇ ਪੜ੍ਹਾਈ ਵਾਲੇ ਵਿਹੜੇ ਗੁਰਬਾਣੀ ਗੁਰੂ ਜੀ ਦੇ ਗਿਆਨ, ਗੁਰੂ ਇਤਿਹਾਸ, ਸਿੱਖ ਇਤਿਹਾਸ ਤੇ ਸਮਾਜਿਕ ਚੇਤਨਾ ਦੇ ਅਥਾਹ ਰੰਗ ਰੰਗੀਆਂ ਸੂਰਮਾ ਆਤਮਾਵਾਂ ਇਥੇ ਬੁਝੇ ਹੋਏ ਸੁਰਤਾਂ ਦੇ ਦੀਵੇ ਜਗਾ ਰਹੀਆਂ ਸਨ। ਅਤਿ ਆਦਰਯੋਗ ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ਤੇ ਮਹਾਨ ਵਿਦਵਾਨ ਗਿਆਨੀ ਦਿੱਤ ਸਿੰਘ ਜੀ। ਜਿਨ੍ਹਾਂ ਨੇ ਪੂਰਾ ਪੂਰਾ ਜੀਵਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਤੇ ਗੁਰੂ ਪੰਥ ਨੂੰ ਸਮਰਪਿਤ ਕੀਤਾ ਹੋਇਆ ਸੀ। ਭੁੱਖੇ ਤਿਹਾਏ ਰਹਿ ਕੇ ਦਿਨ ਰਾਤ ਜੁਝ ਰਹੇ ਸਨ। ਉਨ੍ਹਾਂ ਦੀ ਸੰਗਤ ਤੇ ਗੁਰਬਾਣੀ ਦੀ ਰੰਗਤ ਨਾਲ ਸਵਾਰਿਆ ਸ਼ਿੰਗਾਰਿਆ ਗਿਆ ਪਾਰਸ ਹੋਇਆ ਹੈ ਭਾਈ ਤਖ਼ਤ ਸਿੰਘ ਜੀ ਜਿੰਦਾ ਸ਼ਹੀਦ ਫਿਰੋਜ਼ਪੁਰ।

ਕਹਿੰਦੇ ਇਕ ਦਿਨ ਵਿਦਿਆਰਥੀਆਂ ਨੂੰ ਆਦਰਯੋਗ ਗਿਆਨੀ ਦਿੱਤ ਸਿੰਘ ਜੀ ਪੜਾ ਰਹੇ ਸਨ। ਉਹ ਦਿਨ ਰਾਤ ਕੌਮ ਦੀ ਚੜ੍ਹਦੀ ਕਲਾ ਲਈ ਸੋਚਦੇ ਕੰਮ ਕਰਦੇ ਰਹਿੰਦੇ ਸਨ। ਵਿਦਿਆਰਥੀਆਂ ਨੂੰ ਮੁਖਾਤਬ ਹੋ ਕੇ ਕਹਿਣ ਲੱਗੇ "ਪਿਆਰੇ ਵਿਦਿਆਰਥੀਓ! ਤੁਹਾਡੇ ਵਿੱਚੋਂ ਕੋਈ ਉੱਠ ਕੇ ਇਕ ਵੱਡੀ ਜਿੰਮੇਵਾਰੀ ਲਈ ਪ੍ਰਣ ਕਰੇਗਾ? ਵਿਦਿਆਰਥੀ! ਉਤਾਵਲੇ ਹੋ ਕੇ ਗਿਆਨੀ ਜੀ ਵੱਲ ਵੇਖਣ ਲੱਗੇ ਤੇ ਨਾਲ ਹੀ ਪੁੱਛਣ ਲੱਗੇ " ਗਿਆਨੀ ਜੀ ਕਿਹੜੀ ਹੈ ਵੱਡੀ ਜ਼ਿੰਮੇਵਾਰੀ? ਗਿਆਨੀ ਜੀ ਨੇ ਬਹੁਤ ਹੀ ਪਿਆਰ ਨਾਲ ਕਿਹਾ ਹਾਲੀ ਸਾਡੇ ਇਸਤਰੀ ਵਿੱਦਿਆ ਦਾ ਪ੍ਰਬੰਧ ਨ ਹੋਣ ਕਰਕੇ ਇਸਤਰੀ ਨੂੰ "ਅਬਲਾ" ਕਿਹਾ ਜਾਂਦਾ ਹੈ। ਮੈਂ ਚਾਹੁੰਦਾ ਹਾਂ ਤੁਹਾਡੇ ਵਿੱਚੋਂ ਕੋਈ ਇਸ " ਅਬਲਾ" ਕਰਕੇ ਆਖੀ ਜਾਤੀ ਇਸਤਰੀ ਲਈ ਵਿਸ਼ੇਸ਼ ਵਿੱਦਿਆ ਦਾ ਉਦਮ ਕਰੇ। " ਗਿਆਨੀ ਜੀ ਦੇ ਇਹ ਬੋਲ ਸੁਣੇ ਤਾਂ ਕਈਆਂ ਨੇ ਸਨ ਉਨ੍ਹਾਂ ਵਿੱਚੋਂ ਉੱਠਿਆ ਸੀ ਸਿੱਖ ਗੱਭਰੂ ਭਾਈ ਤਖ਼ਤ ਸਿੰਘ! ਗਿਆਨੀ ਨੂੰ ਸੰਬੋਧਨ ਹੋ ਕੇ ਨਾਲ ਹੀ ਇਸ ਨੇ ਅਦਬ ਨਾਲ ਆਖਿਆ "ਗਿਆਨੀ ਜੀ ਇਹ ਜ਼ਿੰਮੇਵਾਰੀ ਦਾਸ ਨੂੰ ਦੇ ਦਿਓ ਸਾਰਾ ਜੀਵਨ ਲਾ ਦਿਆਂਗਾ! " ਜਦੋਂ ਕਦੇ ਅਧਿਆਪਕ ਜਾਂ ਉਸਤਾਦ ਦੇ ਕਹੇ ਹੋਏ ਬੋਲਾਂ ਨੂੰ ਕਬੂਲਣ ਵਾਲਾ ਨਿੱਤਰ ਕੇ ਵਾਰਸ ਅੱਗੇ ਆਉਂਦਾ ਹੈ ਉਸ ਉਸਤਾਦ ਤਥਾ ਅਧਿਆਪਕ ਦੀਆਂ ਖ਼ੁਸ਼ੀ ਵਾਲੀਆਂ ਹੱਦਾਂ ਮੁੱਕ ਜਾਂਦੀਆਂ ਹਨ। ਇਸ ਤਰ੍ਹਾਂ ਇਸ ਮੌਕੇ ਗਿਆਨੀ ਦਿੱਤ ਸਿੰਘ ਜੀ ਦੀ ਖੁਸ਼ੀ ਵੀ ਕਹਿਣ ਸੁਨਣ ਤੋਂ ਬਾਹਰ ਵਾਲੀ ਹੋਵੇਗੀ। ਉਹ ਗੁਰੂ ਤੇ ਪ੍ਰਭੂ ਸ਼ੁਕਰਾਨੇ ਨਾਲ ਭਰ ਗਏ ਹੋਣਗੇ। ਸਿੱਖ ਕੰਨਿਆਂ ਮਹਾਂਵਿਦਿਆਲਾ ਦਾ ਬੀਜ ਗਿਆਨੀ ਦਿੱਤ ਸਿੰਘ ਜੀ ਨੇ ਗੁਰੂ ਕਿਰਪਾ ਨਾਲ ਭਾਈ ਤਖ਼ਤ ਸਿੰਘ ਜੀ ਦੇ ਅੰਦਰ ਬੀਜ ਦਿੱਤਾ।

ਅਗਲਾ ਇਤਿਹਾਸ ਪੜਨਾ ਤੇ ਸਮਝਣਾ ਹੀ ਬਣਦਾ ਹੈ। ਜਦੋਂ ਰੂਹਾਂ ਜਾਗ ਪੈਂਦੀਆਂ ਹਨ ਨਿਸ਼ਾਨੇ ਮਿਲ ਜਾਂਦੇ ਹਨ ਉਹ ਕਿਵੇਂ ਨਿਸ਼ਾਨਿਆਂ ਦੀ ਪੂਰਤੀ ਵਾਸਤੇ ਲੁੱਛਦੀਆਂ ਹਨ? ਇਸ ਦੀ ਜੀਉਂਦੀ ਜਾਗਦੀ ਤਸਵੀਰ ਉਸ ਵਕਤ ਜ਼ਿੰਦਾ ਸ਼ਹੀਦ ਭਾਈ ਤਖ਼ਤ ਸਿੰਘ ਜੀ ਵੇਖੀ ਜਾ ਸਕਦੀ ਹੈ। ਅੰਦਰ ਤੜਫ਼ ਏਨੀ ਪੈਦਾ ਹੋ ਗਈ ਕਿ ਭਾਈ ਜੀ ਫਿਰੋਜ਼ਪੁਰ ਦੇ ਬਜ਼ੁਰਗਾਂ ਨੂੰ ਵਾਰ ਵਾਰ ਮਿਲੇ। ਨਿਸ਼ਾਨੇ ਬਾਰੇ ਦੱਸਿਆ ਤੇ ਪੂਰਿਆਂ ਕਰਨ ਲਈ ਅਗਵਾਈ ਤੇ ਮਦਦ ਮੰਗੀ। ਦੁਖਾਂਤ ਉਸ ਸਮੇਂ ਦਾ ਇਹ ਸੀ ਕਿ ਕੋਈ ਮਰਦ ਧੀ ਲਈ ਵਿਦਿਆ ਦੀ ਗੱਲ ਸੁਣ ਕੇ ਹਮਦਰਦੀ ਨਹੀਂ ਕਰਦਾ ਸਗੋਂ ਰੋਹ ਵਿਚ ਆ ਜਾਂਦਾ ਸੀ ਕਿ ਕਿਵੇਂ ਹੋ ਸਕਦਾ ਹੈ ਅਸੀਂ ਧੀਆਂ ਪੜਾਈਏ!ਇਸ ਤਰ੍ਹਾਂ ਜਾਪਦਾ ਹੈ ਕਿ ਉਸ ਸਮੇਂ ਧੀਆਂ ਦੀ ਪੜ੍ਹਾਈ ਜਿਵੇਂ ਅਪਰਾਧ ਕਰਮ ਹੋਵੇ। ਕਹਿੰਦੇ ਨੇ ਬਜ਼ੁਰਗਾਂ ਨੇ ਨਹੀਂ ਖੋਹਲਣ ਦਿੱਤਾ ਧੀਆਂ ਦਾ ਸਕੂਲ! ਜਬਰਦਸਤ ਅੜ ਗਏ। ਮਜ਼ਬੂਰ ਕਰ ਦਿੱਤਾ ਭਾਈ ਸਾਹਿਬ ਜੀ ਨੂੰ ਲੜਕਿਆਂ ਦਾ ਸਕੂਲ ਖੋਲ੍ਹਣ ਲਈ। ਨਾ ਮਨ ਮੰਨਦਿਆਂ ਵੀ ਭਾਈ ਸਾਹਿਬ ਜੀ ਨੂੰ ਲੜਕਿਆਂ ਦਾ ਸਕੂਲ ਹੀ ਖੋਲ੍ਹਣਾ ਪਿਆ।

ਸਿੱਖ ਕੰਨਿਆਂ ਮਹਾਂਵਿਦਿਆਲਾ ਦੋ ਸਾਲ ਦੇਰ ਨਾਲ ਭਾਈ ਸਾਹਿਬ ਨੇ ਵੱਡੇ ਜਫਰ ਜਾਲ ਕੇ ਸੰਨ ੧੮੯੨ ਵਿਚ ਸ਼ੁਰੂ ਕੀਤਾ।

ਇਹ ਉਹ ਸਮਾਂ ਸੀ ਸਮਝ ਰੱਖਣ ਵਾਲੇ ਲੋਕ ਧੀਆਂ ਨੂੰ ਪੜ੍ਹਾਉਣ ਦਾ ਜਬਰਦਸਤ ਵਿਰੋਧ ਕਰਦੇ ਸਨ। ਉਹ ਛੇਤੀ ਕੀਤਿਆਂ ਆਪਣੇ ਖਾਨੇ ਗੱਲ ਵਾੜਨ ਲਈ ਤਿਆਰ ਹੀ ਨਹੀਂ ਸਨ। ਇਹ ਤੇ ਜ਼ਿੰਦਾ ਸ਼ਹੀਦ ਭਾਈ ਤਖ਼ਤ ਸਿੰਘ ਜੀ ਦਾ ਸਿਰੜ ਸੀ ਜੋ ਹਰ ਤਰ੍ਹਾਂ ਦੇ ਤਾਹਨੇ ਮਿਹਣੇ ਸੁਣ ਕੇ ਵੀ ਅਡਿੱਗ ਰਹੇ। ਵਕਤ ਦੇ ਸਮਾਜਿਕ ਮੁਖੀ ਪਹਿਲਾਂ ਹੀ ਭਰਵਾਂ ਵਿਰੋਧ ਕਰਦੇ ਸਨ ।ਭਾਈ ਸਾਹਿਬ ਜੀ ਕੋਲ ਇਸ ਕੌਮੀ ਸਿਰਜਣ ਦੇ ਉਦਮ ਪ੍ਰਤੀ ਧਾਰਨ ਕੀਤੀ। ਦ੍ਰਿੜ੍ਹਤਾ ਸੀ। ਇਸ ਜ਼ਿੰਮੇਵਾਰੀ ਦਾ ਵੱਡਾ ਅਹਿਸਾਸ ਸੀ ਉਨ੍ਹਾਂ ਕੋਲ। ਇਸ ਧੁਨ ਦੀ ਵਿਆਖਿਆ ਸ਼ਬਦਾਂ ਦੀ ਸੀਮਤ ਹੱਦ ਨਾਲ ਨਹੀਂ ਹੋ ਸਕਦੀ। ਬਿਨਾਂ ਸਾਧਨਾਂ ਦੇ ਤੇ ਸਮਰੱਥਾ ਸੰਘਰਸ਼ ਵਿੱਢਣਾ ਸੀ ਉਸ ਵਕਤ। ਵਿਚਾਰਾਂ ਹੁਣ ਹੋਰ ਲੰਮਾ ਨ ਕਰਦਿਆਂ ਇਹ ਸਾਂਝ ਪਾਉਣੀ ਹੀ ਕਾਫ਼ੀ ਹੈ ਕਿ ਜਦੋਂ ਰੱਬੀ ਨਦਰਿ ਰਾਹੀਂ ਨਿਸ਼ਾਨੇ ਲੱਭ ਜਾਂਦੇ ਹਨ ਤਾਂ ਮਤਵਾਲੇ ਆਸ਼ਕ ਸਭ ਪ੍ਰਕਾਰ ਦੀ ਦੁਨਿਆਵੀ ਪਰਵਾਹ ਤੋਂ ਉੱਪਰ ਉੱਠ ਕੇ ਹੀ ਕੰਮ ਕਰਦੇ ਹਨ।


ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ਤੇ ਗਿਆਨੀ ਦਿੱਤ ਸਿੰਘ ਜੀ ਦਾ ਹੋਣਹਾਰ ਸ਼ਾਗਿਰਦ ਬਾਬਾ ਕਬੀਰ ਜੀ ਦੇ ਗਿਆਨ ਉਪਦੇਸ਼ ਦੀ ਛਤਰ ਛਾਇਆ ਹੇਠ ਏਨੀ ਦ੍ਰਿੜ੍ਹਤਾ ਦਾ ਵਾਰਸ ਹੋ ਗਿਆ ਸੀ **ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ॥** ਇਸ ਦੌਰ ਵਾਲਿਆਂ ਦੀ ਮਿੱਟੀ ਕੋਈ ਖਾਸ ਹੀ ਹੋਵੇਗੀ। ਜੋ ਕੌਮੀ ਸੇਵਾ ਕਰਦਿਆਂ ਨ ਅੱਕੇ ਨ ਥੱਕੇ।

ਭਾਈ ਹੀਰਾ ਸਿੰਘ ਰਾਗੀ ਜੀ ਦੀ ਜੀਵਨ ਕਹਾਣੀ ਕੁਝ ਇਸ ਤਰ੍ਹਾਂ ਦੇ ਸਿਰੜ ਦੀ ਆਤਮਾਵਾਂ ਨੂੰ ਸਕੂਨ ਦੇਣ ਤੇ ਉਚਿਆਉਣ ਵਾਲੀ ਗਾਥਾ ਹੈ।

ਸਿੰਘ ਸਭਾ ਲਹਿਰ ਦੇ ਮਹਾਨ ਪੱਤਰਾਂ ਦੀਆਂ ਬਾਤਾਂ ਪਾਉਣੀਆਂ ਅਸੀਂ ਉਨ੍ਹਾਂ ਦੇ ਵਾਰਸ ਭੁੱਲ ਰਹੇ ਹਾਂ ।

ਆਓ ਉੱਠੀਏ ਤੇ ਉਨ੍ਹਾਂ ਦੇ ਕੀਤੇ ਕਾਰਜ ਸਿੱਖ ਕੰਨਿਆਂ ਮਹਾਂਵਿਦਿਆਲਾ ਫਿਰੋਜ਼ਪੁਰ ਨੂੰ ਸੋਚ ਦਾ ਕੇਂਦਰ ਬਣਾ ਲਈਏ! ਉਸੇ ਤਰਜ਼ 'ਤੇ ਸੰਭਾਲ ਕਰੀਏ ਜਿਸ ਤਰਜ਼ 'ਤੇ ਸਭ ਕੁਝ ਛੱਡ ਕੇ ਜ਼ਿੰਦਾ ਸ਼ਹੀਦ ਭਾਈ ਤਖ਼ਤ ਸਿੰਘ ਜੀ ਨੇ ਕੰਮ ਕੀਤਾ ਸੀ। ਅਸੀਂ ਕੇਵਲ ਇਸ ਸੰਸਥਾ ਨੂੰ ਸੰਭਾਲਣਾ ਹੀ ਨਹੀਂ ਸਗੋਂ ਇਸ ਨੂੰ ਬਹੁਤ ਛੇਤੀ ਸਮੇਂ ਦੀਆਂ ਵੱਡੀਆਂ ਸੰਸਥਾਵਾਂ ਤੋਂ ਮੁਹਰਲੀ ਕਤਾਰ ਵਿਚ ਲਿਆਉਣਾ ਹੈ। ਸੰਸਾਰ ਭਰ ਵਿਚੋਂ ਹੋਰ ਭਾਈ ਤਖ਼ਤ ਸਿੰਘ ਜੀ ਦੇ ਵਾਰਸ ਤਿਆਰ ਕਰਨ ਲਈ ਜੁਗਤਿ ਘੜਨੀ ਹੈ।

ਇਹ ਦੱਸਦਿਆਂ ਮਾਣ ਮਹਿਸੂਸ ਹੁੰਦਾ ਹੈ ਕਿ ੧੫੦ ਸਾਲਾ ਸਿੰਘ ਸਭਾ ਲਹਿਰ ਦਾ ਮਨਾਉਦਿਆਂ ਸਿੱਖ ਵਿੱਦਿਅਕ ਬੋਰਡ ਦਾ ਪਾਇਆ ਹੋਇਆ ਮਤਾ ਸਾਕਾਰ ਹੋ ਗਿਆ ਹੈ। ਭਾਵ ਸਿੱਖ ਵਿੱਦਿਅਕ ਬੋਰਡ ਕਾਰਜਸ਼ੀਲ ਹੋ ਗਿਆ ਹੈ। ਹੁਣ ਪ੍ਰਚਾਰਨ ਤੇ ਨਿਸ਼ਾਨਿਆਂ ਦੀ ਪੂਰਤੀ ਅਸੀਂ ਯੋਗਦਾਨ ਪਾਉਣਾ ਹੈ। -0-



## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐਪ ਕਰ ਸਕਦੇ ਹੋ।**

# ਲੋਪ ਹੋ ਰਹੇ ਸ਼ਬਦਾਂ ਦੀ ਸੰਭਾਲ

**ਜਗਦੇਵ ਸ਼ਰਮਾ ਬੁਗਰਾ 98727-87243**

ਦੁਨੀਆ ਵਿੱਚ 7000 ਤੋਂ ਵੱਧ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਸਾਡੀ ਮਾਂ ਬੋਲੀ ਪੰਜਾਬੀ ਕੋਈ 15 ਕਰੋੜ ਲੋਕ ਬੋਲਦੇ ਹਨ। ਗਿਣਤੀ ਪੱਖੋਂ ਪੰਜਾਬੀ ਭਾਸ਼ਾ ਬੋਲਣ ਵਾਲੇ ਜ਼ਿਆਦਾ ਲੋਕ ਲਹਿੰਦੇ ਪੰਜਾਬ ਤੋਂ ਹਨ। ਆਖਦੇ ਹਨ ਕਿ ਬਾਰਾਂ ਕੋਹ 'ਤੇ ਬੋਲੀ ਬਦਲ ਜਾਂਦੀ ਹੈ। ਖੇਤਰ ਮੁਤਾਬਿਕ ਪੰਜਾਬੀ ਦੀਆਂ ਸੱਤ ਉਪ ਬੋਲੀਆਂ ਹਨ: ਮਾਝੀ, ਪੁਆਧੀ, ਪੋਠੋਹਾਰੀ, ਮਲਵਈ, ਦੁਆਬੀ, ਮੁਲਤਾਨੀ ਅਤੇ ਡੋਗਰੀ।

ਆਧੁਨਿਕਤਾ ਦੀ ਵਗੀ ਹਨੇਰੀ, ਤਕਨੀਕੀ ਤਰੱਕੀ ਅਤੇ ਹੋਰ ਭਾਸ਼ਾਵਾਂ ਦੇ ਅਸਰ ਕਾਰਨ ਭਾਸ਼ਾ ਵਿੱਚੋਂ ਕੁਝ ਸ਼ਬਦ ਮਨਫ਼ੀ ਹੁੰਦੇ ਜਾਂਦੇ ਹਨ ਅਤੇ ਕਈ ਨਵੇਂ ਜੁੜਦੇ ਜਾਂਦੇ ਹਨ। ਇਸੇ ਕਾਰਨ ਸਾਡੀ ਮਾਂ ਬੋਲੀ ਪੰਜਾਬੀ ਦੇ ਵੀ ਬਹੁਤ ਸਾਰੇ ਸ਼ਬਦ ਆਪਣੀ ਹੋਂਦ ਗੁਆ ਚੁੱਕੇ ਜਾਂ ਫਿਰ ਆਖ਼ਰੀ ਸਾਹਾਂ 'ਤੇ ਹਨ। ਅਜਿਹੇ ਹੀ ਕੁਝ ਲਫ਼ਜ਼ਾਂ ਦਾ ਜ਼ਿਕਰ ਇਨ੍ਹਾਂ ਦੇ ਅਰਥਾਂ ਸਮੇਤ ਕਰਨਾ ਬਣਦਾ ਹੈ ਤਾਂ ਕਿ ਇਹ ਸ਼ਬਦ ਸੰਭਾਲੇ ਜਾ ਸਕਣ। ਇਨ੍ਹਾਂ ਵਿੱਚੋਂ ਜ਼ਿਆਦਾਤਰ ਸ਼ਬਦ ਪੰਜਾਬ ਦੇ ਮਾਲਵਾ ਖਿੱਤੇ ਦੇ ਜ਼ਿਲ੍ਹੇ ਸੰਗਰੂਰ ਦੇ ਵਾਸੀਆਂ ਦੀ ਬੋਲੀ ਵਿੱਚੋਂ ਹਨ।

ਅਜਿਹੇ ਬਹੁਤ ਸਾਰੇ ਸ਼ਬਦ ਪੰਜਾਬੀਆਂ ਦੇ ਪਹਿਰਾਵੇ, ਖਾਣ-ਪੀਣ ਅਤੇ ਸਰੀਰਕ ਅੰਗਾਂ ਨਾਲ ਜੁੜੇ ਹੋਏ ਹਨ ਜਿਵੇਂ ਹੂੰਗ- ਤਕਲੀਫ਼ ਸਮੇਂ ਨਿਕਲਣ ਵਾਲੀ ਆਵਾਜ਼, ਖਰੀਂਢ- ਜ਼ਖ਼ਮ ਭਰਨ ਦੀ ਨਿਸ਼ਾਨੀ, ਲੋਲ੍ਹਾ- ਸਿੱਧਰਾ ਇਨਸਾਨ, ਟੂਲਾ- ਨੀਂਦ ਦੀ ਝਪਕੀ, ਤਿਲੰਗਾ- ਜਿਸਦੀ ਤੋਰ ਵਿੱਚ ਨੁਕਸ ਹੋਵੇ, ਸਤੌਲ- ਜ਼ਿਆਦਾ ਬੱਚੇ, ਬੂਬਨਾ- ਸਾਧ, ਝੇਧਰਣਾ- ਝਿੜਕਣਾ, ਅੱਲਾ- ਕੱਚਾ ਜ਼ਖ਼ਮ, ਸਹੂਰ- ਅਕਲ, ਲੱਖਣ- ਸਿਆਣਪ, ਖੁੰਘਲ- ਧਨ ਦੌਲਤ ਤੋਂ ਖਾਲੀ, ਲੁਤਰੋ- ਜੀਭ, ਦੀਦੇ- ਅੱਖਾਂ, ਢਾਕ- ਪਿੱਠ ਤੋਂ ਉੱਪਰਲਾ ਅਤੇ ਢੂਹੀ ਦਾ ਨਿਚਲਾ ਹਿੱਸਾ, ਤੁਰਲਾ- ਮਾਵਾ ਲਾ ਕੇ ਬੰਨ੍ਹੀ ਪੱਗ ਦਾ ਉਪਰਲਾ ਹਿੱਸਾ, ਖੁੱਸਾ- ਚਮੜੇ ਦੀ ਜੁੱਤੀ ਦੀ ਇੱਕ ਕਿਸਮ, ਸੁੱਭਰ- ਵਿਆਂਦੜ ਲੜਕੀ ਨੂੰ ਫੇਰਿਆਂ/ਅਨੰਦ ਕਾਰਜ ਵੇਲੇ ਲਪੇਟਣ ਲਈ ਨਾਨਕਿਆਂ ਵੱਲੋਂ ਲਿਆਂਦਾ ਕੱਪੜਾ, ਧੌੜੀ- ਚੰਮ, ਲੱਖਣ- ਅੰਦਾਜ਼ਾ, ਜਕ- ਸੰਕੋਚ, ਤਿਓਰ- ਤੀਹਰਾ ਕੱਪੜਾ, ਚੌਤੋ- ਚਾਰ ਤਹਿਆਂ, ਤਸਮਈ- ਖੀਰ, ਧੂਤਕੜਾ- ਬੇਲੋੜਾ ਰੌਲਾ, ਝੱਜੂ- ਬੇਲੋੜੀ ਚਰਚਾ, ਕਚ੍ਹੀਰਾ- ਬੇਲੋੜਾ ਸੰਵਾਦ, ਆਹਰੇ ਲੱਗਿਆ- ਰੁੱਝਿਆ ਹੋਇਆ, ਗੜ- ਫੋੜਾ, ਓਕ- ਹੱਥ ਨੂੰ ਭਾਂਡਾ ਬਣਾ ਕੇ ਪਾਣੀ ਪੀਣਾ, ਬੁੱਕ- ਦੋ ਹੱਥਾਂ ਨੂੰ ਭਾਂਡਾ ਬਣਾ ਕੇ ਵਰਤਣਾ, ਖੁੱਚ- ਗਿੱਟਾ, ਕੁੱਢਰ- ਕੁਚੱਜੀ ਔਰਤ, ਘੋਥਲ- ਹਲੂਣਾ, ਗੱਦਰ- ਸੁਡੌਲ, ਮੌਰ- ਮੋਢੇ ਦਾ ਪਿਛਲਾ ਹਿੱਸਾ, ਪੱਕਾ ਮਿੱਠਾ- ਖੰਡ, ਤਲਾਈ- ਗਦੈਲਾ, ਤਿਹੌਲਾ- ਆਟਾ, ਖੰਡ, ਘਿਓ ਤੋਂ ਤਿਆਰ ਕੀਤਾ ਕੜਾਹ, ਮੰਡੇ- ਵੱਡ ਅਕਾਰੀ ਫੁਲਕੇ, ਤਿਓੜ- ਜ਼ਿਆਦਾ ਕੜ੍ਹਿਆ ਦੁੱਧ, ਕੁੜ- ਦੁੱਧ ਰਿੜਕਣ ਵਾਲੀ ਮਧਾਣੀ ਦਾ ਹਿੱਸਾ, ਨੇਤਰਾ- ਦੁੱਧ ਰਿੜਕਣ ਲਈ ਵਰਤੀ ਜਾਣ ਵਾਲੀ ਰੱਸੀ, ਭੁੱਬਲ- ਚੁੱਲ੍ਹੇ ਵਿਚਲੀ ਗਰਮ ਸੁਆਹ, ਸ਼ਰਲਾ- ਪਿਸ਼ਾਬ ਦੀ ਧਾਰ, ਸੁੜ੍ਹਕਣਾ- ਜ਼ੁਕਾਮ, ਬਹਿਕਣਾ- ਉੱਚੀ ਉੱਚੀ ਬੋਲਣਾ, ਜਲੂਆ- ਪਾਣੀ, ਪਲਾ- ਚਾਹ ਦੁੱਧ ਵਰਤਾਉਣ ਵਾਲਾ ਭਾਂਡਾ, ਗੀਝਾ- ਕੁੜਤੇ ਨੂੰ ਢਾਕ ਕੋਲ ਲੱਗੀ ਜੇਬ੍ਹ, ਖੱਲਾ- ਟੁੱਟੀ ਜੁੱਤੀ, ਗੰਦੂ- ਗੁੜ, ਖੰਨਾ- ਅੱਧੀ ਰੋਟੀ, ਚੱਪਾ- ਚਾਰ ਉਂਗਲਾਂ ਦੇ ਬਰਾਬਰ ਦਾ ਪੈਮਾਨਾ, ਭੋਥਾ- ਚਾਦਰਾ।

ਪਿਛਲੇ ਕੋਈ ਪੰਜਾਹ ਸੱਠ ਸਾਲਾਂ ਵਿੱਚ ਸਭ ਤੋਂ ਵੱਧ ਬਦਲਾਅ ਖੇਤੀ ਦੇ ਢੰਗ ਤਰੀਕਿਆਂ ਵਿੱਚ ਦਰਜ ਕੀਤਾ ਗਿਆ ਹੈ। ਇਸੇ ਕਰਕੇ ਖੇਤੀ ਦੇ ਕਾਰੋਬਾਰ ਵਿੱਚ ਪਹਿਲਾਂ ਵਰਤੇ ਜਾਣ ਵਾਲੇ ਸ਼ਬਦ ਅੱਜ ਲੋਪ ਹੋ ਰਹੇ ਹਨ। ਉਦਾਹਰਨ ਵਜੋਂ: ਸੇਪੀ- ਲਾਗੀਆਂ ਨੂੰ ਛਿਮਾਹੀ ਦਿੱਤਾ ਜਾਣ ਵਾਲਾ ਮਿਹਨਤਾਨਾ, ਸਬਰ ਕੱਤਾ- ਹੂੰਝ ਕੇ ਇਕੱਠਾ ਕਰਨ ਵਾਲਾ ਫਹੁੜਾ, ਗੰਢੈਲ- ਨਿੱਸਰਿਆ ਪਿਆਜ਼, ਵਾਢਾ- ਕਟਾਈ ਦੀ ਸ਼ੁਰੂਆਤ, ਸੰਨਵਾਂ- ਛੇ ਮਹੀਨੇ ਖਾਲੀ ਰੱਖਿਆ ਖੇਤ, ਸੁੱਬ- ਬੰਨ੍ਹਣ ਲਈ ਵਰਤੀ ਜਾਣ ਵਾਲੀ ਪਰਾਲੀ ਦੀ ਰੱਸੀ, ਆਹਨ- ਟਿੱਡੀ ਦਲ, ਆਹਵਤ- ਕਿਸੇ ਕੰਮ ਨੂੰ ਸਮੂਹ ਦੁਆਰਾ ਕਰਨਾ, ਰੁੱਗ- ਟੋਕੇ ਵਾਲੀ ਮਸ਼ੀਨ ਵਿੱਚ ਕੁਤਰੀ ਜਾਣ ਵਾਲੀ ਫਸਲ ਦਾ ਛੋਟਾ ਹਿੱਸਾ, ਥੱਬਾ- ਖੇਤ ਵਿੱਚ ਕਟਾਈ ਸਮੇਂ ਲੱਗਦੀ ਛੋਟੀ ਢੇਰੀ, ਭਰਾ- ਕੱਟੀ ਹੋਈ ਫਸਲ ਦੀ ਪੰਡ, ਗਰਾ- ਢੇਰ, ਧੜੂ- ਤੂੜੀ ਦਾ ਢੇਰ, ਬੋਹਲ- ਦਾਣਿਆਂ ਦਾ ਢੇਰ, ਬਿੰਡੀ- ਭਾਰੀ ਗੱਡਾ ਰੇਹੜੀ ਨੂੰ ਖਿੱਚਣ ਲਈ ਤੀਜੇ ਪਸ਼ੂ ਦੀ ਵਰਤੋਂ, ਅਰਲੀ- ਪੰਜਾਲੀ ਦਾ ਇੱਕ ਹਿੱਸਾ, ਜਾਤੂ- ਗੱਡੇ ਵਿੱਚੋਂ ਵਸਤੂਆਂ ਨੂੰ ਡਿੱਗਣ ਤੋਂ ਰੋਕਣ ਲਈ ਵਰਤੀ ਜਾਣ ਵਾਲੀ ਲੱਕੜ, ਟਾਂਟ- ਛੋਲਿਆਂ ਦੀ ਫ਼ਲੀ, ਝਲਾਰ- ਨੀਵੇਂ ਥਾਂ ਤੋਂ ਪਾਣੀ ਉੱਚਾ ਚੁੱਕਣ ਵਾਲਾ ਹਲਟ, ਗੁੱਲ- ਦਾਣਿਆਂ ਤੋਂ ਖਾਲੀ ਕੀਤੀ ਛੱਲੀ, ਦੋਧਾ- ਕੱਚੇ ਦਾਣਿਆਂ ਵਾਲੀ ਛੱਲੀ, ਦੋਹਰ- ਦੋ ਵਾਰੀ ਵਾਹੁਣਾ, ਨੀਰਾ- ਤੂੜੀ, ਰਿੜੀ- ਫਸਲ ਦਾ ਦਾਣਾ ਫੱਕਾ ਸਾਂਭਣ ਮਗਰੋਂ ਬੱਚਿਆਂ ਨੂੰ ਦਿੱਤਾ ਜਾਣ ਵਾਲਾ ਛੋਟਾ ਹਿੱਸਾ, ਡਵਿੱਢਾ- ਇੱਕੋ ਸਮੇਂ ਦੂਹਰੀਆਂ ਟਿੰਡਾਂ ਵਾਲਾ ਖੂਹ, ਢੋਰ- ਡੰਗਰ, ਢਾਰਾ- ਪਸ਼ੂਆਂ ਲਈ ਛੱਪਰ, ਢੋਰਾ- ਦਾਣਿਆਂ ਨੂੰ ਲੱਗੀ ਬਿਮਾਰੀ, ਲੰਡਾ- ਬਿਨਾ ਪੂਛ ਦੇ ਪਸ਼ੂ, ਖੁੰਡਾ- ਬੇਢੰਗੇ ਸਿੰਗਾਂ ਵਾਲਾ ਪਸ਼ੂ, ਮੀਣਾ- ਝੁਕੇ ਸਿੰਗਾਂ ਵਾਲਾ ਪਸ਼ੂ, ਮੂਢਾ- ਪਹਿਲੇ ਸਾਲ ਬਾਅਦ ਵਾਰ ਵਾਰ ਉੱਗੀ ਫਸਲ (ਗੰਨਾ), ਟੂਸਾ- ਹਰੇ ਚਾਰੇ ਦਾ ਉਪਰਲਾ ਹਿੱਸਾ, ਲੈਰਾ- ਕੱਚਾ, ਝਕਾਂਡਾ- ਭੱਠੀ ਵਿੱਚ ਝੋਕਾ ਲਾਉਣ ਲਈ ਰੱਖਿਆ ਮੋਘਾ, ਰੰਬਾ- ਖੁਰਪਾ, ਹੋਲਾਂ- ਕੱਚੇ ਛੋਲਿਆਂ ਨੂੰ ਅੱਗ ਵਿੱਚ ਭੁੰਨ ਕੇ ਖਾਣਯੋਗ ਬਣਾਉਣਾ, ਕੋਹਰ- ਫਲ ਦੇ ਪੱਕਣ ਤੋਂ ਪਹਿਲਾਂ ਦੀ ਅਵਸਥਾ, ਫਲ੍ਹਾ- ਫਸਲ ਗਾਹੁਣ ਲਈ ਤਿਆਰ ਕੀਤਾ ਛਟੀਆਂ ਦਾ ਸੁਹਾਗਾ, ਖੱਬਲ- ਕੱਖ, ਭੂੰਗ- ਟਰੱਕ ਟਰਾਲੀ ਵਿੱਚ ਤੂੜੀ ਵਗੈਰਾ ਲੱਦਣ ਲਈ ਵੱਡੇ ਆਕਾਰ ਦਾ ਕੱਪੜਾ, ਧੁਰਲੀ- ਗੱਡੇ ਰੇਹੜੀ ਨੂੰ ਜੁੜੇ ਪਸ਼ੂ ਦੁਆਰਾ ਮਾਰਿਆ ਗਿਆ ਧੱਕਾ, ਢੱਗਾ- ਪਸ਼ੂ, ਇੱਜੜ- ਭੇਡਾਂ ਬੱਕਰੀਆਂ ਦਾ ਸਮੂਹ, ਗੱਭਨ- ਸੂਣ ਵਾਲਾ ਪਸ਼ੂ, ਤੋਕੜ- ਦੁੱਧ ਦੇਣੋਂ ਹਟ ਚੁੱਕਿਆ ਪਸ਼ੂ, ਛੜ- ਪਸ਼ੂ ਦੁਆਰਾ ਬਚਾਅ ਲਈ ਲੱਤ ਦੀ ਵਰਤੋਂ, ਨੱਬ- ਦੁਧਾਰੂ ਪਸ਼ੂ ਦੇ ਦੁੱਧ ਦੀ ਮਾਤਰਾ, ਚਹੇੜੂ- ਮੱਖਣ ਗਰਮ ਕਰਕੇ ਘਿਓ ਬਣਾ ਲੈਣ ਬਾਅਦ ਬਚਿਆ ਪਦਾਰਥ, ਨੇਕਭੂ- ਦੁੱਧ, ਮਾਰ ਖੰਡਾਹਾ- ਟੱਕਰ ਮਾਰਨ ਵਾਲਾ ਪਸ਼ੂ, ਕਰੰਗਾਵਾੜੀ, ਹੱਡਾ ਰੋੜੀ- ਮਰੇ ਹੋਏ ਪਸ਼ੂ ਸੁੱਟਣ ਵਾਲੀ ਜਗ੍ਹਾ, ਡਾਹਾ- ਪਸ਼ੂ ਦੀ ਤੋਰ ਘਟਾਉਣ ਲਈ ਗਲ ਵਿੱਚ ਪਾਈ ਰੋਕ, ਪੈਖੜ- ਘੋੜੇ, ਗਧੇ, ਖੱਚਰ ਆਦਿ ਦੀ ਰਫ਼ਤਾਰ ਘਟਾਉਣ ਲਈ ਪੈਰਾਂ ਵਿੱਚ ਪਾਈ ਜਕੜ, ਕੰਡਿਆਲਾ, ਲਗਾਮ- ਖੱਚਰ, ਘੋੜੇ ਨੂੰ ਸੱਜੇ ਖੱਬੇ ਮੋੜਨ ਲਈ ਉਸ ਦੇ ਮੂੰਹ ਵਿੱਚ ਪਾਇਆ ਲੋਹੇ ਦਾ ਯੰਤਰ, ਨਿਆਣਾ- ਦੁਧਾਰੂ ਗਾਂ/ਬੱਕਰੀ ਨੂੰ ਚੋਣ ਵੇਲੇ ਲੱਤਾਂ ਨੂੰ ਨੂੜਨ ਵਾਲੀ ਰੱਸੀ, ਖਰਖਰਾ- ਪਸ਼ੂਆਂ ਲਈ ਲੋਹੇ ਦਾ ਕੰਘਾ, ਉਗਾਲੀ- ਪਸ਼ੂ ਦੁਆਰਾ ਖਾਧੇ ਗਏ ਚਾਰੇ ਨੂੰ ਚਿੱਥਣ ਦੀ ਪ੍ਰਕਿਰਿਆ।

ਭਾਰਤੀ ਬਾਜ਼ਾਰਾਂ ਵਿੱਚ ਚੀਨ ਦੀਆਂ ਬਣੀਆਂ ਵਸਤਾਂ ਦਾ ਹੜ੍ਹ ਆਉਣ ਤੋਂ ਪਹਿਲਾਂ ਸਾਡੇ ਪੇਂਡੂ ਘਰਾਂ ਵਿੱਚ ਬਹੁਤ ਸਾਰੇ ਮਿੱਟੀ ਦੇ ਬਣੇ ਬਰਤਨ ਵਰਤੇ ਜਾਂਦੇ ਸਨ ਜਿਵੇਂ ਕਿ ਤੌੜਾ- ਘੜਾ, ਭੜੋਲਾ- ਅਨਾਜ ਭੰਡਾਰਨ ਲਈ ਵਰਤਿਆ ਜਾਣ ਵਾਲਾ ਮਿੱਟੀ ਦਾ ਵੱਡ-ਆਕਾਰੀ ਬਰਤਨ, ਚਾਪੜ- ਮਿੱਟੀ ਦਾ ਵੱਡ-ਆਕਾਰੀ ਚੱਪਣ, ਤਪਲਾ- ਸਾਗ ਦਾਲ ਬਣਾਉਣ ਲਈ ਵਰਤਿਆ ਜਾਣ ਵਾਲਾ ਮਿੱਟੀ ਦਾ ਛੋਟਾ ਭਾਂਡਾ, ਬਠਲਾ- ਮਿੱਟੀ ਦਾ ਬੱਠਲ, ਚੂੰਗੜਾ- ਮਿੱਟੀ ਦਾ ਦੀਵਾ, ਹਾਰਾ- ਦੁੱਧ ਕਾੜਨ

ਲਈ ਚੁੱਲ੍ਹੇ ਦੀ ਇੱਕ ਕਿਸਮ, ਤਸਲਾ, ਬਾਲਟਾ- ਲੋਹੇ ਦਾ ਬੱਠਲ, ਝਾਵਾਂ- ਔਰਤਾਂ ਦੁਆਰਾ ਅੱਡੀਆਂ ਕੂਚਣ ਲਈ ਮਿੱਟੀ ਦਾ ਇੱਕ ਔਜ਼ਾਰ। ਕੁਝ ਕੁ ਸ਼ਬਦ ਕਿਸੇ ਵੇਲੇ ਸਾਡੀਆਂ ਪੇਂਡੂ ਹਰਮਨ ਪਿਆਰੀਆਂ ਖੇਡਾਂ ਨਾਲ ਜੁੜੇ ਹੋਏ ਸਨ ਜਿਵੇਂ: ਲੱਲ੍ਹਾ- ਖਿੱਦੋ ਖੂੰਡੀ ਖੇਡਦੇ ਸਮੇਂ ਇੱਕੋ ਥਾਂ ਖੜ੍ਹ ਕੇ ਖੇਡਣ ਲਈ ਠੀਹਾ, ਟੱਲਾ- ਖਿੱਦੋ ਨੂੰ ਖੂੰਡੀ ਦੀ ਹਿੱਟ, ਗੱਭ- ਗੁੱਲੀ ਨੂੰ ਬੁੜ੍ਹਕਾ ਕੇ ਡੰਡੇ ਨਾਲ ਮਾਰਨਾ, ਖੁੱਤੀ ਜਾਂ ਘੁੱਤੀ- ਗੋਲੀਆਂ (ਬੰਟੇ) ਖੇਡਣ ਲਈ ਪੁੱਟਿਆ ਛੋਟਾ ਟੋਆ, ਉੱਲਾ- ਘੁੱਤੀ ਉੱਪਰ ਰੱਖੀ ਗੁੱਲੀ ਨੂੰ ਡੰਡੇ ਨਾਲ ਉਛਾਲ ਕੇ ਸੁੱਟਣਾ, ਠੱਡਾ- ਟੀਚੇ ਦੀ ਨਿਸ਼ਾਨੀ। ਬਦਲਦੇ ਮੌਸਮਾਂ ਨੂੰ ਵੀ ਅਜੀਬੋ ਗਰੀਬ ਨਾਵਾਂ ਨਾਲ ਜਾਣਿਆ ਜਾਂਦਾ ਸੀ ਜਿਵੇਂ: ਟੀਟਕਾ- ਤਿੱਖੀ ਧੁੱਪ, ਕੱਕਰ- ਜ਼ਿਆਦਾ ਠੰਢ, ਠੱਕਾ- ਸਰਦ ਹਵਾ।

ਘਰਾਂ ਨਾਲ ਸਬੰਧਿਤ ਕੁਝ ਸ਼ਬਦ ਵੀ ਸਾਡੀ ਰੋਜ਼ ਦੀ ਬੋਲੀ ਵਿੱਚੋਂ ਲੋਪ ਹੋ ਰਹੇ ਹਨ, ਜਿਵੇਂ ਥਿਵਕਦਾ- ਚੋਂਦਾ, ਲਿਉੜ- ਲਿੱਪੇ ਹੋਏ ਕੱਚੇ ਘਰਾਂ ਤੋਂ ਉੱਤਰਦੀ ਮਿੱਟੀ, ਸੂਹਣ- ਝਾੜੂ, ਮਾਂਜਾ- ਝਾੜੂ, ਚਾਹਾ- ਕੱਚੇ ਘਰਾਂ ਉੱਪਰ ਛੱਤ ਪਾਉਣ ਦੀ ਪ੍ਰਕਿਰਿਆ, ਓਟਾ- ਚੁੱਲ੍ਹੇ ਕੋਲ ਛੋਟੀ ਕੰਧ, ਕੰਧੋਲੀ- ਵਿਹੜੇ ਦੁਆਲੇ ਛੋਟੀ ਕੰਧ, ਝਲਾਨੀ- ਰਸੋਈ, ਸਬ੍ਹਾਤ- ਖੁੱਲ੍ਹਾ ਡੁੱਲ੍ਹਾ ਕਮਰਾ, ਅਰਲਾ ਕੋਟ- ਆਵਾਰਾ ਪਸ਼ੂਆਂ ਤੋਂ ਲਾਈ ਲੱਕੜ ਦੀ ਰੋਕ, ਅਰਲ- ਕੁੰਡੇ ਦੀ ਸਪੋਰਟ ਲਈ ਸਰੀਏ ਦੀ ਛੜ, ਦੇਹਲੀ- ਦਹਿਲੀਜ਼, ਵਾਗਲ- ਕੰਧਾਂ ਨਾਲ ਘਿਰਿਆ ਵਿਹੜਾ, ਥੋਬਾ- ਮਿੱਟੀ ਦਾ ਰੁੱਗ, ਟਾਂਡ- ਵਸਤਾਂ ਦੀ ਸੰਭਾਲ ਲਈ ਕੰਧ ਵਿੱਚ ਬਣੀ ਥੋੜ੍ਹੀ ਉੱਚੀ ਜਗ੍ਹਾ, ਖੋਲਾ- ਖੰਡਰ ਹੋਇਆ ਘਰ, ਖੰਘਰ- ਜ਼ਿਆਦਾ ਪੱਕੀ ਇੱਟ।

ਕੁਝ ਕੁ ਆਮ ਸ਼ਬਦ ਜਿਵੇਂ: ਫੋਕੜ- ਖਾਲੀ, ਕੋਸਾ- ਨਿੱਘਾ, ਰੂੰਗਾ- ਸੌਦੇ ਦੇ ਨਾਲ ਲਾਲਚ ਲਈ ਦਿੱਤੀ ਮਿੱਠੀ ਚੀਜ਼, ਚੁੰਗ- ਪਰਾਗਾ, ਥੋਥਾ- ਅੰਦਰੋਂ ਖਾਲੀ ਬਾਂਸ ਦੀ ਤਰ੍ਹਾਂ, ਮੋਕਲਾ- ਢਿੱਲਾ, ਸੂਲ- ਕੰਡਾ, ਡੰਡੀ- ਤੰਗ ਰਸਤਾ, ਸੀੜ- ਘੱਟ ਭੀੜ, ਟੂਲੀ- ਗੂੜ੍ਹਾ ਲਾਲ ਰੰਗ, ਤੰਬਾ- ਮੋਟੀ ਸੋਟੀ, ਹਿਬੜ- ਬਿਨਾ ਮਤਲਬ ਭੱਜੇ ਫਿਰਨਾ, ਸੁੰਭ- ਲੱਕੜ ਦੇ ਡੰਡੇ ਉੱਪਰ ਲੋਹੇ ਦਾ ਕੜਾ, ਇਨੂੰ- ਸਿਰ ਉੱਪਰ ਬੱਠਲ ਵਗੈਰਾ ਥੱਲੇ ਰੱਖਣ ਲਈ ਲੀਰਾਂ ਦੀ ਬਣਾਈ ਸਪੋਰਟ, ਗੋਹਲਾ- ਕਾਗਜ਼ਾਂ ਤੇ ਗਾਝੀ ਦਾ ਬਣਾਇਆ ਭਾਂਡਾ, ਬੋਹਟੀ- ਤੀਲਾਂ ਤੋਂ ਤਿਆਰ ਕੀਤਾ ਭਾਂਡਾ, ਲੱਠ- ਸੋਟੀ, ਪਵੇਹਾ- ਚਾਰੇ ਪਾਸੇ ਦਾ ਇਲਾਕਾ, ਕੋਹ- ਲੰਬਾਈ ਦਾ ਪੈਮਾਨਾ (ਲਗਭਗ ਦੋ ਹਜ਼ਾਰ ਗਜ਼), ਲਾਂਭੇ- ਪਾਸੇ, ਉੱਗਲ- ਧਨ ਦੌਲਤ ਦਾ ਸ੍ਰੋਤ, ਕੁਹਾਰ- ਕੱਚੀ ਖੂਹੀ, ਠੁਮ੍ਹਣਾ- ਸਹਾਰਾ, ਨੇਚਾ- ਹੁੱਕੇ ਦਾ ਪਾਣੀ ਵਾਲੇ ਭਾਂਡੇ ਤੋਂ ਉੱਪਰ ਦਾ ਹਿੱਸਾ, ਢੁੱਚਰ- ਨੰਨ੍ਹਾ, ਨਘੋਚ- ਨੁਕਸ, ਵੰਝ- ਲੰਬੀ ਸੋਟੀ, ਚੂਲ- ਮੰਜੇ ਦੇ ਪਾਵੇ ਅਤੇ ਬਾਹੀ ਵਿਚਲਾ ਹਿੱਸਾ, ਫਾਨਾ- ਕਹੀ, ਮੰਜੇ ਆਦਿ ਨੂੰ ਹਿੱਲਣ ਤੋਂ ਰੋਕਣ ਲਈ ਠੋਕਿਆ ਲੱਕੜ ਦਾ ਟੋਟਾ ਵੀ ਪ੍ਰਚੱਲਤ ਸਨ।

ਕਿਸੇ ਵੇਲੇ ਦੀ ਮੱਧਵਰਗੀ ਪੇਂਡੂ ਕਿਸਾਨੀ ਦੀ ਇਸ ਖੜ੍ਹੀ ਬੋਲੀ ਨੂੰ ਸਕੂਲੀ ਸਿਲੇਬਸ ਦਾ ਹਿੱਸਾ ਬਣਾ ਕੇ ਸਾਂਭਣ ਲਈ ਯੂਨੀਵਰਸਿਟੀਆਂ, ਸਕੂਲ ਬੋਰਡਾਂ ਅਤੇ ਵਿਦਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ।

-0-

# ਪ੍ਰੌਵੀਡੈਂਟ ਫੰਡ

ਐਂਪਲਾਈਜ਼ ਪ੍ਰੌਵੀਡੈਂਟ ਫੰਡ ਆਰਗੇਨਾਈਜ਼ੇਸ਼ਨ (ਈਪੀਐੱਫਓ) ਦੇ ਖ਼ਾਤਾ ਧਾਰਕਾਂ ਨੂੰ 2025 'ਚ ਏਟੀਐੱਮ ਰਾਹੀਂ ਸਿੱਧੇ ਤੌਰ 'ਤੇ ਫੰਡ ਕਢਵਾਉਣ ਦੀ ਸਹੂਲਤ ਦੇ ਕੇ ਕਿਰਤ ਮੰਤਰਾਲੇ ਨੇ ਸਮਾਜਿਕ ਸੁਰੱਖਿਆ ਨੂੰ ਸਰਲ ਬਣਾਉਣ ਵੱਲ ਵਧੀਆ ਕਦਮ ਚੁੱਕਿਆ ਹੈ। ਇਹ ਸੁਧਾਰ ਆਧੁਨਿਕ ਤਕਨੀਕ ਦੇ ਜਨਤਕ ਸੇਵਾਵਾਂ ਨਾਲ ਏਕੀਕਰਨ ਦੀ ਉਦਾਹਰਨ ਹੈ ਜਿਸ ਦਾ ਮੰਤਵ ਸਮਰੱਥਾ ਅਤੇ ਪਹੁੰਚ ਵਿੱਚ ਵਾਧਾ ਕਰਨਾ ਹੈ। ਵਰਤਮਾਨ 'ਚ ਈਪੀਐੱਫਓ ਵਿੱਚੋਂ ਪੈਸਾ ਕਢਵਾਉਣ ਲੱਗਿਆਂ ਪ੍ਰਕਿਰਿਆਤਮਕ ਦੇਰੀ ਹੁੰਦੀ ਹੈ, ਬੈਂਕ ਖਾਤਿਆਂ ਵਿੱਚ ਪੈਸੇ ਆਉਣ ਨੂੰ 10 ਦਿਨ ਤੱਕ ਲੱਗ ਜਾਂਦੇ ਹਨ ਜਾਂ ਕਈ ਵਾਰ ਕੋਈ ਅੜਿੱਕਾ ਵੀ ਪੈ ਜਾਂਦਾ ਹੈ। ਤਜਵੀਜ਼ਸ਼ੁਦਾ ਪੀਐੱਫ ਕਾਰਡਾਂ ਦਾ ਉਦੇਸ਼ ਇਸ ਤਰ੍ਹਾਂ ਦੇ ਅੜਿੱਕਿਆਂ ਨੂੰ ਦੂਰ ਕਰਨਾ ਤੇ ਪੈਸੇ ਤੱਕ ਖ਼ਾਤਾ ਧਾਰਕ ਨੂੰ ਨਾਲੋ-ਨਾਲ ਪਹੁੰਚ ਦੇਣਾ ਹੈ। ਕੁੱਲ ਰਾਸ਼ੀ ਦਾ 50 ਪ੍ਰਤੀਸ਼ਤ ਹੀ ਨਿਕਲਣ




ਦੀ ਸੀਮਾ ਤੈਅ ਕਰ ਕੇ ਸਮਝਦਾਰੀ ਵਾਲਾ ਕਦਮ ਚੁੱਕਿਆ ਗਿਆ ਹੈ; ਇਸ ਤਰ੍ਹਾਂ ਵਿੱਤੀ ਅਨੁਸ਼ਾਸਨ ਅਤੇ ਲੰਮੇਰੀ ਬੱਚਤ ਕਾਇਮ ਰੱਖਣਾ ਯਕੀਨੀ ਬਣਾਇਆ ਗਿਆ ਹੈ। ਈਪੀਐੱਫਓ 3.0 ਦੇ ਵਿਆਪਕ ਏਜੰਡੇ ਵਿੱਚ ਖ਼ਾਤਾਧਾਰਕ ਦੇ ਹਿੱਸੇ ਦੀ ਹੱਦ ਵਧਾਉਣੀ ਅਤੇ ਪ੍ਰੌਵੀਡੈਂਟ ਫੰਡ ਦੀ ਬੱਚਤ ਨੂੰ ਪੈਨਸ਼ਨ ਵਿੱਚ ਤਬਦੀਲ ਕਰਨਾ ਵੀ ਸ਼ਾਮਿਲ ਹੈ ਜਿਸ 'ਚੋਂ ਦੇਸ਼ ਦੇ ਸਮਾਜਿਕ ਸੁਰੱਖਿਆ ਢਾਂਚੇ ਦਾ ਆਧੁਨਿਕੀਕਰਨ ਕਰਨ ਪ੍ਰਤੀ ਵਚਨ ਬੱਧਤਾ ਝਲਕਦੀ ਹੈ। ਇਹ ਯੋਜਨਾ ਭਾਰਤ ਵੱਲੋਂ ਡਿਜਿਟਲਾਈਜ਼ੇਸ਼ਨ ਅਤੇ ਆਪਣੇ ਕਿਰਤ ਬਲ ਦਾ ਜੀਵਨ ਸੌਖਾ ਕਰਨ 'ਤੇ ਦਿੱਤੇ ਜਾ ਰਹੇ ਜ਼ੋਰ ਮੁਤਾਬਿਕ ਢੁਕਵੀਂ ਹੈ। ਸਾਲ 2017 ਤੋਂ ਬਾਅਦ ਈਪੀਐੱਫਓ ਮੈਂਬਰਾਂ ਦੀ ਗਿਣਤੀ ਵਧ ਕੇ 7 ਕਰੋੜ ਹੋ ਚੁੱਕੀ ਹੈ।

ਇਸੇ ਤਰ੍ਹਾਂ ਦਾ ਇੱਕ ਹੋਰ ਸ਼ਲਾਘਾਯੋਗ ਕਦਮ ਚੁੱਕਦਿਆਂ ਮੰਤਰਾਲਾ 'ਗਿਗ' ਤੇ 'ਪਲੈਟਫਾਰਮ' ਵਰਕਰਾਂ ਲਈ ਵੀ ਯੋਜਨਾ ਨੂੰ ਅੰਤਿਮ ਛੋਹਾਂ ਦੇ ਰਿਹਾ ਹੈ ਜੋ ਅਕਸਰ ਰਵਾਇਤੀ ਰੁਜ਼ਗਾਰ ਦਾਤਾ-ਕਰਮਚਾਰੀ ਪ੍ਰਬੰਧਾਂ ਤੋਂ ਬਾਹਰ ਰਹਿ ਜਾਂਦੇ ਹਨ। ਸਿਹਤ ਕਵਰੇਜ ਤੇ ਵਿੱਤੀ ਮਦਦ ਦੇ ਨਾਲ ਇਸ ਤਰ੍ਹਾਂ ਦੇ ਕਿਰਤ ਬਲ ਦੀ ਸਮਾਜਿਕ ਸੁਰੱਖਿਆ ਦਾਇਰਿਆਂ 'ਚ ਤੇਜ਼ੀ ਨਾਲ ਵਧ ਰਹੀ ਸ਼ਮੂਲੀਅਤ, ਕਿਰਤ ਮੰਡੀਆਂ ਨੂੰ ਸਰਲ ਕਰਨ ਤੇ ਭਵਿੱਖੀ ਕਿਰਤੀ ਚੁਣੌਤੀਆਂ ਨੂੰ ਹੱਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ। ਇਨ੍ਹਾਂ ਵਰਕਰਾਂ ਨੂੰ ਇਸ ਸਕੀਮ ਦੇ ਦਾਇਰੇ ਵਿੱਚ ਸ਼ਾਮਿਲ ਕਰਨ ਨਾਲ ਸਮਾਨਤਾ ਦਾ ਭਾਵ ਪੈਦਾ ਹੋਵੇਗਾ।

ਸਰਕਾਰ ਦੇ ਇਹ ਸਾਰੇ ਕਦਮ ਤਕਨੀਕ ਆਧਾਰਿਤ ਭਲਾਈ ਤੰਤਰ ਵੱਲ ਵਧਣ ਦਾ ਇਸ਼ਾਰਾ ਹਨ। ਮਾਨਵੀ ਦਖ਼ਲ ਅੰਦਾਜ਼ੀ ਤੇ ਪ੍ਰਕਿਰਿਆ ਸਬੰਧੀ ਨਾਲਾਇਕੀਆਂ ਨੂੰ ਘਟਾ ਕੇ ਸਰਕਾਰ ਜਨਤਕ ਸੇਵਾਵਾਂ 'ਚ ਸੁਧਾਰ ਪ੍ਰਤੀ ਆਪਣੀ ਵਚਨਬੱਧਤਾ ਨੂੰ ਜ਼ਾਹਿਰ ਕਰ ਰਹੀ ਹੈ। ਚੀਜ਼ਾਂ ਨੂੰ ਲਾਗੂ ਕਰਨ ਲਈ ਭਾਵੇਂ ਕਈ ਅੜਿੱਕਿਆਂ ਤੇ ਜਾਗਰੂਕਤਾ ਦੇ ਖੱਪਿਆਂ ਨੂੰ ਦੂਰ ਕਰਨਾ ਪਏਗਾ ਪਰ ਇਸ ਜੱਦੋ-ਜਹਿਦ ਦਾ ਲੋਕਾਂ ਨੂੰ ਜੋ ਫ਼ਾਇਦਾ ਹੋਵੇਗਾ, ਉਸ ਦੀ ਕੋਈ ਕੀਮਤ ਨਹੀਂ ਲਾਈ ਜਾ ਸਕਦੀ। ਆਖ਼ਿਰਕਾਰ, ਇਹ ਮਹਿਜ਼ ਤਕਨੀਕੀ ਸੁਧਾਰ ਨਹੀਂ ਹੈ ਬਲਕਿ ਕਿਰਤੀਆਂ ਦੀ ਭਲਾਈ ਤੇ ਸਮਾਨਤਾ ਯਕੀਨੀ ਬਣਾਉਣ ਖਾਤਰ ਪੁੱਟੀ ਗਈ ਵੱਡੀ ਪੁਲਾਂਘ ਹੈ ਜਿਸ ਨਾਲ ਸਰਕਾਰੀ ਸੰਸਥਾਵਾਂ ਵਿੱਚ ਲੋਕਾਂ ਦਾ ਭਰੋਸਾ ਵਧੇਗਾ ਤੇ ਕਿਰਤ ਬਲ ਹੋਰ ਦ੍ਰਿੜਤਾ ਨਾਲ ਕੰਮ 'ਤੇ ਡਟੇਗਾ।

-0-

## ਕਾਵਿ ਕਿਆਰੀ

# ਪਾਉਂਟਾ ਸਾਹਿਬ

–ਚਰਨ ਸਿੰਘ 'ਸਫ਼ਰੀ'

ਪਾਉਂਟਾ ਸਾਹਿਬ ਅਸਥਾਨ ਹੈ ਸਤਿਗੁਰਾਂ ਦਾ
ਏਥੇ ਤੇਗਾਂ ਦਸਮੇਸ਼ ਨੇ ਮਾਰੀਆਂ ਨੇ।
ਏਥੇ ਖ਼ਾਲਸਈ ਫ਼ੌਜਾਂ ਜਿੱਤੀਆਂ ਨੇ
ਏਥੇ ਮੁਗ਼ਲ ਹਕੂਮਤਾਂ ਹਾਰੀਆਂ ਨੇ।
ਜਮਨਾ ਲੰਘਦੀ ਏਥੋਂ ਖ਼ਾਮੋਸ਼ ਹੋ ਕੇ
ਇਹ ਵੀ ਉਹਦੀਆਂ ਖੇਡਾਂ ਨਿਆਰੀਆਂ ਨੇ।
ਏਥੇ ਬੈਠ ਕੇ ਓਸ ਪ੍ਰਮਾਤਮਾ ਦੀ
ਉਸਤਤ ਲਿਖੀ ਬਵੰਜਾ ਲਿਖਾਰੀਆਂ ਨੇ।
ਏਥੇ ਰਿਧੀਆਂ ਸਿਧੀਆਂ ਕਰਾਮਾਤਾਂ
ਰੱਬੀ ਰਹਿਮਤਾਂ ਹੋਰ ਵੀ ਸਾਰੀਆਂ ਨੇ।
ਕਾਈ ਸ਼ੈ ਦੀ ਏਥੇ ਤਰੋਟ ਕੋਈ ਨਹੀਂ
ਏਥੇ ਬਰਕਤਾਂ ਵਧਦੀਆਂ ਭਾਰੀਆਂ ਨੇ।
ਏਥੇ ਹਿਰਦੇ 'ਚ ਵਸਦਾ ਗੁਰੂ ਨਾਨਕ
ਏਥੇ ਨੈਣਾਂ 'ਚ ਨਾਮ ਖੁਮਾਰੀਆਂ ਨੇ।
ਏਥੇ ਸਾਹਿਬ ਅਜੀਤ ਨੂੰ ਨਾਲ ਲੈ ਕੇ
ਗੁਜਰੀ ਮਾਂ ਨੇ ਵਰਸਾਂ ਗੁਜ਼ਾਰੀਆਂ ਨੇ।
ਬੁੱਧੂ ਸ਼ਾਹ ਵਰਗੇ ਕਈਆਂ ਭੰਬਟਾਂ ਨੇ
ਏਸੇ ਸ਼ਮ੍ਹਾਂ ਉਤੋਂ ਜਾਨਾਂ ਵਾਰੀਆਂ ਨੇ।
ਅੰਮ੍ਰਿਤ ਏਸ ਸਰੋਵਰ ਦਾ ਬੜਾ ਮਿੱਠਾ
ਬਾਕੀ ਜੱਗ ਦੀਆਂ ਖੂਹੀਆਂ ਖਾਰੀਆਂ ਨੇ।
ਏਥੇ ਆਣ ਕੇ ਮੋਇਆਂ 'ਚ ਜਾਨ ਪੈਂਦੀ
ਏਥੇ ਬਰਕਤਾਂ ਵਧਦੀਆਂ ਭਾਰੀਆਂ ਨੇ।
ਆਸਾਂ ਪੂਰੀਆਂ ਕਰਨ ਲਈ ਜੀਵ ਦੀਆਂ
ਏਥੇ ਆਸਾ ਦੀ ਵਾਰ ਨੂੰ ਗਾਇਆ ਜਾਂਦੈ।
ਕਿਧਰੇ ਜੀਵਨ ਮਨੁੱਖ ਦਾ ਰਾਸ ਆ ਜਾਏ
ਰਹਿਰਾਸ ਦਾ ਪਾਠ ਸੁਣਾਇਆ ਜਾਂਦੈ।
ਏਥੇ ਅਮਰ ਬਣਾਉਣ ਲਈ ਖ਼ਾਲਸੇ ਨੂੰ
ਖੰਡੇਧਾਰ ਦਾ ਅੰਮ੍ਰਿਤ ਛਕਾਇਆ ਜਾਂਦੈ।
ਏਥੇ ਜ਼ਾਲਮ ਮਨੁੱਖ ਨੂੰ ਪਰ੍ਹੇ ਕਰਕੇ
ਹਿੱਕ ਨਾਲ ਮਜ਼ਲੂਮ ਨੂੰ ਲਾਇਆ ਜਾਂਦੈ।
ਏਥੇ ਪਿਤਾ ਦਸਮੇਸ਼ ਦੀ ਤੇਗ ਅੱਗੇ
ਘੁਟਣੇ ਟੇਕ ਦਿੱਤੇ ਬਾਈ ਧਾਰੀਆਂ ਨੇ।
ਦੇਵੀ ਦੇਵਤੇ ਏਥੇ ਨਿਵਾਸ ਕਰਦੇ
ਏਥੇ ਬਰਕਤਾਂ ਵਸਦੀਆਂ ਭਾਰੀਆਂ ਨੇ।
ਪਾਉਂਟੇ ਸਾਹਿਬ ਦਸਮੇਸ਼ ਨੇ ਲਾ ਚੱਪੂ
ਡੁੱਬੀ ਹਿੰਦ ਦੀ ਬੇੜੀ ਨੂੰ ਤਾਰ ਦਿੱਤਾ।
ਇਹ ਤਾਂ ਸਾਡੀ ਤਵਾਰੀਖ਼ ਹੀ ਦੱਸਦੀ ਏ
ਸਾਨੂੰ ਕੀ ਕੀ ਓਸ ਦਾਤਾਰ ਦਿੱਤਾ।
ਫ਼ਤਿਹ ਸਿੰਘ ਦਿੱਤਾ ਜ਼ੋਰਾਵਰ ਦਿੱਤਾ
ਜੰਗ ਵਿਚ ਅਜੀਤ ਜੁਝਾਰ ਦਿੱਤਾ।
ਟੁੱਟੇ ਹੋਏ ਜਨੇਊਆਂ ਦੇ ਧਾਗਿਆਂ ਤੋਂ
ਉਨਹੇ ਪਿਤਾ ਦਾ ਸੀਸ ਵੀ ਵਾਰ ਦਿੱਤਾ।
ਏਥੇ ਸਿਰਾਂ ਦੇ ਵਣਜ ਵਪਾਰ ਕੀਤੇ
ਬੇ-ਖ਼ੌਫ਼ ਸਿਰ ਲੱਥ ਵਪਾਰੀਆਂ ਨੇ।
ਏਥੇ ਸਦਾ ਸ਼ਹੀਦਾਂ ਦਾ ਵਾਸ ਸਿੰਘੋ
ਏਥੇ ਬਰਕਤਾਂ ਵਸਦੀਆਂ ਭਾਰੀਆਂ ਨੇ।
ਪਾਉਂਟਾ ਸਾਹਿਬ ਤੋਂ ਇਕ ਆਰੰਭ ਹੁੰਦੀ
ਦਾਸਤਾਨ ਹੈ ਗੁਰੂ ਗੋਬਿੰਦ ਸਿੰਘ ਦੀ।
ਪਾਉਂਟਾ ਸ਼ਾਨ ਹੈ ਗੁਰੂ ਗੋਬਿੰਦ ਸਿੰਘ ਦੀ
ਅਣਖ ਆਣ ਹੈ ਗੁਰੂ ਗੋਬਿੰਦ ਸਿੰਘ ਦੀ।
ਜਿਹਨੂੰ ਦੇਖ ਕੇ ਸ਼ਤਰੂ ਤੀਰ ਹੁੰਦੇ
ਇਹ ਕਮਾਨ ਹੈ ਗੁਰੂ ਗੋਬਿੰਦ ਸਿੰਘ ਦੀ।
ਪਾਉਂਟਾ ਜਿਸਮ ਹੈ ਗੁਰੂ ਗੋਬਿੰਦ ਸਿੰਘ ਦਾ
ਪਾਉਂਟਾ ਜਾਨ ਹੈ ਗੁਰੂ ਗੋਬਿੰਦ ਸਿੰਘ ਦੀ।
ਏਥੇ ਸਿਰਾਂ 'ਤੇ ਦੇਖੇ ਨੇ ਚੌਰ ਝੁਲਦੇ
ਏਥੇ ਸਿਰਾਂ 'ਤੇ ਚਲਦੀਆਂ ਆਰੀਆਂ ਨੇ।
ਏਥੇ ਸਦਾ ਸ਼ਹੀਦਾਂ ਦਾ ਵਾਸ 'ਸਫ਼ਰੀ'
ਏਥੇ ਬਰਕਤਾਂ ਵਸਦੀਆਂ ਭਾਰੀਆਂ ਨੇ।

-0-

# ਗੁਆਚਿਆ ਆਪ ਤੇ ਲੱਭਣ ਰੱਬ ਚੱਲਿਆ..

**ਡਾ. ਅਮਨਪ੍ਰੀਤ ਸਿੰਘ ਯੰਗ**

ਮੈਂ ਗੁਆਚਿਆ ਸੀ ਵਿੱਚ ਵਸਤਾਂ ਦੇ
ਆਹ ਸੁੰਦਰ ਮੇਰੀ ਹੈ ਉਹ ਤੇਰੀ ਹੈ।
ਦੇਖ ਬਿਗਾਨੀ ਵਸਤ ਸਦਾ ਹਾਂ ਸੋਚਦਾ
ਕਿਉਂ ਨਹੀਂ ਹੋਈ ਅਜੇ ਤੱਕ ਮੇਰੀ ਇਹ।
ਪ੍ਰਾਪਤ ਕਰਨ ਲਈ ਕਈ ਕਸਰਾਂ ਕੱਢ
ਵਸਤ ਆਖਿਰ ਘਰ ਲਿਆਇਆ ਹਾਂ।
ਸਮਝ ਨਾ ਆਵੇ ਹੁਣ ਕੰਮ ਕੀ ਇਸ ਦਾ
ਮਨ ਨੂੰ ਸਮਝਾ ਕੇ ਬਹੁਤ ਪਛਤਾਇਆ ਹਾਂ।
ਮਹਿੰਗੇ ਭਾਅ ਲਿਆ ਸਸਤੇ ਵਿੱਚ ਵੇਚਾਂ
ਸਦਾ ਘਾਟੇ ਦਾ ਬਣਿਆ ਸ਼ਿਕਾਰ ਰਿਹਾ।
ਕੋਸਦਾ ਕਦੇ ਤਾਂ ਆਪੇ ਨੂੰ ਕਦੇ ਰੱਬ ਫਿਰ
ਦਿਨੋਂ ਦਿਨ ਕਿੱਦਾਂ ਦਾ ਹਾਂ ਹੁੰਦਾ ਜਾ ਰਿਹਾ।
ਮਤਲਬ ਰੱਖ ਤੈਨੂੰ ਯਾਦ ਹੈ ਸਦਾ ਕੀਤਾ
ਪਦਾਰਥਾਂ ਦੀ ਭੁੱਖ ਕਦੇ ਗਈ ਵੀ ਨਹੀਂ।
ਤੂੰ ਤਾਂ ਅੰਦਰ ਵਸਦਾ ਦਿਲਾਂ ਦਾ ਮਹਿਰਮ
ਮੈਂ ਤੈਨੂੰ ਵਣਾਂ ਵਿੱਚ ਢੂੰਢਣ ਆਇਆ ਹਾਂ।
ਖੁਦ ਹਾਂ ਖੋਹਿਆ ਰੰਗ ਰਲੀਆਂ ਵਿੱਚ ਮੈਂ
ਦੇਖੋ ਲੱਭਣ ਖ਼ੁਦਾ ਨੂੰ ਚੱਲ ਆਇਆ ਹਾਂ।

-0-

# ਕਿਸਾਨ ਮੇਰੇ ਦੇਸ਼ ਦਾ ਮਹਾਨ ਦਾ ਯਾਰੋ

**ਗੁਰਤੇਜ ਸਿੰਘ ਖੁਡਾਲ**

ਕਿਸਾਨ ਮੇਰੇ ਦੇਸ਼ ਦਾ ਮਹਾਨ ਹੈ ਯਾਰੋ
ਇਸ ਦੀ ਮਿਹਨਤ ਤੇ ਸਾਨੂੰ ਮਾਣ ਹੈ ਯਾਰੋ
ਦਿਨ ਰਾਤ ਇਹ ਮਿਹਨਤ ਕਰ ਕੇ,
ਭਰਦੈ ਅੰਨ ਭੰਡਾਰ ਇਹ ਯਾਰੋ
ਗਰਮੀ, ਸਰਦੀ, ਧੁੱਪਾਂ ਛਾਵਾਂ ਦੀ,
ਕਰਦਾ ਨਹੀਂ ਪ੍ਰਵਾਹ ਇਹ ਯਾਰੋ
ਮਿਹਨਤ ਦਾ ਮੁਲ ਮਿਲੇ ਨਾ ਇਸ ਨੂੰ,
ਕੰਮ ਕਰੇ ਦਿਨ ਰਾਤ ਇਹ ਯਾਰੋ
ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿੰਦਾ,
ਸਾਡਾ ਇਹ ਕਿਸਾਨ ਹੈ ਯਾਰੋ
ਹੱਕਾਂ ਦੀ ਜਦੋਂ ਗੱਲ ਇਹ ਕਰਦੈ,
ਸਰਕਾਰਾਂ ਜਾਣ ਘਬਰਾ ਓਏ ਯਾਰੋ
ਫ਼ਸਲਾਂ ਦਾ ਸਹੀ ਮੁਲ ਨਹੀਂ ਮਿਲਦਾ,
ਰਿਹੈ ਔਖਾ ਵਕਤ ਲੰਘਾ ਇਹ ਯਾਰੋ
ਸਰਕਾਰਾਂ ਤੋਂ ਹੱਕ ਲੈਣ ਦੀ ਖ਼ਾਤਰ,
ਇਕੱਠੇ ਹੋਏ ਕਿਸਾਨ ਨੇ ਯਾਰੋ
ਅੰਨਦਾਤਾ ਜਿਸ ਨੂੰ ਆਖਣ ਸਾਰੇ,
ਖੁਡਾਲ ਕਹੇ ਇਹ ਕਿਸਾਨ ਹੈ ਯਾਰੋ।

-0-

# ਝੂਲਤੇ ਨਿਸ਼ਾਨ ਰਹੇ ਪੰਥ ਮਹਾਰਾਜ ਕੇ

ਸ਼੍ਰੋਮਣੀ ਹਮਾਰੀ ਰਹੇ, ਸੇਵਾ ਚੰਦਾ ਜਾਰੀ ਰਹੇ,
ਸੰਘ ਨਾਲ ਯਾਰੀ ਥੱਲੇ ਆਰੀਯਾ ਸਮਾਜ ਕੇ।

ਸਿੱਖੀ ਕੀ ਨ ਬਾਤ ਚਲੈ, ਪੰਥ ਕੀ ਨ ਗਾਥ ਚਲੈ,
ਲੂਟ ਦੋਨੋਂ ਹਾਥ ਚਲੈ, ਸੰਗ ਸਾਜ ਬਾਜ ਕੇ।

ਅਕਲ ਕੀ ਨ ਗੱਲ ਰਹੈ, ਇਕੋ ਕਾਲੀ ਦਲ ਰਹੈ,
ਨਿੱਤ ਤਰਥਲ ਰਹੈ, 'ਜਿੰਦਾਬਾਦ' ਗਾਜ ਕੇ।

ਝੰਡੀ ਵਾਲੀ ਕਾਰ ਰਹੈਂ, ਫੂਲਨ ਕੇ ਹਾਰ ਰਹੈਂ,
ਗੋਲਕੇਂ ਭਰਪੂਰ ਕਰੈਂ, ਸਿੱਖ ਭਾਜ ਭਾਜ ਕੇ।

ਪੰਥ ਕੇ ਦਰਦ ਹਿਤ, ਬੁੱਧੀ ਕੀ ਜੋ ਸੇਧ ਦੇਵੈਂ,
ਨਿਕਟ ਨ ਆਣੇ ਪਾਵੈਂ, ਰਾਜ ਭਾਗ ਕਾਜ ਕੇ।

ਜਥੇਦਾਰ ਕਹਿਤ ਬਿਰਾਜੋ ਮਤ ਭਾਜੋ ਸਿੱਖੋ,
ਝੂਲਤੇ ਨਿਸ਼ਾਨ ਰਹੇਂ, ਪੰਥ ਮਹਾਰਾਜ ਕੇ।

-0-

# ਚਿੱਟੀ ਤੇ ਹਰੀ ਕ੍ਰਾਂਤੀ ਦੇ ਮੋਢੀਆਂ ਦੀ ਅਜੋਕੀ ਦਸ਼ਾ

**ਕੁਲਵੰਤ ਕੌਰ (ਡਾ) # 98156-20515**

ਦੂਜਾ ਵੱਡਾ ਕਿਸਾਨ ਅੰਦੋਲਨ ਆਪਣੇ ਸਿਖ਼ਰ 'ਤੇ ਆਣ ਪੁੱਜਾ ਹੈ। ਬੋਲ਼ੀਆਂ, ਗੁੰਗੀਆਂ ਤੇ ਬੇਰੁਖੀਆਂ ਸਰਕਾਰਾਂ ਨੂੰ ਸੁਣਾਉਣ ਤੇ ਹਿਲਾਉਣ ਲਈ ਜੋ ਆਖ਼ਰੀ ਕਦਮ ਸੰਭਵ ਹੋ ਸਕਦੇ ਸਨ, ਅੱਜ ਉਹ ਵੀ ਜ਼ਮਾਨੇ ਦੀ ਸਾਹਮਣੇ ਆ ਚੁੱਕੇ ਹਨ। ਮਰਨ ਵਰਤ ਜਿਹਾ ਫ਼ੈਸਲਾ ਕਰਨਾ, ਮਰਜੀਵੜਿਆਂ ਦੇ ਜੱਥੇ ਤਿਆਰ ਕਰਨੇ, ਨੰਗੇ ਧੜ ਜ਼ਾਲਮ ਹਾਕਮਾਂ ਮੂਹਰੇ ਆਪਣੇ ਦੁੱਖੜੇ ਰੋਣ ਲਈ ਓਸੇ ਰਾਜਧਾਨੀ ਲਈ ਕੂਚ ਕਰਨਾ (ਜੋ ਉਨ੍ਹਾਂ ਦੇ ਪੁਰਖਿਆਂ ਦੀ ਆਪਣੀ ਖ਼ੁਦ ਦੀ ਜ਼ਮੀਨ 'ਤੇ ਉਸਾਰੀ ਗਈ ਹੈ ਸਮੇਤ ਪਾਰਲੀਮੈਂਟ ਬਿਲਡਿੰਗਾਂ ਦੇ) ਪੜ੍ਹ ਸੁਣ ਕੇ ਦਿਲ ਮਸੋਸਿਆ ਗਿਆ ਹੈ, ਮਨ ਭਾਰੀ ਹੈ ਤੇ ਦਿਮਾਗ਼ ਸੁੰਨ ਹੋ ਗਿਆ ਹੈ। ਸਾਰੇ ਦੇਸ਼ ਦੇ 140 ਕਰੋੜ ਲੋਕਾਂ ਦਾ ਢਿੱਡ ਭਰਨ ਵਾਲੇ ਕਿਸਾਨ ਸੜਕਾਂ ਚੌਰਾਹਿਆਂ ਤੇ ਗੂੰਗੇ, ਬੋਲ਼ੇ ਤੇ ਮੁਨਾਖੇ ਬਣੇ ਬੈਠੇ ਸ਼ਾਸਕਾਂ ਨੂੰ ਹੁਣ ਤੱਕ ਨਜ਼ਰ ਨਹੀਂ ਆਏ। ਸੀਲ ਕੀਤੀਆਂ ਦਿੱਲੀ ਦੀ ਸਰਹੱਦਾਂ ਨੇ ਉਨ੍ਹਾਂ ਨੂੰ ਮੰਜ਼ਲ ਵੱਲ ਜਾਣੋ ਰੋਕੀ ਰੱਖਿਆ ਹੈ। ਸੱਤ-ਸੱਤ ਤੈਆਂ ਦੀਆਂ ਜ਼ਬਰਦਸਤ ਰੋਕਾਂ, ਰੁਕਾਵਟਾਂ, ਕੰਧਾਂ, ਕਿੱਲ, ਕਾਂਟੇ, ਕੰਡਿਆਲੀਆਂ ਤਾਰਾਂ ਨੇ ਵੀ ਪੰਜਾਬੀ ਕਿਸਾਨਾਂ ਦੇ ਹੌਸਲੇ ਪਸਤ ਨਹੀਂ ਕੀਤੇ ਕਿਉਂਕਿ ਦੁੱਲਾ ਭੱਟੀ ਜਿਹੇ ਸ਼ਹੀਦ ਕਿਸਾਨੀ ਯੋਧੇ ਅਤੇ ਸ੍ਰ. ਅਜੀਤ ਸਿੰਘ (ਪਗੜੀ ਸੰਭਾਲ ਜੱਟਾ) ਵਰਗੇ ਕਿਸਾਨ ਨੇਤਾ ਦੇ ਜੁਝਾਰੂ ਵਾਰਿਸ ਆਪਣੇ ਹੱਕਾਂ ਲਈ ਲੜ ਮਰਨ ਦਾ ਦਮ ਰਖਦੇ ਹਨ ਤੇ ਪੂਰੇ ਦੇਸ਼ ਦੀ ਅਗਵਾਈ ਕਰ ਸਕਦੇ ਹਨ ਤੇ ਕਰ ਰਹੇ ਹਨ (ਭਾਵੇਂ ਸਰਕਾਰੀ ਤੰਤਰ ਇਸ ਨੂੰ ਪੰਜਾਬ ਇਕੱਲੇ ਦਾ ਆਖ ਕੇ ਇਸ ਨੂੰ ਰਾਹੋਂ ਭਟਕਾਉਣ ਲਈ ਹਜ਼ਾਰ-ਹਜ਼ਾਰ ਯਤਨ ਕਰ ਚੁੱਕੈ)।

ਕਿਸਾਨੀ ਪਿਛੋਕੜ ਕਾਰਨ, ਲੇਖਕਾ, ਅਜੋਕੇ ਵਰਤਾਰੇ ਤੋਂ ਬੇਹੱਦ ਦੁਖੀ ਅਤੇ ਪਰੇਸ਼ਾਨ ਹੈ ਕਿਉਂਕਿ ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਕਰਵਾਉਣ ਵਾਲੇ ਸਿੰਘੂ ਤੇ ਦੂਜੇ ਮੋਰਚਿਆਂ ਦੇ ਲੰਮੇ ਸੰਘਰਸ਼ ਵੇਲੇ, ਆਪਣੀ ਸਮਾਜ ਸੇਵੀ ਸੰਸਥਾ (ਮਾਈ ਭਾਗੋ ਬ੍ਰਿਗੇਡ) ਵਲੋਂ, ਅਸੀਂ ਵੀ ਤੇਰਾਂ ਮਹੀਨੇ ਟਿਕ ਕੇ ਨਹੀਂ ਸਾਂ ਬੈਠੇ - ਸਿੰਘੂ ਸਰਹੱਦ 'ਤੇ, ਰਾਜੇਵਾਲ ਤੇ ਕੰਪਨੀ ਕੋਲ ਖ਼ੁਦ ਪੁੱਜ ਕੇ ਆਪਣੀ ਕਿਤਾਬ 'ਸਿਖਰਲੀ ਸ਼ਤਾਬਦੀ' ਵੀ ਜਨਤਕ ਕਰਵਾ ਕੇ ਆਏ ਸਾਂ ਤੇ ਬਾਕੀ ਬਣਦੀ ਸਰਦੀ ਹੋਰ ਮੱਦਦ ਵੀ। ਪਰ ਅੱਜ ਸ਼ੰਭੂ ਤੇ ਖਨੌਰੀ ਮੋਰਚਿਆਂ ਵਿਖੇ, ਉਨ੍ਹਾਂ ਹੀ ਮੁੱਦਿਆਂ 'ਤੇ ਜੂਝ ਰਹੇ ਕਿਸਾਨ-ਮਜ਼ਦੂਰ ਜਥੇਬੰਦੀਆਂ ਤੋਂ ਦੂਰੀ ਬਣਾਈ ਬੈਠੇ ਉਹ ਤਮਾਮ ਕਿਸਾਨ-ਨੇਤਾ ਕਿਉਂ ਨਦਾਰਦ ਹਨ ਜਿਹੜੇ ਸਿੰਘੂ ਬਾਰਡਰ 'ਤੇ ਚੌਧਰੀ ਸਨ? ਹਰ ਸੁਹਿਰਦ ਤੇ ਸੰਵੇਦਨਸ਼ੀਲ ਪੰਜਾਬੀ ਤੇ ਦਰਦਮੰਦ ਵਿਅਕਤੀ ਅੱਜ ਇਹੋ ਸਵਾਲ ਪੁੱਛਦਾ ਹੈ ਕਿ ਜੇ ਆਪੋ ਵਿਚੀ ਲੜਦੇ-ਝਗੜਦੇ ਰਹਿੰਦੇ ਮਿਸਲ-ਸਰਦਾਰ, ਬਾਹਰਲੀ ਭੀੜ ਸਮੇਂ ਇਕਮੁੱਠ ਹੋ ਕੇ ਜੂਝੇ ਤੇ ਲਾਲ ਕਿਲਾ ਤੱਕ ਜਾਂ ਫ਼ਤਹਿ ਕੀਤਾ ਸੀ ਤਾਂ ਸਾਡੇ ਇਹ ਕਿਸਾਨ ਆਗੂ ਚੰਡੀਗੜ੍ਹ ਕਿਸਾਨ ਭਵਨ ਤੱਕ ਜਾਂ ਮਾੜੇ ਮੋਟੇ ਜਨਤਕ ਪ੍ਰਦਰਸਨਾਂ ਤੱਕ ਹੀ ਕਿਉਂ ਸਿਮਟ ਕੇ ਰਹਿ ਗਏ ਹਨ ? ਸ਼ੰਭੂ ਤੇ ਖਨੌਰੀ ਸਰਹੱਦਾਂ 'ਤੇ ਬੀਤੇ ਦਸ ਮਹੀਨਿਆਂ ਤੋਂ ਚੱਲ ਰਹੀ ਮੁਹਿੰਮ ਕਿਉਂ ਨਹੀਂ ਦਿਸੀ ਇਨ੍ਹਾਂ ਨੂੰ? ਸ਼ੁਭਕਰਨ ਦਾ ਕਤਲ ਵੀ ਨਹੀਂ ਝੰਜੋੜ ਸਕਿਆ ਇਨ੍ਹਾਂ ਨੂੰ? ਲਗਾਤਾਰ ਹੁੰਦੀਆਂ ਕਿਸਾਨ-ਸ਼ਹਾਦਤਾਂ ਵੀ ਇਨ੍ਹਾਂ ਦੀ ਪਥਰਾ ਗਈ ਸੋਚ ਨੂੰ ਟੁੰਬ ਨਹੀਂ ਸਕੀਆਂ? ਜਿਸ ਜੁਝਾਰੂ ਰਾਜੇਵਾਲ ਦੇ 'ਦਰਸ਼ਨ' ਕਰਨ ਅਸੀਂ ਸਿੰਘੂ ਸਰਹੱਦ 'ਤੇ ਗਏ ਸਨ ਓਹ ਤਾਂ ਅੱਜ ਸਾਡੇ ਮਨ ਮਸਤਕ 'ਚੋਂ ਹੀ ਗ਼ਾਇਬ ਹੋ ਗਿਆ ਹੈ। ਕੀ ਇਹ ਸਭ ਸਾਡੇ ਕਿਸਾਨ ਨੇਤਾਵਾਂ ਦੇ ਵਿਚਾਰਧਾਰਾ ਦੇ ਮਤਭੇਦਾਂ ਕਾਰਨ ਹੋ ਰਿਹਾ ਹੈ ਜਾਂ ਫਿਰ ਇਸ ਦੇ ਪਿੱਛੇ ਹੋਰ ਕੋਈ ਲੁਕਵੇਂ, ਦਬਵੇਂ ਤੇ ਪਰੋਖੇ ਕਾਰਨ ਵੀ ਹਨ? ਚਿੱਟੀ ਤੇ ਹਰੀ ਕ੍ਰਾਂਤੀ ਦੇ ਦੂਰ ਅੰਦੇਸ਼ ਪ੍ਰਸਾਰਕ ਤੇ ਗੁਰਬਤ ਵਿਚੋਂ ਨਿਕਲ ਕੇ ਦੇਸ਼ ਦੇ ਸਭ ਤੋਂ ਉਚੇਰੇ ਪਦ 'ਤੇ ਪੁੱਜੇ ਸਾਡੇ ਸਵਰਗਵਾਸੀ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਨੇ ਪਾਕਿਤਸਾਨ ਨੂੰ 1965 ਵਿਚ ਹਰਾ ਦੇਣ ਪਿਛੋਂ ਇਕ ਚਿਰੰਜੀਵੀ ਨਾਅਰਾ ਬੁਲੰਦ ਕੀਤਾ ਸੀ - ਜੈ ਜਵਾਨ ਜੈ ਕਿਸਾਨ। ਨਿਸ਼ਚੇ ਹੀ ਜਿੱਥੇ ਭਾਰਤੀ ਫੌਜਾਂ ਨੇ ਇਸ ਸਮੇਂ ਬਾਕਮਾਲ ਕਾਰਗੁਜ਼ਾਰੀ ਦਿਖਾਈ ਸੀ ਉੱਥੇ ਸਰਹੱਦੀ ਸੂਬਾ ਹੋਣ ਕਰਕੇ ਪੰਜਾਬੀ ਕਿਸਾਨਾਂ (ਜੋ ਕਿਸਾਨੀ ਅੰਦੋਲਨਾਂ ਵਿਚ ਵੀ ਪੂਰੇ ਮੁਲਕ ਦੀ ਅਗਵਾਈ ਕਰਦੇ ਰਹੇ ਤੇ ਹੁਣ ਵੀ ਕਰ ਰਹੇ ਹਨ ਕਿਉਂਕਿ ਇਹ ਗੁੜ੍ਹਤੀ ਇਨ੍ਹਾਂ ਨੂੰ ਸਾਡੇ ਸੱਚੇ ਪਾਤਿਸ਼ਾਹਾਂ ਤੋਂ ਹੀ ਮਿਲੀ ਹੈ) ਨੇ ਵੀ ਇਸ ਮੁਸੀਬਤ ਸਮੇਂ ਹੱਦੋਂ ਵੱਧ ਯੋਗਦਾਨ ਦਿੱਤਾ ਸੀ। ਪਰ ਹੁਣ ਜਦੋਂ ਪ੍ਰਮੁੱਖ ਕਿਸਾਨ ਆਗੂ ਸ੍ਰ. ਜਗਜੀਤ ਸਿੰਘ ਡੱਲੇਵਾਲ ਨੂੰ ਐਲਾਨੇ ਮਰਨ ਵਰਤ ਤੋਂ ਪਹਿਲਾਂ ਹੀ ਪ੍ਰਸ਼ਾਸਨ ਵਲੋਂ ਜ਼ਬਰਦਸਤੀ ਚੁੱਕੇ ਕੇ ਲੁਧਿਆਣੇ ਇਕ ਹਸਪਤਾਲ 'ਚ ਦਾਖਲ ਕਰਵਾ ਦਿੱਤਾ ਗਿਆ ਤਾਂ ਉਨ੍ਹਾਂ ਦੀ ਗ਼ੈਰ-ਮੌਜੂਦਗੀ ਵਿਚ, ਸੇਵਾਮੁਕਤ ਫੌਜੀ ਕਿਸਾਨ ਸ੍ਰ. ਸੁਖਜੀਤ ਸਿੰਘ ਮਰਨ ਵਰਤ 'ਤੇ ਆਣ ਬੈਠੇ। ਉਨ੍ਹਾਂ ਦੇ ਇਹ



ਭਾਵੁਕ ਬੋਲ ਸੁਣ ਕੇ ਹਰ ਕੋਈ ਪਸੀਜ ਉੱਠਿਆ ਕਿ 'ਸਰਹੱਦਾਂ 'ਤੇ ਸ਼ਹੀਦ ਹੋਣ ਦਾ ਸੁਨਹਿਰੀ ਅਵਸਰ ਤਾਂ ਨਹੀਂ ਸੀ ਮਿਲ ਸਕਿਆ ਪਰ ਹੁਣ ਕਿਸਾਨ ਅੰਦੋਲਨ ਨੇ ਅਜਿਹਾ ਮੌਕਾ ਜ਼ਰੂਰ ਪ੍ਰਦਾਨ ਕਰ ਦਿੱਤਾ ਹੈ, ਕਿਸੇ ਵੀ ਸੂਬੇ ਤੇ ਦੇਸ਼ ਦੇ ਹਾਕਮਾਂ ਲਈ ਇਹ ਡਾਢਰੀ ਨਮੋਸ਼ੀ ਤੇ ਪਸ਼ੇਮਾਨੀ ਦਾ ਸਬੱਬ ਹੋਣਾ ਚਾਹੀਦਾ ਹੈ ਜਦੋਂ ਕੋਈ ਸੇਵਾ ਮੁਕਤ ਫੌਜੀ ਕਿਸਾਨ ਹੁੰਦਿਆਂ ਸਭ ਤੋਂ ਵੱਡੀ ਕੁਰਬਾਨੀ ਲਈ ਸਭ ਦੇ ਸਾਹਮਣੇ ਆ ਖੜੋਵੇ।

ਸਵਾਲ ਪੈਦਾ ਹੁੰਦਾ ਹੈ ਕਿ ਫਰਵਰੀ ਮਹੀਨੇ ਤੋਂ ਸ਼ੁਰੂ ਹੋਏ ਦੂਜੇ ਵੱਡੇ ਅੰਦੋਲਨ ਨੂੰ ਵੀ ਦਸ ਮਹੀਨੇ ਹੋਣ ਵਾਲੇ ਹਨ। ਸਰਕਾਰਾਂ ਕਿਉਂ ਖ਼ਾਮੋਸ਼

ਹਨ? ਕੀ ਆਪਸੀ ਫੁੱਟ ਦਾ ਤਮਾਸ਼ਾ ਦੇਖ ਰਹੀਆਂ ਹਨ। ਸੰਭੂ ਸਰਹੱਦ ਤੇ ਗਰਮੀ ਦੇ ਮੌਸਮ ਵਿਚ ਦੋ ਵਾਰ ਜ਼ਿਆਰਤ ਕਰਕੇ ਜਿਹੜੇ ਹਾਲਾਤਾਂ ਦੀ ਇਹ ਲੇਖਿਕਾ ਚਸ਼ਮਦੀਦ ਗਵਾਹ ਹੈ, ਉਹ ਅੰਦਰ ਤੱਕ ਝੰਜੋੜ ਦੇਣ ਵਾਲੇ ਹਨ - ਕੋਈ ਰੁੱਖ ਬੂਟਾ ਨਹੀਂ ਸੀ, ਓਸ ਥਾਂ 'ਤੇ। ਸਿੱਧੀ ਧੁੱਪ, ਮੀਂਹ, ਹਨ੍ਹੇਰੀ ਤੇ ਗਰਮੀ ਦਾ ਕਹਿਰ। ਸਰਕਾਰੀ ਜਬਰ, ਆਪਣਿਆਂ ਤੋਂ ਦੂਰੀ, ਬੇਗਾਨਿਆਂ ਦੇ ਮਿਹਣੇ। ਗਵਾਂਢੀ ਸੂਬੇ (ਜੋ ਕਦੇ ਆਪਣਾ ਹੀ ਅੰਗ ਸੀ) ਦੀਆਂ ਸਿਰੇ ਦੀਆਂ ਵਧੀਕੀਆਂ ਮਨਮਾਨੀਆਂ ਤੇ ਪਰੇਸ਼ਾਨੀਆਂ। ਉਡੀਕਦਿਆਂ ਉਡੀਕਦਿਆਂ ਸਾਲ ਆਖ਼ਰੀ ਘੜੀਆਂ ਤੱਕ ਪਹੁੰਚ ਗਿਆ ਪਰ ਕੋਈ ਹਮਦਰਦ ਫੈਹਾ, ਇਨ੍ਹਾਂ ਉੱਚੜੇ ਜ਼ਖ਼ਮਾਂ 'ਤੇ ਨਹੀਂ ਲੱਗਾ। ਸਾਡੇ ਟਰੈਕਟਰਾਂ, ਟਰਾਲੀਆਂ 'ਚੋਂ ਵੀ ਹਾਕਮਾਂ ਨੂੰ ਬਾਰੂਦ ਦਿਸਦਾ ਹੈ ਜੋ ਵਿਸਾਰੀ ਬੈਠੇ ਹਨ ਕਿਸਾਨਾਂ ਦੇ ਬਾਰੂਦ ਤੋਂ ਵੀ ਜਬਰਦਸਤ ਹੌਸਲਿਆਂ ਤੇ ਇਰਾਦਿਆਂ ਨੂੰ :-

ਮੌਤ ਨੂੰ ਇਹ ਕਰਨ ਮਖੌਲਾਂ
ਜਾਨ ਕੋਹ ਆਪਣੀ ਵਾਰ ਦਿੰਦੇ।
ਪਰ ਨਾ ਮੰਨਣ ਟੈਂ ਕਿਸੇ ਦੀ।



ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰ ਕੇ।
ਇਨ੍ਹਾਂ ਸਿੱਖਿਆ ਨਾਮ ਪਿਆਰ ਦਾ।

ਪ੍ਰੋ. ਪੂਰਨ ਸਿੰਘ ਦੇ ਇਹ ਕਾਵਿ-ਬੋਲ ਜਿੱਥੇ ਸਾਰੇ ਹੀ ਪੰਜਾਬੀ ਨੌਜਵਾਨਾਂ 'ਤੇ ਪੂਰੇ ਢੁੱਕਦੇ ਹਨ ਉੱਥੇ ਚੱਟਾਨ ਵਾਂਗ ਅਡੋਲ ਮੌਜੂਦਾ ਕਿਸਾਨ-ਨੇਤਾਵਾਂ 'ਤੇ ਵੀ ਉਵੇਂ ਹੀ ਖਰੇ ਉੱਤਰਦੇ ਹਨ ਜੋ ਸੋਚੀ ਹੋਈ ਪ੍ਰਾਪਤੀ, ਵਾਅਦਾ ਕੀਤੇ ਮੁੱਦਿਆਂ ਅਤੇ ਪਹਿਲੇ ਕਿਸਾਨ ਅੰਦੋਲਨ ਵਕਤ ਦੀਆਂ ਮੰਨੀਆਂ ਮੰਗਾਂ (ਜੋ ਕਦੇ ਲਾਗੂ ਹੀ ਨਹੀਂ ਕੀਤੀਆਂ ਗਈਆਂ) ਦੀ ਪੂਰਤੀ ਖ਼ਾਤਿਰ ਸਭ ਕੁਝ ਦਾਅ 'ਤੇ ਲਾਈ ਬੈਠੇ ਹਨ - ਸਿਹਤ ਵੀ, ਘਰ-ਪਰਿਵਾਰ ਵੀ, ਜ਼ਮੀਨ-ਜਾਇਦਾਦ ਵੀ ਤੇ ਆਪਣਾ ਆਪਾ ਵੀ। ਮੀਡੀਏ 'ਚੋਂ ਮਿਲੀ ਜਾਣਕਾਰੀ ਅਨੁਸਾਰ, ਡੱਲੇਵਾਲ ਨਾਲ ਸਾਂਝ ਦਰਸਾਉਂਦਿਆਂ ਕਰਨਾਟਕਾ ਤੋਂ ਸ਼ਾਂਤਾ ਕੁਮਾਰ ਵੀ ਛੇ ਦਸੰਬਰ ਤੋਂ ਮਰਨ ਵਰਤ ਸ਼ੁਰੂ ਕਰਨਗੇ ਤੇ ਤਾਮਿਲਨਾਡੂ ਦੇ ਕਿਸਾਨ ਰੇਲ ਰੋਕੂ ਅੰਦੋਲਨ। ਗ਼ੈਰ-ਭਾਜਪਾ ਸੂਬਿਆਂ 'ਚੋਂ ਕਿਸਾਨ-ਸੰਗਠਨ, ਪਹਿਲੇ ਇਤਿਹਾਸਕ ਅੰਦੋਲਨ ਦਾ ਸਮਰਥਨ ਕਰਦਿਆਂ ਰੱਜ ਕੇ ਸ਼ਮੂਲੀਅਤ ਕਰਦੇ ਰਹੇ ਹਨ ਭਾਵੇਂ ਗੱਡੀਆਂ-ਬੱਸਾਂ ਵਿੱਚੋਂ ਉਤਾਰ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਵੀ ਡੱਕਿਆ ਜਾਂਦਾ ਰਿਹਾ ਹੈ।

ਬਿਨਾਂ ਸ਼ੱਕ ਸਾਰੇ ਹੀ ਦੇਸ਼ ਵਿਚ ਕਿਸਾਨੀ ਦੀਆਂ ਸਮੱਸਿਆਂ ਤੇ ਦੁਸ਼ਵਾਰੀਆਂ ਇਕੋ ਜਿਹੀਆਂ ਹਨ- ਬੀਤੇ ਵਰ੍ਹੇ ਮਹਾਂਰਾਸ਼ਟਰ ਦੇ ਕਿਸਾਨਾਂ ਦਾ ਇਕ ਬਹੁਤ ਹੀ ਵਿਸ਼ਾਲ ਇਕੱਠ ਸਾਰੀ ਦੁਨੀਆਂ ਨੂੰ ਝੰਜੋੜ ਗਿਆ ਸੀ। ਦੇਸ਼ ਵਿਚ ਲੱਖਾਂ ਕਿਸਾਨ ਹਰ ਸਾਲ ਖ਼ੁਦਕੁਸ਼ੀ ਕਰਨ ਲਈ ਮਜਬੂਰ ਹਨ ਕਿਉਂਕਿ ਫਸਲ ਦਾ ਵਾਜਿਬ ਮੁੱਲ ਹੀ ਨਹੀਂ ਮਿਲਦਾ। ਡਾ.ਸਵਾਮੀਨਾਥਨ ਨੇ ਕੇਡੇ ਕਰੂਰ ਸੱਚ ਨੂੰ ਸਭ ਦੇ ਸਾਹਮਣੇ ਲਿਆਂਦਾ ਸੀ ਤੇ ਮੁੱਲ-ਨਿਰਧਾਰਣ ਦਾ ਫਾਰਮੂਲਾ ਜਨਤਕ ਕੀਤਾ ਸੀ ਕਿਉਂਕਿ ਕਿਸਾਨ ਦਾ ਪੂਰਾ ਟੱਬਰ ਕਿਸਾਨੀ-ਉਪਜ ਲਈ ਹੱਡ ਭੰਨਵੀਂ ਮਿਹਨਤ ਕਰਦਾ ਰਿਹਾ ਹੈ ਭਾਵੇਂ ਹੁਣ ਇਸ ਕੰਮ ਵਿਚ ਪ੍ਰਵਾਸੀ ਮਜ਼ਦੂਰਾਂ ਦੇ ਆ ਰਲਣ ਕਰਕੇ, ਆਮਦਨ ਹੋਰ ਵੀ ਘੱਟ ਗਈ ਹੈ ਤੇ ਉਪਰੋਂ ਮੌਸਮਾਂ ਦੀ ਮਾਰ (ਆਲਮੀ ਤਪਸ਼ ਕਾਰਨ) ਸਰਕਾਰਾਂ ਦੀਆਂ ਗ਼ਲਤ ਨੀਤੀਆਂ, ਅਫਸਰਸ਼ਾਹੀ ਫ਼ਰਮਾਨ ਅਤੇ ਮੰਡੀਗਤ ਢਾਂਚਾ ਅਵਿਕਸਿਤ ਰਿਹਾ ਹੋਣ ਕਰਕੇ ਕਿਸਾਨੀ ਦਾ ਕਚੂਮਰ ਨਿਕਲ ਗਿਆ ਹੈ।

ਚੌਫ਼ੇਰੇ ਨਜ਼ਰ ਦੁੜਾਇਆ, ਪਤਾ ਲਗਦੈ ਕਿ ਕਿਸਾਨੀ ਦੀ ਇਹ ਦੁਰਦਸ਼ਾ ਆਲਮੀ ਪੱਧਰ 'ਤੇ ਹੈ। ਕਦੇ ਖੇਤਾਂ-ਖਲਿਹਾਨਾਂ ਦੇ ਮਾਲਕ ਰਹੇ ਵਿਦੇਸ਼ੀ ਜ਼ਿਮੀਦਾਰ, ਅੱਜ ਵਡੇ ਸ਼ਾਪਿੰਗ ਮਾਲਾਂ ਦੇ ਪਹਿਰੇਦਾਰਾਂ ਵਜੋਂ ਨੌਕਰੀਆਂ ਕਰਨ ਲਈ ਬੇਬਸ ਹਨ। ਛੋਟੀ ਕਿਸਾਨੀ ਵੱਡੇ ਕਾਰਪੋਰੇਟ ਘਰਾਣਿਆਂ ਨੇ ਹੜੱਪ ਲਈ ਹੈ ਓਧਰ ਵੀ। ਪਿਛਲੀ ਸਦੀ ਦੇ ਮਗਰਲੇ ਦਹਾਕਿਆਂ ਵਿਚ ਅਮਰੀਕਾ ਵਿਚ ਹੋਏ ਵੱਡੇ ਕਿਸਾਨ-ਅੰਦੋਲਨ, ਆਉਣ ਵਾਲੇ ਸਮਿਆਂ ਦੀ ਆਲਮੀ ਕਿਸਾਨੀ ਦੀ ਦਿਸ਼ਾ ਅਤੇ ਦਸ਼ਾ ਦੀ ਨਿਸ਼ਾਨਦੇਹੀ ਕਰ ਗਏ ਸਨ। ਅੱਜ ਅਸਟਰੇਲੀਆ, ਯੂਰਪ ਤੇ ਹੋਰ ਅਨੇਕ ਮੁਲਕਾਂ ਵਿਚ ਹੋ ਰਹੇ ਕਿਸਾਨ ਅੰਦੋਲਨ ਸਪੱਸ਼ਟ ਕਰ ਰਹੇ ਹਨ ਕਿ ਕਿਤੇ ਵੀ ਕੁਝ ਅੱਛਾ ਨਹੀਂ ਤੇ ਵਿਸ਼ਵ ਬੈਂਕ ਦੀਆਂ ਹਦਾਇਤਾਂ ਤੇ ਨੀਤੀਆਂ ਹੁਣ ਹਰ ਥਾਂ ਠੇਕਾ ਆਧਾਰਿਤ ਨੂੰ ਹੀ ਉਤਸ਼ਾਹਿਤ ਕਰਨ ਵਾਲੀਆਂ ਤੇ ਕਰ ਰਹੀਆਂ ਹਨ। ਛੋਟੀਆਂ ਜੋਤਾਂ ਨੂੰ ਦਫ਼ਨ ਕਰਨ ਦੇ ਜਤਨ ਹਰ ਦੇਸ਼, ਹਰ ਖਿੱਤੇ ਤੇ ਹਰ ਧਰਤੀ 'ਤੇ ਜ਼ੋਰ ਸ਼ੋਰ ਨਾਲ ਕੀਤੇ ਜਾ ਰਹੇ ਹਨ ਤੇ ਇਨ੍ਹਾਂ ਨੂੰ ਬੂਰ ਪੈਂਦਾ ਵੀ ਵਿਖਾਈ ਦੇ ਰਿਹਾ ਹੈ। ਹਰ ਵਿਅਕਤੀ ਆਪਣੀ ਚੀਜ਼ (ਕ੍ਰਿਤੀ) ਮਿਹਨਤ ਦਾ ਮੁੱਲ ਖ਼ੁਦ ਨਿਰਧਾਰਤ ਕਰਦਾ ਹੈ ਪਰ ਅਜਿਹਾ ਕੇਵਲ ਕਿਸਾਨੀ ਜਿਣਸਾਂ ਦੇ ਮਾਮਲੇ ਵਿਚ ਹੀ ਦ੍ਰਿਸ਼ਟੀਗੋਚਰ ਹੈ ਕਿ ਉਸ ਦੀ ਕੀਮਤ ਏ.ਸੀ. ਕਮਰਿਆਂ ਵਿਚ ਬੈਠੇ ਬਾਬੂ ਤੇ ਮੰਤਰੀ ਤੈਅ ਕਰਦੇ ਹਨ। ਹਰ ਦਸ ਸਾਲਾਂ ਬਾਅਦ ਬਿਠਾਏ ਜਾਂਦੇ ਤਨਖ਼ਾਹ ਕਮਿਸ਼ਨ, ਮੁਲਾਜ਼ਮਾਂ ਤੇ ਅਫਸਰਸ਼ਾਹੀ ਦੀਆਂ ਤਨਖ਼ਾਹਾਂ ਵਿਚ ਜੋ ਵਾਧੇ ਦੀਆਂ ਤਜ਼ਵੀਜਾਂ ਕਰਦੇ ਹਨ ਉਹ ਹੂ-ਬ-ਹੂ ਪ੍ਰਵਾਨ ਕਰ ਲਈਆਂ ਜਾਂਦੀਆਂ ਹਨ, ਹਰੇਕ ਸਰਕਾਰੀ ਤੇ ਗ਼ੈਰ ਸਰਕਾਰੀ ਮੁਲਾਜ਼ਮ ਨੂੰ ਛੇ ਮਹੀਨਿਆਂ ਬਾਅਦ ਮਹਿੰਗਾਈ ਭੱਤਾ ਮਿਲਦਾ ਹੈ ਪਰ ਕਿਸਾਨੀ ਜਿਣਸਾਂ 'ਚ ਸਾਲ ਬਾਅਦ ਨਿਗੂਣਾ ਵਾਧਾ ਉਨ੍ਹਾਂ ਦੇ ਖ਼ੁਦਕੁਸ਼ੀ-ਰੁਝਾਨ ਨੂੰ ਹੋਰ ਬੱਲ ਦਿੰਦਾ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਕਿਸਾਨਾਂ ਅੰਦਰਲੀ ਜਾਗਰੂਕਤਾ, ਅਗਾਂਹਵਧੂਪਨ, ਵਿਸ਼ਵ ਵਿਆਪੀ ਸੋਚ, ਗੁਰੂ ਸਾਹਿਬਾਨ ਵਲੋਂ ਬਖਸ਼ੀ ਨਰੋਈ ਸੇਧ ਅਤੇ ਜੁਝਾਰੂਪਨ ਕਾਰਨ, ਸਾਰੇ ਦੇਸ਼ ਦੀ ਕਿਸਾਨੀ ਨੂੰ ਇਕ ਨਵਾਂ ਮਾਡਲ ਮਿਲਦਾ ਹੈ, ਅਗਵਾਈ ਮਿਲਦੀ ਹੈ ਤੇ ਜੂਝ ਮਰਨ ਦੀ ਪ੍ਰੇਰਨਾ ਵੀ ਜਿਸ ਕਰਕੇ ਕੇਂਦਰ ਸਰਕਾਰ ਪੰਜਾਬੀ ਕਿਸਾਨਾਂ 'ਤੇ ਸਭ ਤੋਂ ਵੱਧ ਕ੍ਰੋਧਵਾਨ ਰਹਿੰਦੀ ਹੈ ਤੇ ਸਬਕ ਸਿਖਾਉਣ ਦੀ ਤਾਕ ਵਿਚ ਵੀ ਪਰ ਪਹਿਲੇ ਅੰਦੋਲਨ ਵੇਲੇ ਜਿਵੇਂ ਤੇਰਾਂ ਮਹੀਨਿਆਂ ਬਾਅਦ ਸਾਡੀ ਸਰਕਾਰ ਨੇ ਆਪਣੀ ਹਾਰ ਮੰਨ ਕੇ ਤਿੰਨ ਨਾਕਸ ਕਾਨੂੰਨ ਵਾਪਸ ਲਏ ਸਨ ਹੁਣ ਵੀ ਵਾਅਦਾ ਕੀਤੀਆਂ ਮੰਗਾਂ ਮੰਨ ਕੇ ਤੇ ਲਾਗੂ ਕਰਕੇ ਦੇਸ਼ ਦੀ ਰੀੜ ਦੀ ਹੱਡੀ ਕਿਸਾਨੀ ਨੂੰ ਬਚਾਵੇ!!!

-0-


शहीदी दिवस पर विशेष

# शहीदी छोटे साहिबज़ादे और माता गुजर कौर जी

-अमृत पाल बंसल # 98154-85668

श्री गुरु गोबिंद सिंह साहब जी पूरी मानवता के लिए अमन शांति चाहते थे, संसार का प्रत्येक मनुष्य जात–पात रंग–नस्ल के भेदभाव से ऊंचा उठकर एक अकाल पुरख की भक्ति करें, सरबत के भले के लिए कार्य करे, दूसरी तरफ समकाली मुगल शासक औरंगजेब और कुछ हिंदू पहाड़ी राजे आम जनता पर जुल्म करते थे और गुरु साहिब जी जुल्म के खिलाफ लोगों को संघर्ष के लिए कहते थे। इसीलिए पहाड़ी राजाओं और मुगल हुकूमत ने अनेक बार आनंदपुर साहिब पर हमले किए।यह वही पहाड़ी राजे थे, जिनके बड़ल–वडेरे (पुर्वजों) को छेवें पातशाह जी ने ग्वालियर के किले से रिहा (मुक्त) करवाया था। अत्याचारी लोग कभी भी सत्य को बर्दाश्त नहीं करते।यह लोग सत्य की आवाज को समाप्त करने के लिए, हर तरह का अत्याचार करने के लिए तैयार रहते हैं।गुरु घर के परोपकार विसार कर, इन पहाड़ी राजाओं ने औरंगजेब के पास जाकर फरियाद की कि अनंदपुर साहिब पर आक्रमण करो और श्री गुरु नानक साहिब जी द्वारा चलाए धर्म को समाप्त कर दो।बुरी नीयत से मुगल फौजी और पहाड़ी राजाओं ने सूबा वजीर खान की अगुवाई में वर्ष 1704, मई के मध्य में लाखों की संख्या में सेना ने आनंदपुर साहिब को घेरा डाल कर आक्रमण कर दिया। गुरु के सिंघो ने गुरु साहिब जी की अगुवाई में शत्रुओं का प्रत्येक हमला नाकाम कर दिया और उनका जानी तौर पर भारी नुकसान किया। सुबा वजीर खान इस बात को समझ चुका था कि आनंदपुर साहिब पर आक्रमण करके हम कभी भी जीत नहीं सकेंगे। यह सोचकर मुगल फौजें युद्ध छोड़कर आनंदपुर साहिब को घेरा डालकर बैठ गई और बाहर से राशन पानी बंद कर दिया।इस सोच से या तो सिंघ भूखे मरेंगे या खुले मैदान में आकर लड़ेंगे। समय व्यतीत होता गया राशन खत्म होने लगा परंतु गुरु साहिब जी हर समय सिंघो को चढ़दी कला में रहने का उपदेश देते रहे। यह घेरा कई महीने लंबा हो गया कई महीनो से मुगल फौजो को तनख्वाह नहीं दी गई जिस कारण मुगल तथा पहाड़ी फौजौ में बगावत पैदा होने का भय पैदा हो गया। उधर गर्मी से बरसात, बरसात से सर्दी प्रारंभ हो चुकी थी। मुगल हुकूमत भी इस लंबे युद्ध को समाप्त करना चाहती थी। मुगल और पहाड़ी फौजें सिंघो की बहादुरी को जानती थी।

वह समझ चुके थे कि बिना किसी चतुराई से यह युद्ध जीता नहीं जा सकता इसलिए पहाड़ी राजाओं की तरफ से ब्राह्मण और मुगल फौज की तरफ से काजी दशमेश पिताजी के पास हाजिर हुए। उन्होंने विनती की की पहाड़ी राजे गाय तथा गीता की कसम तथा मुगल कुरान की कसम खाते हैं कि आप जी पर किसी भी तरह का आक्रमण नहीं करेंगे। आप एक बार आनंदपुर साहिब छोड़कर चले जाएं फिर वापस आ जाना इस तरह पहाड़ी फौजो और मुगलों की इज्जत रह जाएगी।यह कहकर पंडित तथा काजी वापस चले गए पांच प्यारों से विचार करने के उपरांत अकाल पुरख की रज़ा को मानते हुए दशमेश पिता जी ने आनंदपुर साहिब का किला छोड़ने का निर्णय कर लिया।




19 और 20 दिसंबर की रात को गुरु साहिब जी अपने परिवार, सिंघो के साथ किला आनंदगढ़ से कीरतपुर साहिब चल पड़े इस जत्थे में पांच प्यारे, चार साहिबजादे, गुरु के महल, भाई मनी सिंह, माता गुजर कौर जी तथा अन्य सिंघ शामिल थे। जब यह जत्था कीरतपुर साहिब के पास पहुंचा तो पहाड़ी राजाओं और मुगल हुकूमत ने अपने धर्म ग्रंथो की खाई कसमें तोड़कर दशमेश पिताजी के जत्थे पर आक्रमण कर दिया। गुरु साहिब जी ने भाई उदय सिंघ के जत्थे को मुकाबला करने के लिए कहा। बाकी का जत्था सिरसे की तरफ बढ़ने लगा। पहाड़ों में भारी वर्षा के कारण सिरसा नदी में बाढ़ आई हुई थी। सिरसा नदी के किनारे भारी युद्ध हुआ, बहुत सारे सिंघ शहीद हो गए, गुरु साहिब जी ने सिरसा नदी को पार करने का हुक्म दिया। कुछ सिंघ सिरसा के तेज बहाव में बह गए। काफी मात्रा में धार्मिक साहित्य और कुछ महत्वपूर्ण ग्रंथ सिरसा नदी में बह गए। यहां पर गुरु साहिब जी का परिवार तीन हिस्सों में बंट गया।

1. भाई मनी सिंह जी गुरु के महल एक तरफ दूसरी तरफ
2. गुरु साहिब जी के बडे साहिबजादे तथा कुछ सिंघो के साथ नदी पार कर गए
3. तीसरी तरफ छोटे साहिबजादे तथा माता गुजर कौर जी सिरसा नदी पार न कर पाए तथा हफरा–तफरी में बाकी जत्थे से बिछड़ गए छोटे साहबजादो की उस समय आयु केवल 7 वर्ष तथा 9 वर्ष थी।

कुछ सफर तय करते हुए माता जी ने दूर एक झोपड़ी में दिया जलता देख अपने पोतों को लेकर उसी तरफ चल पड़े।झोपड़ी के पास जाकर आवाज लगाई। अंदर से कुमा माशकीबाहर आया और उसने पूछा आप कौन हैं। माता जी ने अपने तथा साहबजादों के बारे में बताया, तो यह सुनकर कुमा माशकी ने माता जी के चरणों पर माथा टेका। ठंड से बचने के लिए मोटा कपड़ा दिया और आप साथ के गांव में माई लक्ष्मी के

घर से पशादा लेने चला गया। कुमा माशकी ने माई को माता गुजर कौर और साहिबजादो की सारी बात सुनाई और शीघ्र प्रशादा तैयार करने को कहा।माई लक्ष्मी ने प्रसादा तैयार करके और मोटे कपड़े देते हुए कहा कि कल सुबह में आप प्रसादातैयार करके लेकर आऊंगी और साहिबजादों तथा माता जी के दर्शन भी कर लूंगी।माता जी और साहिबजादों ने सुबह से कुछ भी नहीं था खाया। कुमा माशकी ने बड़ी श्रद्धा से प्रशादा छकाया और सोने के लिए जमीन पर बिस्तर बिछा दिया। युद्ध के भयानक मंजर से आए और सारा दिन के थके हुए साहिबजादे माता जी के साथ सो गए। कुमा माशकी बाहर तुर फिर कर पहरा दे रहा था, उसी समय गंगू भी वहां पहुंच गया।कुमा माशकी गंगू को अपनी झोपड़ी के भीतर ले गया।गंगू ने माता जी के चरणों पर माथा टेका तथा कहा अब आप चिंता ना करें, मैं साहिबजादों को उनके दो बड़े भाइयों तथा गुरु पिता जी से मिलवा दूंगा। यह गंगू ब्राहमण गुरु घर के लंगर में रसोईया का काम करता था। उधर माता जी माई लक्ष्मी तथा कुमा माशकी की सेवा से बहुत प्रसन्न हुए और उन्हें सोने की पांच मोहरे आशीर्वाद के तौर पर दी।गंगू ने जब मोहरों वाली थैली देखी तो उसके मन में लालच आ गया। कुमा माशकी ने यहां से बेड़ी में बिठाकर सतलुज दरिया से पार करवा दिया। थोड़ा रास्ता तय करके, माता जी ने गंगू से कहा कि जहां नजदीक गुरु घर का श्रद्धालु कोटला निहंग खान रहता है, क्यों ना उसके घर जाया जाए।यह सुनकर गंगू ने कहा के हो सकता है कि उस तरफ मुगल सिपाही हो तथा हमारा किसी तरह का नुकसान हो सकता है, तथा आप मेरे पर भरोसा रखें।माता जी ने कहा कि गंगू जैसे तुझे ठीक लगता है उसी तरह कर ले। गंगू जंगल के रास्ते यह कह कर चल पड़ा कि मैं आपको अपने गांव खेड़ी लेकर जा रहा हूं।

गंगू माता जी और साहिबज़ादों को अपने गांव खेड़ी ले आया तथा घर की पिछली कोठडी में ठहराया। माता जी ने प्रशादा छका और रात आराम करने के लिए लेट गए। गंगू ने मोहरों वाली थैली चोरी कर ली। जब कमरे में खड़ाक हुआ तो माता जी ने गंगू को थैली चोरी करते देख लिया परंतु चुप रहे। दिन चढ़ा तो माता जी ने गंगू को कहा कि तूने अच्छा किया जो मोहरों वाली थैली संभाल के रख ली। यह सुनकर गंगू क्रोध में आकर कहने लगा आपने मेरी सेवा का अच्छा मोल डाला है मैं कठिन समय में आपका साथ दे रहा हूं आप मुझे चोर बनाते हो। इतनी देर में मुनियादी वाले की बाहर से आवाज आई के हुकूमत के बागी श्री गुरु गोविंद सिंह जी के परिवार की कोई खबर देगा उसको सरकार ए दरबार इनाम दिया जाएगा और अगर कोई सहायता करेगा तो उसको तथा उसके परिवार को सख्त सजा दी जाएगी। इस आवाज ने गंगू के मन पर और प्रभाव डाल दिया वह बिना कुछ कहे सुने क्रोध से भरा घर से बाहर चला गया। उसके मन में लालच था कि मोहरों वाली थैली तो आ ही गई है अब सरकारी इनाम भी मिलेगा और सरकार का वफादार भी कहलाऊंगा

पापी गंगू ने गांव के चौधरी को जा खबर दी चौधरी ने गंगू पापी को साथ लेकर मोरिंडे के थानेदार पास जा खबर दी कि गुरु गोविंद सिंह जी के माता जी और छोटे साहबजादे गंगू के घर हैं सरकार से आप हमें इनाम दिला दो। थानेदार जानी खां और मानी खां अपने सिपाही लेकर गंगू के घर पहुंचे और माता जी तथा साहिबज़ादों को जंजीर से हाथ बांधकर सख्त पहरे में गड्डे पर बिठाकर मोरिंडे थाने की कोठड़ी में कैद कर दिया। वहां उन्हें भूखे प्यासे रखा तथा सरहिंद सूबा वजीर खान को यह खबर दे दी। यह खबर सुनकर सुबा बहुत खुश हुआ। उसने हुकम दिया के शीघ्र से शीघ्र उन्हें सरहिंद ले आया जाए और खाने–पीने के लिए कुछ भी ना दिया जाए। वजीर खान के हुकुम अनुसार उनको मोरिंडा से सरहिंद लाया गया। सूबे ने माता जी और साहिबजादों को ठंडा बुर्ज में भेजने का हुक्म सुना दिया। साथ ही रोटी–पानी देने की मनाही कर दी और बुर्ज के इर्द–गिर्द सख्त पहरा लगा दिया। कहर की सर्दी, ठंडा बुर्ज के ठंडे फर्श पर माता जी अपने पोत्रों को जुल्म के खिलाफ लड़ने की शिक्षा देती रही।

अगले दिन दो सिपाही आए, माता जी को कहा, वजीर खान ने साहिबज़ादों को कचहरी बुलाया है। माता जी ने साथ जाने की बात कही, परंतु सिपाहियों ने मना कर दिया। माता जी ने उनको सिपाहियों के साथ भेज दिया रास्ते में सिपाही साहिबज़ादों को समझाते गए कि वजीर खान ऊंचे तखत पर बैठा होगा तथा इर्द–गिर्द काजी बैठे होंगे, बहुत नेक दिल है सुबा वजीर खान, आपने झुक कर सलाम करना है वह तुम्हारे पर बहुत खुश होगा। यह बातें करते हुए सूबा की कचहरी में पहुंचे। सिपाहियों ने झुक कर सलाम किया तथा साथ ही साहिबज़ादों को सलाम करने के लिए कहा। बाबा जोरावर सिंह और बाबा फतेह सिंह जी ने जोर से फतेह बुलाई। फतेह की आवाज सुनकर पापी सुचानंद कहने लगा “बच्चो यह तुम्हारा आनंदपुर साहिब नहीं है, यहां तुम्हारी फतेह बुलाई जाए यह सुबह की कचहरी है, झुक कर सलाम करें।” बाबा फतेह सिंह ने कहा गुरु पिताजी का हुक्म है कि यह शीश केवल अकाल पुरख वाहिगुरु के आगे या उसके प्यारों के आगे झुकेगा, किसी अन्य के आगे नहीं। सलाम करना तुम्हारा धर्म है फतेह बुलाना हमारा धर्म है। यह सुन कर सुचानंद झूठ बोलकर कहने लगा “तुम्हें पता है कि तुम्हारे पिता, बड़े भाइयों और सिंघों को चमकौर के मैदान में शहीद कर दिया गया है। तुम्हारी भलाई इसी में है कि तुम इस्लाम कबूल कर लो।” बाबा जोरावर सिंह ने गरज कर कहा तुम्हारे जैसे मक्कार, कायर तथा जुल्मी लोग लोक परलोक के मालिक गुरु पिता जी का बाल भी बांका नहीं कर सकते। अब वजीर खान बहुत प्रेम से कहने लगा कि “प्रिय बच्चों तुम्हारा बचपन देखकर मुझे दया आती है तुमने संसार का अभी कुछ भी नहीं देखा, मैं तुम्हें जगीरो, महलों तथा धन–दौलत से मालामाल कर दूंगा, किसी वस्तु की कमी नहीं होगी, तुम इस्लाम कबूल कर लो।” बाबा फतेह सिंह जी ने गर्ज कर कहा कि “जैसे तुम्हें अपना धर्म प्रिय है इस तरह हमें भी अपना धर्म प्रिया है। सत्य के लिए शीश देना हमारे बड़े बुजुर्गों की रीत है।” जवाब सुनकर वजीर खान ने कहा, “मरने की बात करनी जितनी आसान है, सामने मृत्यु देखकर बड़े–बड़े कांप जाते हैं।” यह सुन कर जोरावर सिंह जी ने कहा कि “मृत्यु का भय कायर और डरपोकों

को होता है, हमारा तो जन्म ही मृत्यु में है हुआ है।" यह जबाव सुनकर दरबारी दंग रह गए। नीति से काम लेते हुए वजीर खान ने साहिबज़ादों को माता जी के पास ठंडे बुरज में वापस भेज दिया तथा कहा कि अपनी दादी जी से सलाह करके बताना। माता जी ने अपने लालों को गोद में बिठाकर पूछा कि कचहरी में आज क्या–क्या हुआ। साहिबज़ादों ने सारी बात बताई। माता जी ने सारी बात सुनकर थापड़ा (शाबाश) देकर कहा, इससे भी कठिन समय आएगा तुम अडोल रहना, सिखी सिदक निभाने की मिसाल पैदा करना। सूर्य छिप गया माता जी और साहिबज़ादों ने नाम बाणी में सूरत जोड़ ली परंतु खाया कुछ भी नहीं।

इसी सरहिंद में बाबा मोती राम मेहरा जी रहते थे जो जेल के हिंदू कैदियों के लिए खाना तैयार करते थे तथा उनका परिवार गुरुघर का बहुत श्रद्धालु था। जब उनको पता चला कि माता जी और साहिबज़ादे ठंडा बुर्ज में भूखे बैठे हैं तो उसने अपनी पत्नी के गहने पर जमा किए पैसे, ठंडे बुर्ज में पहरेदार सिपाहियों को देकर माता गुजरी जी और साहिबज़ादों को दो दिन दूध पिलाने की सेवा की परंतु जब या खबर सूबा वजीर खान को पता चली तो उस जालिम पापी ने पूरे परिवार को कोहलू में पीढ़ कर शहीद कर दिया।

माता गुजर कौर जी ने साहिबज़ादों को गुरु अरजन साहिब जी की शहीदी, श्री गुरु हरिगोबिंद साहिब जी द्वारा लड़े युद्ध, भाई मती दास, भाई सती दास, भाई दयाला जी, लकखी शाह बंजारा और गुरु तेग बहादुर साहिब जी की शहादतों के बारे में बताते हुए साहिबज़ादों के मनों के भीतर शहादत का जज्बा भर दिया।

अगली सुबह दो सिपाही ठंडे बुर्ज में आए तथा कहने लगे कि वजीर खान ने साहिबज़ादों को कचहरी में बुलाया है। माता जी ने सुंदर दस्तार सजाते हुए कहा कि मेरे बहादुर पुत्रो! जालिम के आगे शीश नहीं झुकाना है। मृत्यु या धर्म छोड़ने के लिए कहे तो मृत्यु को गले से लगाकर शहीद होना मंजूर करना है। तुम्हारी शहीदी कौम के भीतर जोश पैदा करेगी। माता जी का थापड़ा लेकर साहिबज़ादे सूबे की कचहरी की तरफ चल पड़े।

आज वजीर खान के द्वारा एक ड्रामा रचा गया। कचहरी का बड़ा दरवाजा बंद करके छोटा दरवाजा खोला गया। इस नीति के अनुसार जब छोटे दरवाजे में से सिर झुकाकर साहिबज़ादे जब अंदर आएंगे तो सारे दरबारी ताली मार कर कहेंगे कि देखो साहिबज़ादे सूबे वजीर खान को झुक कर सलाम कर रहे हैं। साहिबज़ादे कचहरी के दरवाजे के पास पहुंचे एक सिपाही आगे जाकर सिर झुकाकर अंदर गया तथा दूसरे सिपाही ने साहिबज़ादों को सिपाही की तरह अंदर जाने के लिए कहा। बाबा ज़ोरावर सिंह जी छोटे भाई की तरफ देखकर मुसकराए तथा आगे बढ़कर दरवाजे पर पहले पैर रखा, फिर सीस पीछे करके अंदर दाखिल हुए। इसी तरह बाबा फतेह सिंह अंदर दाखिल हुए। यह सभी कुछ देखकर दरबारी दंग रह गए और गुरु जी के स्पुत्रों ने गर्जना भरी आवाज में 'वाहिगुरु जी का खालसा वाहेगुरु जी की फतेह' बुलाई। पहले से भी अधिक जोश देखकर सारे दरबारी हैरान थे। यह सारा प्रभाव माता जी द्वारा दी गई शिक्षा का था। वजीर खान कुछ बोलता उससे पहले सुचानंद निकट आकर साहिबज़ादों को कहने लगा कि "इन बातों के कारण तुम भयानक मौत मारे जाओगे। तुम नवाब की बात मान लो, धन–दौलत से मालामाल कर दिए जाओगे, लोग तुम्हें सलाम करेंगे। जिद छोड़ इस्लाम कबूल कर लो।" बाबा फतेह सिंह जी ने सुचानंद को कहा "यह जिद नहीं हमारा सिखी सिदक है। हमारे दादा जी श्री गुरु तेग बहादुर साहिब जी को तथा उनके प्रिय तीन सिखों को हुकूमत ने इसी धन दौलत का लालच और मौत का भय दिया था परंतु उन्होंने जालिम की एक न मानी और वह शहीदी पा गए थे। हमारे बड़े बुजुर्गों द्वारा चलाई शहीदी परंपरा अब हम आगे चलाएंगे।"

यह जुरअत भरे शब्द सुनकर सभी हैरान थे सुचानंद वजीर खान को कहने लगा कि "यह बागी के पुत्र हैं बड़े होकर हुकूमत के लिए खतरा पैदा करेंगे। सांप को मारना तथा सांप के बच्चे पालना ठीक नहीं होता।" वजीर खान क्रोध की आग में जल रहा था। सुचानंद की बातों ने जलती पर तेल डालने का काम किया। वजीर खान ने कचहरी में बैठे मलेरकोटला के नवाब शेर मोहम्मद खान को कहा कि "आपका भाई नाहर खान श्री गुरु गोविंद सिंह जी ने चमकौर के युद्ध में मारा था उसके पुत्रों को मार कर अपने भाई की मौत का बदला ले सकते हो, यह बच्चे मैं आपके हवाले करता हूं।" यह सुनकर शेर मोहम्मद खान उठकर बोला "बेशक मेरे भाई भतीजे श्री गुरु गोविंद सिंह जी द्वारा युद्ध के मैदान में मारे गए हैं मैं उनकी मौत का बदला अवश्य लूंगा पर श्री गुरु गोविंद सिंह जी से युद्ध के मैदान में। इन मासूम बच्चों को कत्ल करना इस्लाम के खिलाफ है।" नवाब 'हाअ का नारा' मार कर कचहरी से बाहर आ गया।

वजीर खान बहुत जालम था उसने पास बैठे काजी रुस्तमदीन और अली खान को कहा यह बच्चे जीवित छोड़ने के लायक नहीं है इनको मारने का फतवा सुनाओ। काजी अली खान ने उठकर कहा "यह बच्चे इस्लाम सरकार के विरुद्ध बगावत करने के लिए तैयार है। बच्चे जानकर नर्मी ना प्रयोग की जाए। बागी पिता के बागी पुत्रों को दीवार में चिनकर मार दिया जाए।" यह फतवा सुनकर सब लोग हैरान हो गए।

वजीर खान ने साहिबजादों को ठंडे बुर्ज में वापस भेज दिया तथा कहा तुम्हारे पास केवल एक रात का समय है दादी से मशवरा कर लेना नहीं तो सुबह बड़ी भयानक मौत देकर मार दिया जाएगा। माता जी ने साहिबजादों को गले लगा कर चूमा। सारे दिन की कचहरी में हुई बातचीत के बारे में पूछा, सारी बात सुनकर साहिबज़ादों ने कहा "दादी मां जी कल हमें दीवार में चिनकर शहीद किया जाएगा।" कभी अपने पति श्री गुरु तेग बहादुर साहिब जी को मजलूमो की रक्षा तथा जुल्म के खिलाफ शहीद होने के लिए भेजा था, आज इस शहादत के मार्ग पर अपने पोत्रों को भेजने के लिए सिदक तथा सिरड की शिक्षा देते हुए अपने पोत्रों से कहा, **"धर्म से जिंदगी को प्रिया नहीं समझना शरीर का नाश तो हो ही जाना है परंतु जबर जुलम के खिलाफ लड़ना, मानवीय अधिकारों के लिए**

**लड़ना गुरु घर की परंपरा है। इस परंपरा को गुरु नानक साहिब जी ने शुरू किया, गुरु अरजन साहिब जी ने करके दिखाया और तुम्हारे दादा गुरु तेग बहादुर साहिब जी ने शिखर तक पहुंचाया। आने वाले समय में भी सिखी की पुशतें भी इन शहादतों से प्रेरणा लेती रहेगी तथा जुल्म के खिलाफ लड़ती रहेगी। जिंदगी दो घड़ी की है परंतु शहादत की जिंदगी सदैव रहती है। इसलिए सिखी सिदक निभा जाना ही जीवन की सबसे बड़ी प्राप्ति है।"** रात पड़ गई और साहिबज़ादे माता जी की गोद में सो गए। सारी रात माता जी अकाल पुरख के आगे अरदास करती रही कि इन नाजुक जिंदों की गुरु नानक साहिब जी के निभ जाए। 12 पोह 1761 विक्रमी 26 दिसंबर 1704 की यह दादी पोत्रों की अंतिम रात थी।

27 दिसंबर का दिन चढ़ा। लोग कचहरी में जुडने लगे। सिपाही ने माता जी को कहा कि वजीर खान ने साहिबज़ादों को बुलाया है। माता जी ने कहा जरा रुक जाएं, मैं इनको तैयार कर लूं, इन को सुंदर जुड़े वाले शीश पर सुंदर दस्तारें सजा दूं। आज मेरे बहादुर बच्चों ने सिखी सिदक की अद्भुत मिसाल कायम करनी है। प्रसिद्ध मुसलमान कवि जोगी अल्लाह यार खान ने इस समय में माता जी की मानसिक दशा का बयान इस तरह किया है:

**जाने से पहले आओ गले से लगा तो लूं**
**केसों को कंघी कर दूं जरा मुंह धुला तो लूं**
**प्यारे सरों पर नन्ही सी कलगी सजा तो लूं**
**मरने से पहले तुमको दूल्हा बना तो लूं**
**रो रो के माता गुजरी ने आरासत : किया**
**तीरों कमा से, तेज से पैरासत : किया**

(आरासत सजाना पैरासत सजाना)

दोनों साहिबजादों को तैयार करके गले से लगाकर माथा चूमा फिर कहा, जायो मेरे बहादुर पुत्रों और जालिम को दिखाओ की अमृत की शक्ति क्या है। दोनों ने माता जी से आशीर्वाद लिया तथा अंतिम फतेह बुलाकर चल पड़े। कचहरी में आकर साहिबजादों ने फतेह बुलाई, जिसकी गूंज पहले से भी अधिक थी। चेहरे पर जलाल चमक रहा था। दीवार में चिनकर शहीद करने के हुकुम का कोई डर–भय नजर नहीं आ रहा था। नवाब ने पूछा "फिर क्या विचार है तुम्हारा धर्म छोड़ोगे या मौत कबूल करोगी।" बाबा जोरावर सिंह ने गर्ज कर कहा कि "गुरु पिता जी की शिक्षा है धर्म से अधिक जान को प्रिय समझना कायरों का काम होता है। जुल्म करना तुम्हारी आदत है, इंसानियत और मानवीय अधिकारों के लिए कुर्बान होना हमारी परंपरा है।"

वजीर खान यह उत्तर सुनकर क्रोध की अग्नि में जल उठा और हुकुम किया इनको दीवार में चिनकर शहीद कर दिया जाए। जल्लाद शाशल बेग तथा बाशल बेग जो कि समाना नगर के रहने वाले थे गुरु के लालो को पकड़ कर ले गए। साहिबज़ादे एक दूसरे का हाथ पकड़ कर खड़े हो गए तथा मुख से वाहिगुरु का सिमरन शुरू कर दिया। जलादों ने दीवार चिणनी शुरू कर दी। साहिबजादों के पांव पर ईटों का भार पड़ने लगा। वजीर खान पास आकर कहने लगा अभी भी समय है इस्लाम कबूल कर लो, बख्श दूंगा। दीवार ऊंची होती गई तथा गुरु जी के लाल दीवारों में चिन गए। उनके भार से दीवार गिर गई तथा वह सांस घुटने के कारण बेहोश हो गए परंतु स्वास चल रहे थे। वजीर खान ने हुक्म दिया कि इनकी स्वास रगें काट दो। दोनों जलादों ने मासूम जिंदों के गले ऊपर खंजर चला कर स्वास रगें काट दी।

इतिहास में जिक्र आता है के पापियों तथा दुषटों ने यह जुलम सुबह 9:45 से लेकर 11:00 तक किया। जालिमों ने माता गुजर कौर जी को ठंडे बुर्ज से नीचे फेंक कर शहीद कर दिया। जालम वजीर खान ने हुक्म दिया कि उनके शरीरों को ठंडे बुर्ज के साथ लगती हंसला नदी के पास फेंक दो, ताकि इनके शरीरों को कौवे कुत्ते वगैरा खा जाए। भाव शरीरों की बेअदबी भी होती रहे। इस विलक्षण घटना को कवि अल्लाह यार खान योगी ने छोटे साहिबज़ादों और माता गुजर कौर जी की शहादत को सलाम करते हुए लिखते हैं–

**हम जान देकर औरों की जान बचा चले**
**सिखी की नींव हम हैं सरों पर उठा चले**
**गुरियाई का है किस्सा जहां में बना चले**
**गद्दी से ताजो तखत बस अब कौम पाएगी**
**दुनिया से जालिमों का निशां तक मिटाएगी**

दूसरी तरफ जब इस घटना का पता गुरु घर के श्रद्धालु दीवान टोडर मल जी को लगा तो उनका मन वैरागय से भर आया। उनके मन की भावना बनी के माता जी तथा साहिबज़ादों के पावन शरीरों की बेअदवी नहीं होने दी जानी चाहिए तथा उनके पावन शरीरों का सस्कार सत्कार सहित किया जाए। उसने वजीर खान तक पहुंच की, माता जी और साहिबजादों के पावन शरीरों का सस्कार करने की आज्ञा मांगी। वजीर खान ने कहा आप सस्कार कर सकते हो परंतु आपको सोने की मोहरें धरती के ऊपर खड़ी करके जमीन मोल लेनी पड़ेगी

सूबा वजीर खान के महलों के नजदीक जिम्मीदार चौधरी अता की जमीन थी। दीवान टोडरमल जी ने चौधरी से बात करके जमीन पर मोहरें खड़ी करके अब तक की विश्व की सबसे महंगी जमीन खरीदी। टोडरमल और संगतों ने माता जी तथा गुरु जी के लालो के पावन शरीरों को स्नान करा कर तथा सुंदर बस्तर पहना कर सत्कार सहित सस्कार किया। इस स्थान पर आज गुरुद्वारा श्री ज्योति स्वरूप साहब सुशोभित है। शहीदी स्थान बाबा जोरावर सिंह जी बाबा फतेह सिंह जी पर गुरुद्वारा फतेहगढ़ साहिब से सुशोभित है।

माता गुजर कौर जी, बाबा जोरावर सिंह जी और बाबा फतेह सिंह जी की इस महान तथा अकथनीय शहादत से हमें बहुत सुंदर शिक्षा मिलती है कि वाहिगुरु जी के हुकुम को मान लेने से तथा उनकी रज़ा में रहने से हमारे सभी भय दूर हो जाते हैं, निडर होकर जीवन व्यतीत करना ही सिखी का पहला असूल है।

–0–

ਸਿਹਤ ਸੰਭਾਲ

# ਸਿਹਤਮੰਦ ਖਾਣਾ ਕਿੰਨਾ ਕੁ ਲਾਭਦਾਇਕ ਹੁੰਦਾ ਹੈ?

**ਡਾ. ਅਜੀਤਪਾਲ ਸਿੰਘ ਐੱਮਡੀ 98156-29301**

ਚਾਹੇ ਤੁਸੀਂ ਸ਼ੂਗਰ ਦੀ ਬੀਮਾਰੀ (ਡਾਇਬੀਟੀਜ਼) ਦੇ ਪੀੜ੍ਹਤ ਹੋ ਜਾਂ ਨਹੀ, ਖਾਣ ਅਤੇ ਪੀਣ ਦਾ ਸਿਹਤਮੰਦ ਅਤੇ ਸੰਤੁਲਿਤ ਸੇਵਨ ਮਹੱਤਵਪੂਰਨ ਹੁੰਦਾ ਹੈ। ਭੋਜਨ ਲਈ ਤੁਸੀਂ ਜੋ ਖਾਣਾ ਚੁਣਦੇ ਹੋ ਉਹ ਨਾ ਸਿਰਫ਼ ਤੁਹਾਡੀ ਡਾਇਬੀਟੀਜ਼ ਦੇ ਪ੍ਰਬੰਧ ਵਿੱਚ ਮਦਦ ਕਰਦਾ ਹੈ, ਸਗੋਂ ਵਜ਼ਨ ਕੰਟਰੋਲ ਕਰਨ ਅਤੇ ਲੰਬੇ ਸਮੇਂ ਦੀਆਂ ਸਥਿਤੀਆਂ ਜਿਵੇਂ ਕਿ ਦਿਲ ਦੀ ਬਿਮਾਰੀ,ਸਟ੍ਰੋਕ ਅਤੇ ਕੁੱਝ ਖਾਸ ਤਰ੍ਹਾਂ ਦੇ ਕੈਂਸਰਾਂ ਦੇ ਪ੍ਰਬੰਧ ਵਿੱਚ ਵੀ ਮਦਦ ਕਰਦਾ ਹੈ।

ਖਾਣਾ ਖਾਣ ਦੇ ਸੰਤੁਲਿਤ ਢੰਗ ਨਾਲ ਆਪਣੇ ਭਾਰ ਨੂੰ ਕੰਟਰੋਲ ਕਰਨ ਅਤੇ ਸਰਗਰਮ ਹੋਣ ਦੇ ਨਾਲ ਨਾਲ ਤੁਸੀਂ ਆਪਣੀ ਡਾਇਬੀਟੀਜ਼ ਨੂੰ ਕੰਟਰੋਲ ਕਰਨ ਵਿੱਚ ਮਦਦ ਕਰ ਸਕਦੇ ਹੋ। ਜ਼ਰੂਰੀ ਜਾਣਕਾਰੀ, ਤੁਹਾਡੀ ਡਾਇਬੀਟੀਜ਼ ਦੇ ਪ੍ਰਬੰਧਨ ਵਿੱਚ ਮਦਦ ਕਰਨ ਲਈ ਸਿਹਤਮੰਦ ਭੋਜਨ ਦੀ ਚੋਣ ਕਰਨ ਵਿੱਚ ਤੁਹਾਡੀ ਮਦਦ ਕਰੇਗੀ।

ਸ਼ੂਗਰ ਲਈ ਸਿਹਤਮੰਦ ਭੋਜਨ ਲਈ ਮੁੱਖ ਸੁਝਾਅ:-

**1. ਨਿਯਮਤ ਭੋਜਨ**

ਤੁਸੀਂ ਹਰ ਰੋਜ਼ ਤਿੰਨ ਵਾਰ ਖਾਣ ਦਾ ਟੀਚਾ ਬਣਾਓ ਅਤੇ ਵਾਰ ਵਾਰ ਖਾਣਾ ਖਾਣ ਤੋਂ ਪਰਹੇਜ਼ ਕਰੋ।

ਇੱਕ ਆਮ ਦਿਨ ਵਿੱਚ ਸੇਵਨ ਨਾਸ਼ਤੇ, ਦੁਪਹਿਰ ਦੇ ਖਾਣੇ ਅਤੇ ਸ਼ਾਮ ਦੇ ਖਾਣੇ ਦੇ ਆਲੇ ਦੁਆਲੇ ਹੋਣਾ ਚਾਹੀਦਾ ਹੈ। ਇਸ ਨਾਲ ਤੁਹਾਨੂੰ ਬਲੱਡ ਗਲੂਕੋਜ਼ ਸਥਿਰ ਰੱਖਣ ਵਿੱਚ ਮਦਦ ਮਿਲੇਗੀ, ਊਰਜਾ ਦੇ ਪੱਧਰ ਉੱਚ ਰਹਿਣਗੇ ਅਤੇ ਸਨੈਕਸ ਤੋਂ ਪਰਹੇਜ਼ ਕਰਨ ਵਿੱਚ ਮਦਦ ਮਿਲੇਗੀ।

**2. ਸ਼ੂਗਰ ਯੁਕਤ ਕਾਰਬੋਹਾਈਡਰੇਟਸ**

ਪ੍ਰਤੀ ਦਿਨ ਮਿਸ਼ਰਤ (ਮੁਕਤ) ਖੰਡ ਨੂੰ 30 ਗ੍ਰਾਮ ਤੱਕ ਆਪਣੇ ਆਪ ਨੂੰ ਸੀਮਤ ਕਰੋ।

ਡਾਇਬੀਟੀਜ਼ ਹੋਣ ਦਾ ਮਤਲਬ ਇਹ ਨਹੀਂ ਕਿ ਤੁਸੀਂ ਖੰਡ ਖਾਣਾ ਪੂਰੀ ਤਰ੍ਹਾਂ ਬੰਦ ਕਰ ਦਿਓ। ਇਸ ਦਾ ਸਹੀ ਤਰੀਕਾ ਖਾਣਾ ਖਾਣ ਦੇ ਸੰਤੁਲਿਤ ਢੰਗ,ਮਿੱਠੇ ਖਾਣੇ ਅਤੇ ਪੀਣ ਵਾਲੇ ਪਦਾਰਥਾਂ ਨੂੰ ਕਦੇ-ਕਦੇ ਕੁੱਝ ਮਾਤਰਾ ਦਾ ਆਨੰਦ ਲੈਣਾ ਹੀ ਹੈ।

**3. ਸਟਾਰਚ ਯੁਕਤ ਕਾਰਬੋਹਾਈਡਰੇਟ**

ਹਰ ਮੁੱਖ ਭੋਜਨ ਵਿੱਚ ਸਟਾਰਚ ਯੁਕਤ ਕਾਰਬੋਹਾਈਡਰੇਟ ਸ਼ਾਮਲ ਕਰੋ, ਜ਼ਿਆਦਾ ਫਾਈਬਰ ਅਤੇ ਹੋਲਗ੍ਰੇਨ ਵਾਲੇ ਵਿਕਲਪਾਂ ਦੀ ਚੋਣ ਕਰੋ, ਜਿਸ ਵਿੱਚ ਘੱਟ ਗਲੀਸੇਮੀਕ ਇੰਡੈਕਸ ਵੈਲਿਊ ਹੁੰਦੀ ਹੈ।



ਭਾਵੇਂ ਸਟਾਰਚ ਯੁਕਤ ਕਾਰਬੋਹਾਈਡਰੇਟ ਸਿਹਤਮੰਦ ਭੋਜਨ ਹੁੰਦਾ ਹੈ, ਉਹ ਬਲੱਡ ਗਲੂਕੋਜ਼ ਦੇ ਪੱਧਰ 'ਤੇ ਪ੍ਰਭਾਵਿਤ ਕਰਦਾ ਹੈ। ਜ਼ਿਆਦਾ ਕਾਰਬੋਹਾਈਡਰੇਟ ਨਾਲ, ਬਲੱਡ ਗੁਲੂਕੋਜ਼ ਦਾ ਪੱਧਰ ਵਧ ਜਾਂਦਾ ਹੈ। ਇਸ ਦੇ ਉਲਟ,ਜੇਕਰ ਤੁਸੀਂ ਘੱਟ ਮਾਤਰਾ ਵਿੱਚ ਖਾਣਾ ਖਾਂਦੇ ਹੋ,ਤਾਂ ਤੁਹਾਡੇ ਬਲੱਡ ਗਲੂਕੋਜ਼ ਦੇ ਪੱਧਰ 'ਤੇ ਪ੍ਰਭਾਵ ਘੱਟ ਹੋਵੇਗਾ। ਉਹਨਾਂ ਸਟਾਰਚ ਯੁਕਤ ਕਾਰਬੋਹਾਈਡਰੇਟਸ ਦੀ ਚੋਣ ਕਰਨਾ ਜਿਨ੍ਹਾਂ ਵਿੱਚ ਜ਼ਿਆਦਾ ਫਾਈਬਰ ਅਤੇ ਹੋਲਗ੍ਰੇਨ ਹੁੰਦੇ ਹਨ ਅਤੇ ਘੱਟ ਗਲੀਸਮੀਕ ਇੰਡੈਕਸ ਹੁੰਦਾ ਹੈ, ਇਸ ਨਾਲ ਤੁਹਾਡੇ ਬਲੱਡ ਗਲੂਕੋਜ਼ ਦੇ ਪੱਧਰ 'ਤੇ ਪ੍ਰਭਾਵ ਘੱਟ ਹੋਵੇਗਾ। ਉਹ ਤੁਹਾਨੂੰ ਲੰਬੇ ਸਮੇਂ ਲਈ ਪੇਟ ਭਰੇ ਰੱਖਣ ਵਿੱਚ ਵੀ ਮਦਦ ਕਰ ਸਕਦੇ ਹਨ,ਇਸ ਨਾਲ ਵਜ਼ਨ ਘਟਾਉਣ ਵਿੱਚ ਵੀ ਮਦਦ ਮਿਲ ਸਕਦੀ ਹੈ।

**4. ਫਲ ਅਤੇ ਸਬਜ਼ੀਆਂ**

ਤੁਸੀਂ ਹਰ ਰੋਜ਼ ਫਲ ਅਤੇ ਸਬਜ਼ੀਆਂ ਦੇ ਘੱਟੋ ਘੱਟ ਪੰਜ ਭਾਗ ਖਾਣ ਦਾ ਟੀਚਾ ਬਣਾਓ।

ਫਲ ਅਤੇ ਸਬਜ਼ੀਆਂ ਫਾਈਬਰ ਦਾ ਵਧੀਆ ਸਰੋਤ ਹੁੰਦੇ ਹਨ, ਇਹਨਾਂ ਵਿੱਚ ਉੱਚ ਮਾਤਰਾ ਵਿੱਚ ਜ਼ਰੂਰੀ ਵਿਟਾਮਿਨ ਅਤੇ ਖਣਿਜ ਪਦਾਰਥ ਹੁੰਦੇ ਹਨ। ਇੱਕ ਵਿਆਪਕ ਕਿਸਮ ਦਾ ਭੋਜਨ ਖਾਣਾ ਅਤੇ ਹਰ ਰੋਜ਼ ਘੱਟ ਤੋਂ ਘੱਟ ਪੰਜ ਹਿੱਸਿਆਂ ਦਾ ਟੀਚਾ ਰੱਖਣਾ, ਬਹੁਤ ਸਾਰੀਆਂ ਸਿਹਤ ਸਥਿਤੀਆਂ ਪੈਦਾ ਕਰਨ ਦੇ ਜੋਖਮ ਨੂੰ ਘੱਟ ਕਰਨ ਵਿੱਚ ਮਦਦ ਕਰ ਸਕਦਾ ਹੈ ਜਿਵੇਂ; ਹਾਈ ਬਲੱਡ ਪ੍ਰੈਸ਼ਰ,ਦਿਲ ਦੀ ਬਿਮਾਰੀ,ਸਟ੍ਰੋਕ, ਮੋਟਾਪਾ ਅਤੇ ਕੁੱਝ ਖਾਸ ਕਿਸਮ ਦੇ ਕੈਂਸਰ। ਇੱਕ ਵਾਧੂ ਬੋਨਸ ਊਰਜਾ (ਕੈਲੋਰੀ) ਦੇ ਤੌਰ 'ਤੇ ਇਹਨਾਂ ਵਿੱਚ ਫਾਈਬਰ ਵਿੱਚ ਵੱਧ ਹੁੰਦਾ ਹੈ, ਭਾਵ ਉਹ ਇੱਕ ਸਿਹਤਮੰਦ ਵਜ਼ਨ ਕਾਇਮ ਰੱਖਣ ਵਿੱਚ ਮਦਦ ਕਰ ਸਕਦੇ ਹਨ। ਬਿਨ੍ਹਾਂ ਕਿਸੇ ਖੰਡ ਅਤੇ ਨਮਕ ਜੂਸ ਵਿੱਚ ਤਾਜ਼ਾ, ਜੰਮੇ, ਸੁੱਕੇ, ਡੱਬਾਬੰਦ ਫਲ ਅਤੇ ਪਾਣੀ ਵਿੱਚ ਡੱਬਾਬੰਦ ▯▯ਸਬਜ਼ੀਆਂ, ਇਹ ਸਭ ਕੁੱਝ ਗਿਣਿਆ ਜਾਂਦਾ ਹੈ।

**5. ਲੂਣ**

ਮੁੱਖ ਮਕਸਦ : ਹਰ ਦਿਨ 6 ਗ੍ਰਾਮ ਤੋਂ ਵੱਧ ਲੂਣ ਨਾ ਲੈਣ ਦਾ ਟੀਚਾ।

ਬਹੁਤ ਜ਼ਿਆਦਾ ਲੂਣ ਖਾਣ ਨਾਲ ਤੁਹਾਡਾ ਬਲੱਡ ਪ੍ਰੈਸ਼ਰ ਵੱਧ ਸਕਦਾ ਹੈ, ਖਾਸ ਕਰਕੇ ਜੇਕਰ ਤੁਹਾਡਾ ਵਜ਼ਨ ਵੱਧ ਹੋਵੇ ਜਾਂ ਜੇਕਰ ਤੁਹਾਡੇ ਪਰਿਵਾਰ ਵਿੱਚ ਜ਼ਿਆਦਾ ਬਲੱਡ ਪ੍ਰੈਸ਼ਰ ਦੀ ਸਮੱਸਿਆ ਹੋਵੇ। ਇਹ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਉੱਚ ਬਲੱਡ ਪ੍ਰੈਸ਼ਰ ਕਾਰਨ ਕੋਰੋਨਰੀ ਦਿਲ ਦੀ ਬਿਮਾਰੀ ਵਧਣ ਦਾ ਜੋਖਮ ਵਧ ਜਾਂਦਾ ਹੈ।

**6. ਸ਼ਰਾਬ**

**ਮੁੱਖ ਮਕਸਦ :** ਇੱਕ ਹਫ਼ਤੇ ਵਿੱਚ 14 ਯੂਨਿਟ ਤੋਂ ਵੱਧ ਸ਼ਰਾਬ ਨਾ ਪੀਓ, ਇਸ ਵਿੱਚ ਸ਼ਰਾਬ ਨਾ ਪੀਣ ਦੇ ਦਿਨ ਸ਼ਾਮਲ ਹਨ।

ਜੇਕਰ ਤੁਸੀਂ ਲਗਾਤਾਰ ਸਿਫਾਰਸ਼ ਕੀਤੀ ਮਾਤਰਾ ਨਾਲੋਂ ਜ਼ਿਆਦਾ ਸ਼ਰਾਬ ਦਾ ਸੇਵਨ ਕਰਦੇ ਹੋ ਤਾਂ ਕਈ ਬਿਮਾਰੀਆਂ ਹੋਣ ਦਾ ਜੋਖਮ ਵੱਧ ਜਾਂਦਾ ਹੈ, ਜਿਵੇਂ ਬਲੱਡ ਪ੍ਰੈਸ਼ਰ ਅਤੇ ਕੁੱਝ ਖਾਸ ਕਿਸਮ ਦੇ ਕੈਂਸਰ। ਡਾਇਬੀਟੀਜ਼ ਹੋਣ ਦਾ ਇਹ ਮਤਲਬ ਨਹੀਂ ਹੈ ਕਿ ਤੁਹਾਨੂੰ ਸ਼ਰਾਬ ਤੋਂ ਪਰਹੇਜ਼ ਕਰਨਾ ਹੈ। ਅਸਲ ਵਿੱਚ, ਉਚਿਤ ਮਾਤਰਾ ਵਿੱਚ ਸ਼ਰਾਬ ਪੀਣ ਦੇ ਸਰਕਾਰੀ ਦਿਸ਼ਾ-ਨਿਰਦੇਸ਼ ਸਮਾਨ ਹਨ, ਭਾਵੇਂ ਤੁਹਾਨੂੰ ਡਾਇਬੀਟੀਜ਼ ਹੈ ਜਾਂ ਨਹੀਂ।

**7. ਓਮੇਗਾ 3 ਫ਼ੈਟੀ ਐਸਿਡ**

ਹਰ ਹਫ਼ਤੇ ਤੇਲ ਯੁਕਤ ਮੱਛੀ ਦੇ 2 ਹਿੱਸੇ ਲੈਣ ਦਾ ਟੀਚਾ ਬਣਾਓ।

ਓਮੇਗਾ 3 ਫੈਟ ਜ਼ਰੂਰੀ ਫੈਟੀ ਐਸਿਡ ਹਨ ਜੋ ਸਰੀਰ ਦੁਆਰਾ ਉਚਿਤ ਮਾਤਰਾ ਵਿੱਚ ਨਹੀਂ ਬਣਾਏ ਜਾ ਸਕਦੇ ਹਨ। ਉਹ ਬਲੱਡ ਟ੍ਰਾਈਗਲੀਸੀਰਾਈਡਸ (ਖੂਨ ਵਿੱਚ ਪਾਈ ਜਾਂਦੀ ਚਰਬੀ ਦੀ ਕਿਸਮ) ਨੂੰ ਘੱਟ ਕਰ ਸਕਦੇ ਹਨ ਅਤੇ ਦਿਲ ਦੀ ਬਿਮਾਰੀ ਤੋਂ ਰੱਖਿਆ ਵਿੱਚ ਮਦਦ ਕਰਦੇ ਹਨ।

**8. ਚਰਬੀ**

**ਮੁੱਖ ਗੱਲ :** ਚਰਬੀ ਦੇ ਸੇਵਨ ਦੀ ਕੁੱਲ ਮਾਤਰਾ ਨੂੰ ਘਟਾਉਣ ਦਾ ਟੀਚਾ ਬਣਾਓ,ਸੰਤ੍ਰਿਪਤ ਚਰਬੀ ਨੂੰ ਅਸੰਤ੍ਰਿਪਤ ਸਮਾਨ ਚੀਜ਼ਾਂ ਦੇ ਨਾਲ ਬਦਲੋ।

ਸਿਹਤਮੰਦ ਵਜ਼ਨ ਪਾਉਣ ਲਈ ਜਾਂ ਇਸਨੂੰ ਬਰਕਰਾਰ ਰੱਖਣ ਲਈ, ਚਰਬੀ ਦਾ ਕੁੱਲ ਸੇਵਨ ਘੱਟ ਕਰਨਾ ਜ਼ਰੂਰੀ ਹੈ। ਸੰਤ੍ਰਿਪਤ ਚਰਬੀ ਨੂੰ ਸਾਧਾਰਣ ਮਾਤਰਾਵਾਂ ਦੇ ਮੋਨੋਸੈਚੁਰੇਟਡ (ਜੈਤੂਨ ਅਤੇ ਰੇਪਸੀਡ ਤੇਲ ਅਤੇ ਸਪ੍ਰੈਡਸ) ਅਤੇ ਪੌਲੀਅਨਸੈਚੁਰੇਟਡ ਫੈਟ (ਸੋਇਆ, ਸੂਰਜਮੁਖੀ

ਅਤੇ ਮੱਕੀ ਦੇ ਤੇਲ ਅਤੇ ਸਪ੍ਰੈਡਸ, ਨਟ, ਬੀਜ, ਤੇਲਯੁਕਤ ਮੱਛੀ) ਦੇ ਨਾਲ ਦਿਲ ਦੀ ਸਿਹਤ 'ਤੇ ਫਾਇਦੇਵੰਦ ਅਸਰ ਹੋ ਸਕਦਾ ਹੈ। ਵਜ਼ਨ ਘਟਾਉਣ ਵਿੱਚ ਮਦਦ ਕਰਨ ਲਈ ਯਾਦ ਰੱਖੋ, ਚਰਬੀ ਦੀ ਮਾਤਰਾ ਨੂੰ ਘੱਟ ਕਰਨਾ ਜ਼ਰੂਰੀ ਹੈ।

**9. ਭਾਗ ਦੀ ਮਾਤਰਾ**

**ਮੁੱਖ ਉਦੇਸ਼:** ਜੇਕਰ ਤੁਸੀਂ ਵਜ਼ਨ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਤੁਹਾਨੂੰ ਆਪਣੇ ਹਿੱਸਿਆਂ ਨੂੰ ਘਟਾਉਣ ਦੀ ਲੋੜ ਹੋ ਸਕਦੀ ਹੈ, ਵੱਖ-ਵੱਖ ਭੋਜਨ ਸਮੂਹਾਂ ਦੇ ਵਿਚਕਾਰ ਇੱਕ ਵਧੀਆ ਸਮੁੱਚਾ ਸੰਤੁਲਨ ਹਾਸਲ ਕਰਨਾ ਚਾਹੀਦਾ ਹੈ।

ਹਰ ਤਿੰਨ ਬਾਲਗਾਂ ਵਿੱਚੋਂ ਤਕਰੀਬਨ ਦੋ ਦਾ ਵਜ਼ਨ ਵੱਧ ਹੈ ਜਾਂ ਉਹ ਮੋਟੇ ਹਨ। ਡਾਇਬੀਟੀਜ਼ ਦੇ ਮਰੀਜ਼ਾਂ ਲਈ, ਭਾਰ ਵਧਣ ਨਾਲ ਇਨਸੁਲਿਨ ਪ੍ਰਤੀਰੋਧ ਵਧਦਾ ਦਿਖਾਈ ਦਿੰਦਾ ਹੈ (ਜਿਸਦਾ ਮਤਲਬ ਹੈ ਕਿ ਤੁਹਾਡਾ ਸਰੀਰ ਇਨਸੁਲਿਨ ਦੀ ਵਰਤੋਂ ਨਹੀਂ ਕਰ ਸਕਦਾ ਹੈ ਜਿਵੇਂ ਇਸ ਨੂੰ ਕਰਨੀ ਚਾਹੀਦੀ ਹੈ)। ਇਹ ਗਲੀਸੇਮਿਕ (ਖੂਨ ਦਾ ਗੁਲੂਕੋਜ਼) ਨੂੰ ਨਿਯੰਤਰਿਤ ਕਰਨ ਅਤੇ ਡਾਇਬੀਟੀਜ਼ ਦੇ ਵਧਣ ਦੇ ਖਤਰੇ ਨੂੰ ਵਧਾਉਂਦਾ ਦਿਖਾਇਆ ਗਿਆ ਹੈ।

**10. ਡਾਇਬੇਟਿਕ ਉਤਪਾਦ**

ਡਾਇਬੇਟਿਕ ਉਤਪਾਦਾਂ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ ਹੈ।

ਇਹਨਾਂ ਭੋਜਨਾਂ ਦਾ ਕੋਈ ਫਾਇਦਾ ਨਹੀਂ ਹੁੰਦਾ ਹੈ, ਕੈਲੋਰੀ ਅਤੇ ਚਰਬੀ ਵਿੱਚ ਉੱਚ ਹੋ ਸਕਦੇ ਹਨ, ਇਹ ਮਹਿੰਗੇ ਹੁੰਦੇ ਹਨ, ਇਨ੍ਹਾਂ ਦਾ ਲੈਕਸੇਟਿਵ ਪ੍ਰਭਾਵ ਹੁੰਦਾ ਹੈ ਅਤੇ ਅਜੇ ਵੀ ਬਲੱਡ ਗਲੂਕੋਜ਼ ਦੇ ਪੱਧਰ ਨੂੰ ਪ੍ਰਭਾਵਿਤ ਕਰ ਸਕਦੇ ਹਨ।

**ਨਿਮਨਲਿਖਤ ਵਸਤਾਂ ਦੀ ਧਿਆਨ ਨਾਲ ਵਰਤੋਂ ਕਰੋ:**

ਕਾਰਬੋਹਾਈਡਰੇਟਸ

ਚਰਬੀ

ਫਲ ਅਤੇ ਸਬਜ਼ੀਆਂ

ਫਾਈਬਰ ਅਤੇ ਹੋਲਗ੍ਰੇਨ

ਮੀਟ, ਮੱਛੀ ਅਤੇ ਦਾਲਾਂ

ਡੇਅਰੀ ਉਤਪਾਦ

**ਕਸਰਤ ਦਾ ਰੋਲ :**

ਜੀਵਨ-ਸ਼ੈਲੀ ਨੂੰ ਬਦਲਣ ਦਾ ਇੱਕ ਅਹਿਮ ਹਿੱਸਾ ਕਸਰਤ ਵੀ ਹੈ। ਬਾਲਗਾਂ ਨੂੰ ਤੰਦਰੁਸਤ ਰਹਿਣ ਲਈ ਘੱਟੋ ਘੱਟ 150 ਮਿੰਟ ਹਰ ਹਫ਼ਤੇ ਦਰਮਿਆਨੀ ਐਰੋਬਿਕ ਕਸਰਤ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ (ਜਿਵੇਂ ਕਿ ਸਾਈਕਲਿੰਗ ਜਾਂ ਤੇਜ਼ੀ ਨਾਲ ਚੱਲਣਾ) ਅਤੇ ਤਾਕਤ ਦੀ ਕਸਰਤ ਜੋ ਹਫ਼ਤੇ ਵਿਚ ਘੱਟ ਤੋਂ ਘੱਟ ਦੋ ਵਾਰ ਮੁੱਖ ਮਾਸਪੇਸ਼ੀਆਂ ਦੇ ਗਰੁੱਪਾਂ ਵਿਚ ਕੰਮ ਕਰਦੀ ਹੈ। -0-

**ਸਾਡੀ ਖੇਤੀ**

# ਪੰਜਾਬ ਵਿੱਚ ਰਾਜਮਾਂਹ ਦੀ ਖੇਤੀ ਨੇ ਲਿਆਂਦੀ ਨਵੀਂ ਕ੍ਰਾਂਤੀ

**-ਗੁਰਦੀਪ ਸਿੰਘ ਨਾਗੀ 98880-82800**

ਬਿਨਾ ਸ਼ੱਕ ਪੰਜਾਬ, ਖੇਤੀ ਪ੍ਰਧਾਨ ਸੂਬਾ ਹੈ ਅਤੇ ਸੱਪਾ ਦੀਆ ਸਿਰੀਆ ਮਿੱਧ ਕੇ 12 ਮਹੀਨੇ ਹੱਡ ਭੰਨਵੀਂ ਮਿਹਨਤ ਕਰਨ ਵਾਲੇ ਪੰਜਾਬ ਦੇ ਕਿਸਾਨਾ ਵੱਲੋਂ ਦੇਸ਼ ਦੇ ਅੰਨ-ਭੰਡਾਰ ਵਿਚ ਵੀ ਸਭ ਤੋਂ ਵੱਡਾ ਯੋਗਦਾਨ ਪਾਇਆ ਜਾਦਾ ਹੈ, ਪਰ ਕਦੇ ਸਮੇਂ-ਸਮੇਂ ਦੀਆ ਸਰਕਾਰਾ ਦੀ ਬੇਰੁਖੀ ਤੇ ਕਦੇ ਕੁਦਰਤੀ ਕਰੋਪੀ ਦੀ ਮਾਰ ਖਾਣ ਤੋਂ ਬਾਅਦ ਵੀ ਹਿੰਮਤ ਨਾ ਹਾਰਨ ਵਾਲੇ ਕਿਸਾਨ ਨੇ ਸੂਬੇ ਦੇ ਲੋਕਾ ਨੂੰ ਨਿਰਾਸ਼ ਨਹੀਂ ਹੋਣ ਦਿੱਤਾ ਅਤੇ ਅਨੇਕਾ ਚਣੌਤੀਆ ਬਾਵਜੂਦ ਮਿੱਟੀ ਨੂੰ ਸੋਨਾ ਬਣਾਉਣ ਦਾ ਯਤਨ ਜਾਰੀ ਰੱਖਿਆ, ਅਜਿਹੀ ਹੀ ਮਿਸਾਲ ਕਾਇਮ ਕੀਤੀ ਹੈ, ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮਾਨਾਵਾਲਾ ਤੋਂ ਉੱਘੇ ਤੇ ਅਗਾਹਵਧੂ ਜ਼ਿਮੀਂਦਾਰ ਸ: ਸੁਰਿੰਦਰ ਸਿੰਘ ਰੰਧਾਵਾ ਨੇ, ਜਿਨ੍ਹਾ ਨੇ ਆਪਣੇ ਭਰਾਵਾ ਸਮੇਤ ਸਮੁੱਚੇ ਪਰਿਵਾਰ ਦੇ ਸਹਿਯੋਗ ਨਾਲ ਪੰਜਾਬ 'ਚ ਪਹਿਲਾ ਕਦੇ ਨਾ ਹੋਣ ਸਕਣ ਵਾਲੀ 'ਰਾਜਮਾਹ' ਦੀ ਫ਼ਸਲ ਦੀ ਕਾਸ਼ਤ ਕਰਕੇ ਜਿਥੇ ਖੇਤੀਬਾੜੀ ਧੰਦੇ 'ਚ ਨਵੀਂ ਕ੍ਰਾਤੀ ਲਿਆਦੀ ਹੈ ਉਥੇ ਕਿਸਾਨਾ ਨੂੰ ਫ਼ਸਲੀ ਵਿਭਿੰਨਤਾ ਦੇ ਰਾਹ ਤੋਰ ਕੇ ਚੰਗਾ ਮੁਨਾਫਾ ਕਮਾਉਣ ਵੱਲ ਉਤਸ਼ਾਹਿਤ ਕਰਨ ਵਾਲਾ ਲਾਮਿਸਾਲ ਉਪਰਾਲਾ ਕੀਤਾ ਹੈ। ਜ਼ਿਲ੍ਹਾ ਅੰਮ੍ਰਿਤਸਰ ਦੇ ਕਿਸਾਨ ਸ: ਸੁਰਿੰਦਰ ਸਿੰਘ ਰੰਧਾਵਾ ਨੇ ਖੇਤੀਬਾੜੀ ਵਿਭਾਗ ਅੰਮ੍ਰਿਤਸਰ ਦੇ ਮੁੱਖ ਖੇਤੀਬਾੜੀ ਅਫਸਰ ਡਾ: ਬਲਵਿੰਦਰ ਸਿੰਘ ਛੀਨਾ ਦੇ ਸਹਿਯੋਗ ਨਾਲ ਪਿਛਲੇ 2 ਸਾਲਾ ਦੇ ਤਜਰਬੇ ਤੋਂ ਬਾਅਦ ਰਾਜਮਾਹ ਦੀ ਖੇਤੀ ਨੂੰ ਕਾਮਯਾਬ ਕਰਕੇ ਪੰਜਾਬ ਦੇ ਮੋਢੀ ਕਿਸਾਨ ਹੋਣ ਦਾ ਸਿਹਰਾ ਆਪਣੇ ਸਿਰ ਬੰਨ੍ਹ ਲਿਆ ਹੈ। ਸਾਲ 2013 'ਚ ਸ: ਰੰਧਾਵਾ ਮੁੱਠੀ ਭਰ ਦਾਣਿਆ ਦੇ ਬੀਜ (ਰਾਜਮਾਹ) ਨਾਲ ਸ਼ੁਰੂਆਤ ਕਰਕੇ ਸਾਲ 2014 'ਚ 8 ਏਕੜ ਵਿਚ ਅਤੇ ਸਾਲ 2015 'ਚ 35 ਏਕੜ ਜ਼ਮੀਨ ਵਿਚ ਰਾਜਮਾਹ ਦੀ ਸਫਲ ਖੇਤੀ ਕਰਕੇ ਪੰਜਾਬ ਦੇ ਕਿਸਾਨਾ ਲਈ ਪ੍ਰੇਰਨਾ ਸਰੋਤ ਬਣੇ ਹਨ। ਆਲੂਆ ਦੀ ਫ਼ਸਲ ਪ੍ਰਾਪਤ ਕਰਨ ਤੋਂ ਬਾਅਦ ਪਛੇਤੀ ਕਣਕ ਦੀ ਥਾ ਰਾਜਮਾਹ ਦੀ ਕਾਸ਼ਤ ਕਰਨ ਨਾਲ 2 ਗੁਣਾ ਵੱਧ ਮੁਨਾਫਾ ਹਾਸਲ ਕਰਨ ਵਾਲੇ ਉੱਦਮੀ ਕਿਸਾਨ ਸ: ਸੁਰਿੰਦਰ ਸਿੰਘ ਰੰਧਾਵਾ ਨੇ ਪਛੇਤੀ ਕਣਕ ਬੀਜਣ ਦੀ ਥਾ ਰਾਜਮਾਹ ਦੀ ਖੇਤੀ ਕਰਨੀ ਕੁਦਰਤ ਦੇ ਅਨੁਕੂਲ ਹੈ ਅਤੇ ਕਿਸਾਨਾ ਲਈ ਲਾਹੇਵੰਦੀ ਹੈ। ਪੰਜਾਬ 'ਚ ਰਾਜਮਾਹ ਦੀ ਸਫਲ ਖੇਤੀ ਦੇ ਕਿੱਤੇ 'ਚ ਇਕ ਸ਼ਾਨਾਮੱਤੀ ਖੋਜ ਦੇ ਬਰਾਬਰ ਹੈ, ਕਿਉਂਕਿ ਪੰਜਾਬ ਵਿਚ ਅਜੇ ਤੱਕ ਰਾਜਮਾਹ ਦੀ ਖੇਤੀ ਕਦੇ ਨਹੀਂ ਹੋਈ ਸੀ ਅਤੇ ਮੁੱਢ ਕਦੀਮ ਤੋਂ ਰਾਜਮਾਹ ਜੰਮੂ, ਮਹਾਰਾਸ਼ਟਰ ਅਤੇ ਹੋਰਨਾ ਸੂਬਿਆਂ ਤੋਂ ਹੀ ਮੰਗਵਾਇਆ ਜਾਦਾ ਰਿਹਾ ਅਤੇ ਦੇਸ਼ 'ਚ ਰਾਜਮਾਹ ਦੀ ਮੰਗ ਪੂਰੀ ਕਰਨ ਲਈ ਚੀਨ ਤੋਂ ਵੀ ਰਾਜਮਾਹ ਵੱਡੀ ਮਾਤਰਾ ਵਿਚ ਮੰਗਵਾਇਆ ਜਾਦਾ ਹੈ ਪਰ ਹੁਣ ਸਿਫਤੀ ਦੇ ਘਰ ਅੰਮ੍ਰਿਤਸਰ ਦੀ ਧਰਤੀ 'ਤੇ ਰਾਜਮਾਹ ਦੀ ਕਾਸ਼ਤ ਹੋਣ ਨਾਲ ਜਿਥੇ 12 ਮਹੀਨੇ ਹਰ ਸਮਾਗਮ 'ਚ ਪਰੋਸੇ ਜਾਣ ਵਾਲੇ ਰਾਜਮਾਹ ਦੀ ਮੰਗ ਪੰਜਾਬ 'ਚ ਪੂਰੀ ਹੋਵੇਗੀ ਉਥੇ ਕਿਸਾਨਾ ਦੀ ਆਮਦਨ ਵਿਚ ਵੀ ਚੌਖਾ ਵਾਧਾ ਹੋਵੇਗਾ। ਕਿਸਾਨ ਸੁਰਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਰਾਜਮਾਹ ਦੀ ਖੇਤੀ 'ਤੇ ਤਕਰੀਬਨ 13 ਹਜ਼ਾਰ ਰੁਪਏ ਪ੍ਰਤੀ ਏਕੜ ਖਰਚ ਆਉਂਦਾ ਹੈ ਤੇ ਕਰੀਬ 60 ਹਜ਼ਾਰ ਰੁਪਏ ਪ੍ਰਤੀ ਏਕੜ ਮੁਨਾਫਾ ਪ੍ਰਾਪਤ ਹੋਇਆ ਹੈ। ਰਾਜਮਾਹ ਦੀ ਫ਼ਸਲ ਦੀ ਬਿਜਾਈ ਜਨਵਰੀ ਦੇ ਅਖੀਰਲੇ ਹਫਤੇ ਤੋਂ ਲੈ ਕੇ ਫਰਵਰੀ ਦੇ ਅੱਧ ਤੱਕ ਕੀਤੀ ਜਾ ਸਕਦੀ ਹੈ। ਬਿਜਾਈ ਤੋਂ ਪਹਿਲਾ ਖੇਤ ਦੀ ਚੰਗੀ ਤਿਆਰੀ ਤੋਂ ਬਾਅਦ ਆਲੂ ਪਲਾਟਰ ਨਾਲ ਖੇਲਾ ਕੱਢਣ ਉਪਰੰਤ 20 ਤੋਂ 25 ਕਿੱਲੋ ਪ੍ਰਤੀ ਏਕੜ ਬੀਜ ਸੋਧ ਕੇ ਹੱਥੀਂ ਬਿਜਾਈ ਕੀਤੀ ਜਾ ਸਕਦੀ ਹੈ ਅਤੇ 80 ਤੋਂ 90 ਦਿਨ ਦੇ ਬਹੁਤ ਥੋੜ੍ਹੇ ਸਮੇਂ ਵਿਚ ਰਾਜਮਾਹ ਦੀ ਫ਼ਸਲ ਤਿਆਰ ਹੋ ਜਾਦੀ ਹੈ। ਗੰਨੇ ਦੀ ਫ਼ਸਲ ਦੀ ਕਾਸ਼ਤ ਕਰਨ ਵਾਲੇ ਕਿਸਾਨ ਵੀ ਗੰਨੇ ਵਿਚ ਰਾਜਮਾਹ ਦੀ ਫ਼ਸਲ ਦੀ ਕਾਸ਼ਤ ਵੀ ਕਰ ਸਕਦੇ ਹਨ। ਇਸ ਸਬੰਧੀ ਅੰਮ੍ਰਿਤਸਰ ਦੇ ਮੁੱਖ ਖੇਤੀਬਾੜੀ ਅਫਸਰ ਡਾ: ਬਲਵਿੰਦਰ ਸਿੰਘ ਛੀਨਾ ਨੇ ਕਿਹਾ ਕਿ ਭਾਵੇਂ ਵਿਭਾਗ ਵੱਲੋਂ ਇਸ ਫ਼ਸਲ ਦੀ ਬਿਜਾਈ ਲਈ ਕਿਸੇ ਤਰ੍ਹਾ ਦੀ ਸਿਫਾਰਸ਼ ਨਹੀ ਕੀਤੀ ਗਈ ਸੀ ਪਰ ਅੰਮ੍ਰਿਤਸਰ ਵਿਖੇ ਰਾਜਮਾਹ ਦੀ ਖੇਤੀ 'ਚ ਸਫਲਤਾ ਮਿਲਣ ਤੋਂ ਬਾਅਦ ਹੁਣ ਖੇਤੀਬਾੜੀ ਵਿਭਾਗ ਤੇ ਖੇਤੀਬਾੜੀ ਯੂਨੀਵਰਸਿਟੀ ਨੂੰ ਇਸ ਖੋਜ ਤੋਂ ਜਾਣੂ ਕਰਵਾਇਆ ਜਾਵੇਗਾ, ਤਾ ਜੋ ਹਰੇਕ ਕਿਸਾਨ ਨੂੰ ਰਾਜਮਾਹ ਦੀ ਫ਼ਸਲ ਲਈ ਉਤਸ਼ਾਹਿਤ ਕੀਤਾ ਜਾ ਸਕੇ। ਕਿਸਾਨ ਸੁਰਿੰਦਰ ਸਿੰਘ ਰੰਧਾਵਾ ਮਾਨਾਵਾਲਾ ਨੇ ਦੱਸਿਆ ਕਿ ਉਹ ਪੰਜ ਭਰਾ ਹਨ ਤੇ ਉਨਾ ਕੋਲ 130 ਏਕੜ ਜ਼ਮੀਨ ਹੈ, ਜਿਸ ਵਿਚ ਉਹ ਵੱਖ-ਵੱਖ ਫ਼ਸਲਾ ਤੇ ਸਬਜ਼ੀਆ ਦੀ ਕਾਸ਼ਤ ਕਰਦੇ ਹਨ ਪਰ ਸਾਲ 2016 ਵਿਚ ਉਨ੍ਹਾ ਪਿਛਲੇ ਸਾਲ ਨਾਲੋਂ ਦੁੱਗਣੀ ਕਰੀਬ 70 ਏਕੜ 'ਚ ਰਾਜਮਾਹ ਦੀ ਕਾਸ਼ਤ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾ ਸਰਕਾਰਾਂ ਦੀ ਕਿਸਾਨਾਂ ਪ੍ਰਤੀ ਬੇਰੁਖੀ ਤੋਂ ਚਿੰਤਾ ਜਾਹਿਰ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਕਿਸਾਨਾਂ ਦੀ ਬਾਂਹ ਫੜੇ ਤਾਂ ਕਿਸਾਨ ਖੁਦਕੁਸ਼ੀਆਂ ਕਰਨ ਦੇ ਰਾਹ ਨਹੀਂ ਪਵੇਗਾ।

-0-

# ਕਿੰਨੂ ਦੇ ਫਲਾਂ ਦੀ ਢੁਆਈ, ਭੰਡਾਰਨ ਅਤੇ ਮੰਡੀਕਰਨ

**ਮਨਦੀਪ ਸਿੰਘ ਅਤੇ ਗੁਰਉਪਕਾਰ ਸਿੰਘ (ਲੇਖਕ ਫਲ ਵਿਗਿਆਨ ਵਿਭਾਗ, ਪੀਏਯੂ, ਲੁਧਿਆਣਾ)**

ਕਿੰਨੂ ਪੰਜਾਬ ਦਾ ਪ੍ਰਮੁੱਖ ਫਲ ਹੈ। ਕਿੰਨੂਆਂ ਦੀ ਕਾਸ਼ਤ ਕੁੱਲ ਰਕਬੇ ਦੇ ਤਕਰੀਬਨ 60 ਫ਼ੀਸਦੀ 'ਤੇ ਕੀਤੀ ਜਾਂਦੀ ਹੈ। ਇਸ ਦੇ ਹੇਠ ਤਕਰੀਬਨ ਸੰਤਾਲੀ ਹਜ਼ਾਰ ਹੈਕਟੇਅਰ ਰਕਬਾ ਹੈ ਜਿਸ ਵਿੱਚੋਂ ਦਸ ਲੱਖ ਮੀਟਰਿਕ ਟਨ ਉਤਪਾਦਨ ਹੁੰਦਾ ਹੈ। ਫ਼ਸਲੀ ਵਿਭਿੰਨਤਾ ਵਿੱਚ ਕਿੰਨੂ ਦੀ ਕਾਫ਼ੀ ਮਹੱਤਤਾ ਹੈ ਕਿਉਂਕਿ ਇਸ ਨੂੰ ਦਿਲਖਿਚਵਾਂ ਰੰਗ ਅਤੇ ਜੂਸ ਦੀ ਚੰਗੀ ਮਾਤਰਾ ਹੋਣ ਕਰਕੇ ਦੂਰ-ਦੁਰਾਡੇ ਦੀਆਂ ਮੰਡੀਆਂ ਵਿੱਚ ਵੇਚਿਆ ਜਾਂਦਾ ਹੈ। ਪੰਜਾਬ ਤੋਂ ਇਲਾਵਾ ਕਿੰਨੂ ਦੀ ਦਿੱਲੀ, ਬੰਗਲੌਰ, ਚੇਨੱਈ, ਹੈਦਰਾਬਾਦ ਅਤੇ ਬਰਮਾ, ਭੂਟਾਨ, ਸ੍ਰੀਲੰਕਾ, ਥਾਈਲੈਂਡ ਅਤੇ ਹਾਂਗਕੌਂਗ ਵਰਗੇ ਦੇਸ਼ਾਂ ਵਿੱਚ ਵੀ ਇਸ ਦੀ ਕਾਫ਼ੀ ਮੰਗ ਹੈ।

ਕਿੰਨੂ ਦੇ ਫਲਾਂ ਨੂੰ ਉਸ ਸਮੇਂ ਤੋੜਿਆ ਜਾਂਦਾ ਹੈ ਜਦੋਂ ਇਸ ਦਾ ਪੂਰਾ ਆਕਾਰ, ਛਿਲਕੇ ਦਾ ਰੰਗ ਅਤੇ ਅੰਦਰੂਨੀ ਭਾਗ ਦੀ ਗੁਣਵਤਾ ਬਣ ਜਾਵੇ। ਕਿੰਨੂ ਦੇ ਫਲਾਂ ਨੂੰ ਤੋੜਨ ਸਮੇਂ ਮਿਠਾਸ ਅਤੇ ਖਟਾਸ ਦਾ ਮਾਦਾ 12:1 ਤੋਂ ਲੈ ਕੇ 14:1 ਤਕ ਹੋਵੇ। ਇਹ ਸਥਿਤੀ ਸਿਰਫ਼ ਅੱਧ ਜਨਵਰੀ ਤੋਂ ਅੱਧ ਫਰਵਰੀ ਦੇ ਸਮੇਂ ਦੌਰਾਨ ਹੀ ਆਉਂਦੀ ਹੈ। ਇਸ ਦੀ ਤੁੜਾਈ ਅਤੇ ਇਸ ਤੋਂ ਬਾਅਦ ਦੀ ਸਾਂਭ-ਸੰਭਾਲ ਸਮੇਂ ਪੂਰਾ ਧਿਆਨ ਰੱਖਣ ਦੀ ਜ਼ਰੂਰਤ ਪੈਂਦੀ ਹੈ ਕਿਉਂਕਿ ਇਸ ਨੂੰ ਪੂਰਾ ਪੱਕਣ ਤੋਂ ਬਾਅਦ ਹੀ ਤੋੜਿਆ ਜਾਂਦਾ ਹੈ। ਇਸ ਦਾ ਮਿਆਰ ਬਣਾਈ ਰੱਖਣ ਲਈ ਫਲ ਦੀ ਤੁੜਾਈ ਹਰਾ ਬਟਨ ਰੱਖ ਕੇ ਕਲਿੱਪਿਰ ਨਾਲ ਕਰਨੀ ਚਾਹੀਦੀ ਹੈ। ਫਲਾਂ ਨੂੰ ਕਦੇ ਵੀ ਹੱਥ ਨਾਲ ਖਿੱਚ ਕੇ ਨਹੀਂ ਤੋੜਨਾ ਚਾਹੀਦਾ। ਅਜਿਹਾ ਕਰਨ ਨਾਲ ਫਲ ਦਾ ਡੰਡੀ ਵਾਲੇ ਸਿਰੇ ਤੋਂ ਛਿਲਕਾ ਫੱਟ ਜਾਂਦਾ ਹੈ।

ਤੁੜਾਈ ਸਵੇਰ ਵੇਲੇ ਹੀ ਕਰਨੀ ਚਾਹੀਦੀ ਹੈ ਪਰ ਧਿਆਨ ਰੱਖੋ ਕਿ ਫਲਾਂ ਉੱਤੇ ਤਰੇਲ ਨਾ ਪਈ ਹੋਵੇ ਅਤੇ ਮੌਸਮ ਵਿੱਚ ਸਿੱਲ੍ਹਾਪਣ ਨਾ ਹੋਵੇ। ਤੁੜਾਈ ਉਪਰੰਤ ਫਲਾਂ ਨੂੰ ਸਾਫ਼ ਪਾਣੀ ਨਾਲ ਧੋ ਕੇ ਸਾਫ਼ ਕਰੋ ਅਤੇ ਛਾਵੇਂ ਰੱਖੋ।

ਕਿੰਨੂ ਦੀ ਦਰਜਾਬੰਦੀ ਆਕਾਰ ਮੁਤਾਬਿਕ ਕਰਨੀ ਚਾਹੀਦੀ ਹੈ ਤਾਂ ਜੋ ਮੰਡੀ ਵਿੱਚ ਚੰਗਾ ਮੁੱਲ ਮਿਲ ਸਕੇ। ਪੀਏਯੂ ਨੇ ਹੇਠ ਲਿਖੇ ਅਨੁਸਾਰ ਕਿੰਨੂ ਦੀ ਦਰਜਾਬੰਦੀ ਕੀਤੀ ਹੈ।

ਤੁੜਾਈ ਉਪਰੰਤ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਲਈ ਕਿੰਨੂ ਦੇ ਫਲਾਂ ਨੂੰ ਬੈਨਲੇਟ ਦੇ 125 ਮਿਲੀਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਘੋਲ ਵਿੱਚ ਇੱਕ ਮਿੰਟ ਲਈ ਡੋਬਣ ਤੋਂ ਬਾਅਦ ਸੁਕਾ ਲੈਣਾ ਚਾਹੀਦਾ ਹੈ। ਇਸ ਉਪਰੰਤ ਪੌਲੀਥੀਨ ਦੇ 100 ਗੇਜ ਦੇ ਲਿਫ਼ਾਫ਼ਿਆਂ ਵਿੱਚ ਫਲ ਨੂੰ ਪਾਉਣਾ ਚਾਹੀਦਾ ਹੈ। ਅੱਜ-ਕੱਲ੍ਹ ਕਿੰਨੂ ਦੇ ਫਲਾਂ ਉੱਪਰ ਮੋਮ ਚੜ੍ਹਾਈ ਜਾਂਦੀ ਹੈ ਤਾਂ ਜੋ ਕਿ ਵਧੀਆ ਦਿੱਖ ਅਤੇ ਤੁੜਾਈ ਉਪਰੰਤ ਜ਼ਿਆਦਾ ਸਮੇਂ ਲਈ ਫਲ ਨੂੰ ਰੱਖਿਆ ਜਾ ਸਕੇ। ਤੁੜਾਈ ਉਪਰੰਤ ਫਲਾਂ ਦੀ ਛਾਂਟੀ ਅਤੇ ਦਰਜਾਬੰਦੀ ਸਮੇਂ ਫਲਾਂ ਉੱਪਰ ਲੱਗੀ ਹੋਈ ਮੋਮ ਦੀ ਕੁਦਰਤੀ ਤਹਿ ਉੱਤਰ ਜਾਂਦੀ ਹੈ, ਜਿਸ ਨਾਲ ਫਲ ਦਾ ਭਾਰ ਤੇਜ਼ੀ ਨਾਲ ਘੱਟ ਜਾਂਦਾ ਹੈ। ਮੋਮ ਫਲਾਂ ਵਿੱਚ ਪਾਣੀ ਦੀ ਮਾਤਰਾ ਨੂੰ ਬਣਾਈ ਰੱਖਦੀ ਹੈ, ਜੋ ਕਿ ਢੋ-



ਢੁਆਈ ਅਤੇ ਮੰਡੀਕਰਨ ਦੌਰਾਨ ਫਲ ਦੀ ਗੁਣਵੱਤਾ ਬਣਾਈ ਰੱਖਦੀ ਹੈ।


ਪੂਰੇ ਪੱਕੇ ਫਲਾਂ ਨੂੰ 0.01 ਫ਼ੀਸਦੀ ਕਲੋਰੀਨ ਵਾਲੇ ਪਾਣੀ (ਸੋਡੀਅਮ ਹਾਈਪੋਕਲੋਰਾਈਟ 4 ਫ਼ੀਸਦੀ 1.5 ਮਿਲੀਲਿਟਰ ਪ੍ਰਤੀ ਲਿਟਰ ਪਾਣੀ) ਵਿੱਚ ਡੁਬੋ ਕੇ ਛਾਂ ਹੇਠ ਸੁਕਾ ਲਿਆ ਜਾਵੇ। ਇਨ੍ਹਾਂ ਫਲਾਂ ਨੂੰ ਜਾਂ ਤਾਂ ਸਿਟਰਾਸ਼ਾਈਨ ਮੋਮ ਲਗਾਉ ਜਾਂ ਕਾਗ਼ਜ਼ ਦੀਆਂ ਟਰੇਆਂ ਵਿੱਚ ਪਾ ਕੇ ਸ਼ਰਿੰਕ ਫ਼ਿਲਮ (15 ਮਾਈਕਰੋਨ) ਵਿੱਚ ਲਪੇਟਿਆ ਜਾਂਦਾ ਹੈ। ਇਨ੍ਹਾਂ ਤਕਨੀਕਾਂ ਨਾਲ ਦੋ ਹਫ਼ਤਿਆਂ ਤਕ, ਭੰਡਾਰਨ, ਢੋਆ-ਢੁਆਈ ਅਤੇ ਮੰਡੀਕਰਨ ਦੌਰਾਨ ਫਲਾਂ ਦੀ ਦਿੱਖ ਅਤੇ ਗੁਣਵੱਤਾ ਬਰਕਰਾਰ ਰਹਿੰਦੀ ਹੈ।

ਫਲਾਂ ਨੂੰ ਦੂਰ-ਦਰਾਡੇ ਮੰਡੀਆਂ ਵਿੱਚ ਭੇਜਣ ਲਈ ਦਰਜਾਬੰਦੀ ਕਰਨ ਉਪਰੰਤ 10 ਕਿਲੋਗ੍ਰਾਮ ਦੇ 45 ਸੈਂਟੀਮੀਟਰ * 24 ਸੈਂਟੀਮੀਟਰ * 18 ਸੈਂਟੀਮੀਟਰ ਆਕਾਰ ਦੇ ਫਾਈਬਰ ਬੋਰਡ ਦੇ ਜਾਂ ਗੱਤੇ ਦੇ ਡੱਬਿਆਂ ਵਿੱਚ ਪੈਕ ਕਰਨਾ ਚਾਹੀਦਾ ਹੈ। ਫਲਾਂ ਨੂੰ ਇਸ ਤਰ੍ਹਾਂ ਪੈਕ ਕਰੋ ਕਿ ਕਿਸੇ ਵੀ ਤਰ੍ਹਾਂ ਦਾ ਜ਼ਖ਼ਮ ਜਾਂ ਨੁਕਸਾਨ ਨਾ ਹੋਵੇ। ਕਿੰਨੂ ਦੀਆਂ ਦੋ ਪਰਤਾਂ ਦੇ ਵਿਚਕਾਰ ਮੋਰੀਆਂ ਵਾਲਾ ਕਾਗ਼ਜ਼ ਭਰੋ। ਡੱਬੇ ਵਿੱਚ 5 ਫ਼ੀਸਦੀ ਖੇਤਰ ਵਿੱਚ ਹਵਾ ਦੇ ਆਉਣ-ਜਾਣ ਲਈ ਮੋਰੀਆਂ ਹੋਣੀਆਂ ਚਾਹੀਦੀਆਂ ਹਨ। ਤੰਦਰੁਸਤ ਅਤੇ ਸਾਫ਼-ਸੁਥਰੇ ਫਲ ਜਿਹੜੇ ਕਿ ਫਰਵਰੀ ਦੇ ਪਹਿਲੇ ਹਫ਼ਤੇ ਵਿੱਚ ਤੋੜੇ ਗਏ ਹੋਣ ਨੂੰ 10 ਮਾਈਕਰੋਨ ਐੱਚ.ਡੀ.ਪੀ.ਈ. ਦੇ ਲਿਫ਼ਾਫ਼ਿਆਂ ਵਿੱਚ ਬਿਜਲਾਈ ਸੀਲਰ ਜਾਂ ਰਬੜ ਬੈਂਡ ਨਾਲ ਬੰਦ ਕਰਕੇ ਆਮ ਕਮਰੇ ਦੇ ਤਾਪਮਾਨ 'ਤੇ ਅੱਠ ਹਫ਼ਤਿਆਂ ਤਕ ਰੱਖਿਆ ਜਾ ਸਕਦਾ ਹੈ। ਕਿੰਨੂ ਦੇ ਫਲਾਂ ਨੂੰ ਤੋੜਨ ਉਪਰੰਤ ਹਵਾਦਾਰ ਕੋਰੂਗੇਟਡ ਫਾਈਬਰ ਬੋਰਡ ਦੇ ਡੱਬਿਆਂ ਵਿੱਚ ਪਾ ਕੇ ਠੰਢੇ ਸਟੋਰ ਵਿੱਚ 5-6 ਡਿਗਰੀ ਸੈਂਟੀਗਰੇਡ ਅਤੇ 90-95 ਫ਼ੀਸਦੀ ਸਿੱਲ੍ਹ ਵਿੱਚ 45 ਦਿਨਾਂ ਲਈ ਚੰਗੀ ਹਾਲਤ ਵਿੱਚ ਰੱਖਿਆ ਜਾ ਸਕਦਾ ਹੈ। ਠੰਢੇ ਸਟੋਰ ਦਾ ਤਾਪਮਾਨ ਪੰਜ ਡਿਗਰੀ ਸੈਂਟੀਗਰੇਡ ਤੋਂ ਥੱਲੇ ਨਹੀਂ ਆਉਣਾ ਚਾਹੀਦਾ ਕਿਉਂਕਿ ਠੰਢ ਨਾਲ ਫਲਾਂ ਨੂੰ ਨੁਕਸਾਨ ਹੋ ਸਕਦਾ ਹੈ।

ਕਿੰਨੂ ਦਾ ਫਲ ਸਰਦੀ ਦੇ ਮਹੀਨਿਆਂ ਦੌਰਾਨ ਪੱਕਦਾ ਹੈ, ਪਰ ਇਸ ਸਮੇਂ ਠੰਢ ਹੋਣ ਕਾਰਨ ਇਸ ਦੀ ਮੰਗ ਘੱਟ ਜਾਂਦੀ ਹੈ। ਆਕਰਸ਼ਿਤ ਦਿੱਖ ਅਤੇ ਜੂਸ ਦਾ ਮਿਆਰ ਚੰਗਾ ਹੋਣ ਕਾਰਨ ਕਿੰਨੂ ਦੇ ਫਲ ਦੀ ਦੱਖਣੀ ਭਾਰਤ ਦੇ ਸ਼ਹਿਰਾਂ ਵਿੱਚ ਨਾਗਪੁਰੀ ਸੰਗਤਰੇ ਦੇ ਮੁਕਾਬਲੇ ਮੰਗ ਵਧ ਰਹੀ ਹੈ। ਬਾਗ਼ਬਾਨੀ ਵਿਭਾਗ ਅਤੇ ਪੰਜਾਬ ਐਗਰੋ ਜਿਹੀਆਂ ਸੰਸਥਾਵਾਂ ਦੂਰ-ਦੁਰਾਡੇ ਦੀਆਂ ਮੰਡੀਆਂ ਵਿੱਚ ਕਿੰਨੂ ਦੇ ਮੰਡੀਕਰਨ ਨੂੰ ਪ੍ਰਫੁੱਲਿਤ ਕਰ ਰਹੀਆਂ ਹਨ। ਅਗਾਂਹਵਧੂ ਅਤੇ ਛੋਟੇ ਕਿਸਾਨਾਂ ਨੂੰ ਸਰਕਾਰ ਦੁਆਰਾ ਉਪਲਬਧ ਵੈਕਸਿੰਗ, ਦਰਜਾਬੰਦੀ ਦੀਆਂ ਸਹੂਲਤਾਂ ਦਾ ਪੂਰਾ ਲਾਭ ਉਠਾ ਕੇ ਜਾਂ ਆਪਣੇ ਪੱਧਰ 'ਤੇ ਮੰਡੀਕਰਨ ਕਰਕੇ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ।

-0-

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

## ਲਾੜੀ ਦੀ ਲੋੜ

**ਫਾਰਮ ਨੰ. 303**
ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, ਹੋਮਿਉਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

**ਫਾਰਮ ਨੰ. 370:** ਲੁਧਿਆਣਾ ਵਾਸੀ, ਜਨਮ ਮਿਤੀ 10-10-92, ਕੱਦ 5'-4" ਮੈਟ੍ਰਿਕ ਪਾਸ, ਪ੍ਰਾਈਵੇਟ ਜੋਬ 18000/-, ਆਪਣਾ ਮਕਾਨ ਲਈ ਲੜਕੀ ਦੀ ਲੋੜ ਹੈ। ਸੰਪਰਕ: 9988331841, 98884-40967

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

**ਫਾਰਮ ਨੰ. 392:** ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

**ਫਾਰਮ ਨੰ. 393:** ਹਰੀਕੇ (ਤਰਨਤਾਰਨ) ਵਾਸੀ, ਜਨਮ ਮਿਤੀ 28-4-1993, ਕੱਦ 5'-7" ਪੜ੍ਹਾਈ B.A., Art & Craft Diploma 2 years, Self Employee ਗੁਰਸਿੱਖ ਅੰਮ੍ਰਿਤਧਾਰੀ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ।
ਸੰਪਰਕ: 9876738466 -0-

## ਲਾੜੇ ਦੀ ਲੋੜ

**ਫਾਰਮ ਨੰ. 344:** ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 374:** ਪੀਲੀਭੀਤ ਵਾਸੀ, ਅੰਮ੍ਰਿਤਧਾਰੀ, ਜਨਮ ਮਿਤੀ 16-06-1997, M.A., B.ed. ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 94128-69007, 80062-35004

# ਨਵੰਬਰ ਮਹੀਨੇ ਦੀਆਂ ਸਰਗਰਮੀਆਂ

**ਮਾਝਾ:–**

**1. ਮਾਲੂਵਾਲ (98885–20250)–** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਮੰਗਲਵਾਰ ਅਤੇ ਬੁੱਧਵਾਰ ਨੂੰ ਸ਼ਾਮ ਦੇ 4 ਵਜੇ ਤੋਂ 5 ਵਜੇ ਤੱਕ ਪਿੰਡ ਛਿਛਰੇਵਾਲ ਅਤੇ ਸੁਰ ਸਿੰਘ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਇਲਾਕੇ ਵਿੱਚ ਵੱਖ–ਵੱਖ ਥਾਵਾਂ 'ਤੇ ਹੋਏ ਗੁਰਮਤਿ ਸਮਾਗਮਾਂ ਵਿੱਚ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਗਈ।

**2. ਪਰਿੰਗੜੀ (84370–63450)–** ਕੇਂਦਰ ਦੇ ਪ੍ਰਚਾਰਕ ਭਾਈ ਸੁਖਚੈਨ ਸਿੰਘ ਵਲੋਂ ਪਿੰਡ ਪਰਿੰਗੜੀ ਵਿਖੇ ਅਤੇ ਪਿੰਡ ਰੂੜੇ ਆਸਲ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

**ਮਾਲਵਾ:–**

**3. ਗਰੇਸ ਪਬਲਿਕ ਸਕੂਲ (98149–25551)–** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਸਕੂਲ ਵਿੱਚ ਬੱਚਿਆਂ ਨੂੰ ਨੈਤਿਕ ਕਦਰਾਂ- ਕੀਮਤਾਂ ਸਿਖਾਈਆਂ ਜਾਂਦੀਆਂ ਹਨ ਅਤੇ ਸਵੇਰ ਦੀ ਅਸੈਂਬਲੀ ਵਿੱਚ ਬੱਚੇ ਜਪੁਜੀ ਸਾਹਿਬ ਦਾ ਪਾਠ ਕਰਦੇ ਹਨ। ਬੱਚੇ ਸਕੂਲ ਵਿੱਚ ਸਹਿਜ ਪਾਠ ਕਰਦੇ ਹਨ। ਹਰ ਮੁਕਾਬਲਿਆਂ ਦੇ ਲਈ ਬੱਚਿਆਂ ਨੂੰ ਤਿਆਰ ਕੀਤਾ ਜਾਂਦਾ ਹੈ। ਇਸ ਮਹੀਨੇ ਆਏ ਗੁਰਪੁਰਬ ਬੰਦੀ ਛੋੜ ਦਿਵਸ, ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ, ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ, ਬਾਬਾ ਜੁਝਾਰ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਸਵੇਰ ਦੀ ਸਭਾ ਵਿੱਚ ਲੈਕਚਰ ਕੀਤੇ ਗਏ। 8 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ, 58 ਬੱਚੇ ਸਹਿਜ ਪਾਠ ਕਰ ਰਹੇ ਹਨ, 18 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 9 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**4. ਉਮਰੀਆਣਾ (79736–84182)–** ਕੇਂਦਰ ਦੇ ਪ੍ਰਚਾਰਕ ਭਾਈ ਸੁਖਪ੍ਰੀਤ ਸਿੰਘ ਵਲੋਂ ਸਵੇਰੇ ਨਿਤਨੇਮ ਅਤੇ ਹਰ ਰੋਜ਼ ਕਥਾ–ਵੀਚਾਰ ਕੀਤੀ ਜਾਂਦੀ ਹੈ। ਇਥੋਂ ਦੇ ਬਜ਼ੁਰਗਾਂ ਦੇ ਨਾਲ ਵੀ ਗੁਰਮਤਿ ਤੇ ਇਤਿਹਾਸ ਬਾਰੇ ਵਿਚਾਰ ਵਟਾਂਦਰੇ ਕੀਤੇ ਜਾਂਦੇ ਹਨ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**5. ਵਜੀਦ ਕੇ ਖੁਰਦ (75268–46700)–** ਪ੍ਰਚਾਰਕ ਭਾਈ ਲਖਵਿੰਦਰ ਸਿੰਘ ਜੀ ਵਲੋਂ ਪਿੰਡ ਵਿੱਚ ਸਵੇਰ ਦੇ ਨਿਤਨੇਮ ਤੋਂ ਬਾਅਦ ਕਥਾ ਵਿਚਾਰ ਕੀਤੀ ਜਾਂਦੀ ਹੈ। ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਨਾਲ ਨਾਲ ਪਿੰਡ ਦੇ ਕੁਝ ਪਤਵੰਤੇ ਸੱਜਣਾਂ ਵਲੋਂ ਬੱਚਿਆਂ ਦੀ ਸਿਹਤ ਸੰਬੰਧੀ ਖੇਡ ਵੀ ਕਰਵਾਈ ਜਾਂਦੀ ਹੈ। ਸਕੂਲ ਦੇ ਗਰਾਊਂਡ ਵਿੱਚ ਬੱਚੇ ਖੇਡਾਂ ਦੀ ਤਿਆਰੀ ਕਰਦੇ ਹਨ। ਗੁਰੂ ਤੇਗ ਬਹਾਦਰ ਦੀ ਸ਼ਹੀਦੀ ਸਮਾਗਮ 'ਤੇ ਕਥਾ ਵੀਚਾਰ ਕੀਤੀ ਗਈ।

**6. ਲਤਾਲਾ (98556–27927)–** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ ਮਿਡਲ ਸਕੂਲ ਰਾਜਗੜ੍ਹ ਵਿਖੇ ਸਵਾਲ ਜਵਾਬ ਮੁਕਾਬਲੇ ਕਰਵਾਏ ਗਏ, ਸ਼ੇਰੇ ਪੰਜਾਬ ਦੇ ਇਤਿਹਾਸ ਬਾਰੇ ਲੈਕਚਰ ਦੁਆਰਾ ਹਾਜ਼ਰੀ ਭਰੀ ਗਈ। 14 ਨਵੰਬਰ ਨੂੰ ਗੁਰੂ ਨਾਨਕ ਪਬਲਿਕ ਸਕੂਲ ਬੱਸੀਆਂ ਵਿਖੇ ਗੁਰਪੁਰਬ ਸਮਾਗਮ ਕਰਵਾਇਆ ਗਿਆ, ਵਿਦਿਆਰਥੀਆਂ ਵਲੋਂ ਕਵਿਤਾ, ਕਵੀਸ਼ਰੀ ਅਤੇ ਸ਼ਬਦ ਕੀਰਤਨ ਦੁਆਰਾ ਹਾਜ਼ਰੀ ਲਗਵਾਈ ਗਈ, ਹੁਕਮਨਾਮੇ ਦੀ ਵਿਚਾਰ ਦਾਸ ਵਲੋਂ ਕੀਤੀ ਗਈ। 15 ਨਵੰਬਰ ਨੂੰ ਗੁਰਪੁਰਬ ਸਮਾਗਮ ਦੌਰਾਨ ਪਿੰਡ ਕਾਲਖ ਗੁਰਦੁਆਰਾ ਪੱਤੀ ਖਾਸ ਵਿਖੇ ਕਰਵਾਏ ਗਏ, ਲਿਖਤੀ ਮੁਕਾਬਲਿਆਂ 'ਚੋਂ ਪੁਜੀਸ਼ਨਾਂ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ ਅਤੇ ਕੈਸ਼ ਇਨਾਮ ਦਿੱਤੇ ਗਏ। 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਸ਼ਹੀਦੀ ਜੋੜ ਮੇਲੇ ਦੌਰਾਨ ਪਿੰਡ ਸਰਾਭਾ ਵਿਖੇ ਕਿਤਾਬਾਂ ਦੀ ਸਟਾਲ ਲਗਾਈ ਗਈ। 22 ਨਵੰਬਰ ਨੂੰ ਪੰਜਾਬੀ ਭਾਸ਼ਾ ਪ੍ਰਚਾਰ ਸੰਸਥਾ ਕੈਨੇਡਾ ਵਲੋਂ ਰਾਏਕੋਟ ਵਿਖੇ ਸੈਮੀਨਾਰ ਕਰਵਾਇਆ ਗਿਆ, ਇਸ ਸਮਾਗਮ ਦੌਰਾਨ ਸਟੇਜ ਸੈਕਟਰੀ ਦੀ ਸੇਵਾ ਦਾਸ ਵਲੋਂ ਨਿਭਾਈ ਗਈ। ਪਿੰਡ ਫਰਵਾਲੀ ਵਿਖੇ ਹੋਏ ਗੁਰਮਤਿ ਮੁਕਾਬਲਿਆਂ ਵਿੱਚ ਕੇਂਦਰ ਲਤਾਲਾ ਦੇ 24 ਵਿਦਿਆਰਥੀਆਂ ਨੇ ਪੁਜੀਸ਼ਨਾਂ ਹਾਸਿਲ ਕੀਤੀਆਂ। 15 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**7. ਚੁੱਪ ਕੀਤੀ (98777–94586)–** ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 5 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। 10 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 2 ਬੱਚਿਆਂ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤੇ ਹਨ।

**8. ਗੁੱਜਰਵਾਲ (94655–66666)–**ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ 10 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਵਿਦਿਆਰਥੀਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। 3 ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ–ਵੀਚਾਰ ਕੀਤੀ ਗਈ। 2 ਪਿੰਡਾਂ ਵਿੱਚ ਗੁਰਮਤਿ ਕੈਂਪ ਲਗਾਇਆ ਗਿਆ, ਭੈਣ ਕਿਰਨਪ੍ਰੀਤ ਕੌਰ ਨੇ ਵੀ ਹਾਜ਼ਰੀ ਭਰੀ। ਗੁਰੂ ਅਮਰਦਾਸ



ਅਪਾਹਜ ਆਸ਼ਰਮ ਵਿੱਚ ਆਏ ਸੁਧਾਰ ਅਤੇ ਰਾਏਕੋਟ ਦੇ ਸਕੂਲਾਂ ਦੇ ਬੱਚਿਆਂ ਨਾਲ ਲੈਕਚਰ ਦੀ ਹਾਜਰੀ ਭਰੀ ਗਈ। 25 ਬੱਚੇ ਸਹਿਜ ਪਾਠ ਕਰ ਰਹੇ ਹਨ।

**9. ਰਤਨਗੜ੍ਹ ਸਿੰਧੜਾ (95177–54531)–** ਪ੍ਰਚਾਰਕ ਭਾਈ ਲਵਪ੍ਰੀਤ ਸਿੰਘ ਵਲੋਂ 3 ਪਿੰਡਾਂ ਵਿਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਸਿਖਿਆ ਦਿੱਤੀ ਜਾਂਦੀ ਹੈ। ਪਿੰਡ ਮੁਨਸੀਵਾਲਾ ਵਿਖੇ ਹਰ ਰੋਜ਼ ਸ਼ਾਮ ਨੂੰ 4 ਤੋਂ 5 ਵਜੇ ਤੱਕ ਗੁਰਮਤਿ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਕੁਝ ਬੱਚੇ ਸਹਿਜ ਪਾਠ ਅਤੇ ਕੁਝ ਬੱਚੇ ਸੁਖਮਨੀ ਸਾਹਿਬ ਦੀ ਸੰਥਿਆ ਪ੍ਰਾਪਤ ਕਰਦੇ ਹਨ। ਸ਼ਾਮ ਦੇ ਨਿਤਨੇਮ ਦੀ ਸੇਵਾ ਵੀ ਗੁਰਮਤਿ ਕਲਾਸ ਦੇ ਵਿਦਿਆਰਥੀ ਨਿਭਾਉਂਦੇ ਹਨ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**10. ਪਟਿਆਲਾ (87289–34413)–** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨਾਇਤਪੁਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਹਰ ਰੋਜ ਸ਼ਾਮ

ਨੂੰ 4 ਤੋਂ 5 ਵਜੇ ਤੱਕ ਗੁਰਮਤਿ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਹਰ ਰੋਜ ਬੱਚਿਆਂ ਨੂੰ ਗੁਰਬਾਣੀ ਸੰਥਿਆ, ਕੀਰਤਨ ਅਤੇ ਦਸਤਾਰ ਸਿਖਲਾਈ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਹਰ ਰੋਜ਼ ਸ਼ਾਮ ਦੇ ਸਮਾਗਮਾਂ ਵਿੱਚ ਕੇਂਦਰ ਦੇ ਬੱਚਿਆਂ ਵਲੋਂ ਸੇਵਾ ਨਿਭਾਈ ਜਾਂਦੀ ਹੈ। 4 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**11. ਪਟਿਆਲਾ (88378-04927)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਪਿੰਡ ਬੱਲਰਾਂ ਜ਼ਿਲ੍ਹਾ ਸੰਗਰੂਰ ਵਿਖੇ ਹਰ ਰੋਜ਼ ਸ਼ਾਮ ਨੂੰ 4 ਤੋਂ 5 ਵਜੇ ਤੱਕ ਗੁਰਮਤਿ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਹਰ ਰੋਜ ਬੱਚਿਆਂ ਨੂੰ ਗੁਰਬਾਣੀ ਸੰਥਿਆ, ਕੀਰਤਨ ਅਤੇ ਦਸਤਾਰ ਸਿਖਲਾਈ ਦਿੱਤੀ ਜਾਂਦੀ ਹੈ। ਹਰ ਰੋਜ਼ ਸ਼ਾਮ ਦੇ ਸਮਾਗਮਾਂ ਵਿੱਚ ਕੇਂਦਰ ਦੇ ਬੱਚਿਆਂ ਵਲੋਂ ਸੇਵਾ ਨਿਭਾਈ ਜਾਂਦੀ ਹੈ।

**ਦੁਆਬਾ:**

**12. ਭੋਗਪੁਰ (99148-38148)-** ਪ੍ਰਚਾਰਕ ਭਾਈ ਸੁਖਦੀਪ ਸਿੰਘ ਵਲੋਂ ਵੱਖ-ਵੱਖ ਪਿੰਡਾਂ ਵਿੱਚ ਕਲਾਸਾਂ ਲਗਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 6 ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿਚ ਕਥਾ ਵੀਚਾਰ ਕੀਤੀ ਗਈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਦੇ ਸੰਬੰਧ ਵਿਚ ਕਥਾ ਵੀਚਾਰ ਕੀਤੀ ਗਈ। ਪਿੰਡ ਡੱਲੀ ਵਿਖੇ ਹੋਏ ਹਫਤਾਵਾਰੀ ਗੁਰਮਤਿ ਸਮਾਗਮ ਵਿਚ ਕਥਾ ਵੀਚਾਰ ਕੀਤੀ ਗਈ।

**13. ਕਾਲੇਵਾਲ (79731-15345)-** ਕੇਂਦਰ ਦੇ ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਰੋਜਾਨਾ ਗੁਰਦੁਆਰਾ ਸ਼ਹੀਦਾਂ ਸਿੰਘਾਂ ਵਿਖੇ ਸਵੇਰੇ ਸ਼ਾਮ ਨਿਤਨੇਮ ਕੀਤਾ ਜਾਂਦਾ ਹੈ ਅਤੇ ਸਵੇਰੇ ਕਥਾ ਕੀਤੀ ਜਾਂਦੀ ਹੈ। ਐਤਵਾਰ ਨੂੰ ਗੁਰਮਤਿ ਦੀ ਕਲਾਸ ਲਗਦੀ ਹੈ।

**14. ਖਨਾਲ ਖੁਰਦ (62390-80242)-** ਪ੍ਰਚਾਰਕ ਭਾਈ ਕੁਲਦੀਪ ਸਿੰਘ ਵਲੋਂ 2 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਸਵੇਰੇ ਨੂੰ ਨਿਤਨੇਮ, ਕਥਾ-ਵੀਚਾਰ ਅਤੇ ਅਰਦਾਸ ਕੀਤੀ ਜਾਂਦੀ ਹੈ। 11 ਵਜੇ ਤੋਂ 12 ਵਜੇ ਦੁਪਹਿਰ ਨੂੰ ਮਾਤਾਵਾਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਸ਼ਾਮ ਨੂੰ 7 ਵਜੇ ਤੋਂ 8 ਵਜੇ ਤੱਕ ਵੀਰਾਂ ਦੀ ਗੁਰਮਤਿ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। 25 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ, 15 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**15. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਸੈਂਟ ਜੋਨਸ ਅਕੈਡਮਿਕ ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸਿਖਿਆ ਦੇ ਰਹੇ ਹਨ। ਕੇਂਦਰ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਤੇ ਗਤਕੇ ਦੀ ਕਲਾਸ ਵੀ ਲਗਾਈ ਜਾਂਦੀ ਹੈ। 7 ਨਵੰਬਰ ਤੋਂ 13 ਨਵੰਬਰ ਤੱਕ ਗੁਰਦੁਆਰਾ ਫਲਾਹੀ ਵਾਲਾ ਵਿਖੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਤੇ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਗੁਰਦੁਆਰਾ ਸਿੰਘ ਸਭਾ ਵਿਖੇ 24 ਨਵੰਬਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਗੁਰਮਤਿ ਵੀਚਾਰਾਂ ਦੀ ਸਾਂਝ ਕੀਤੀ ਗਈ। 3 ਬੱਚਿਆਂ ਨੇ ਸਹਿਜ ਪਾਠਾਂ ਦੀ ਸਮਾਪਤੀ ਕੀਤੀ ਅਤੇ 3 ਸਹਿਜ ਪਾਠ ਆਰੰਭ ਕੀਤੇ ਗਏ ਹਨ।

**16. ਨਵਾਂ ਸ਼ਹਿਰ (87290-86035)-** ਕੇਂਦਰ ਦੇ ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ ਬਾਬਾ ਵਜੀਰ ਸਿੰਘ ਸਕੂਲ ਨਵਾਂ ਸ਼ਹਿਰ, ਖਾਲਸਾ ਪਬਲਿਕ ਸਕੂਲ ਔੜ ਅਤੇ ਜੈ ਭਾਰਤ ਮਾਡਲ ਸਕੂਲ ਸਮੁੰਦੜਾ ਵਿਖੇ ਹਫਤਾਵਾਰੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਕੇਂਦਰ ਵਿਖੇ ਹਰ ਰੋਜ਼ ਫ੍ਰੀ ਟਿਊਸ਼ਨ ਅਤੇ ਕੰਪਿਊਟਰ ਕਲਾਸ ਵੀ ਲਗਾਈ ਜਾਂਦੀ ਹੈ। ਪਿੰਡ ਮਜਾਰੀ, ਭੌਰਾ, ਸਾਹਲੋ ਅਤੇ ਪਨਾਮ ਵਿਖੇ ਹਫਤਾਵਾਰੀ ਗੁਰਮਤਿ ਕਲਾਸ ਲਗਾਈ ਜਾਂਦੀ



ਹੈ। 5 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ 3 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**17. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਹਰ ਰੋਜ਼ ਸਵੇਰੇ ਸ਼ਾਮ ਨਿਤਨੇਮ ਅਤੇ ਕਥਾ-ਵੀਚਾਰ ਕੀਤੀ ਜਾਂਦੀ ਹੈ। ਹਰ ਰੋਜ਼ ਸ਼ਾਮ ਨੂੰ ਬੱਚਿਆਂ ਦੀ ਗੁਰਬਾਣੀ ਸੰਥਿਆ ਕਲਾਸ ਅਤੇ ਫ੍ਰੀ ਟਿਊਸ਼ਨ ਕਲਾਸਾਂ ਲਗਾਈਆਂ ਜਾਂਦੀਆਂ ਹਨ। ਗੁਰਦੁਆਰਾ ਸਾਹਿਬ ਵਿਚ ਸੰਗਤ ਵਲੋਂ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**18. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**19. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ, 11 ਵਜੇ ਤੋਂ 12.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 2.30 ਵਜੇ ਤੋਂ 4.00 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਗੁਰਮਤਿ ਦੀ ਸਭਾ ਲਗਾਈ ਗਈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

**20. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਜਨੰਦਗਾਓ ਛੱਤੀਸਗੜ੍ਹ 'ਚ ਗੁਰਮਤਿ ਕਲਾਸਾਂ ਲਗਾਈਆਂ ਗਈਆਂ, ਜਿਸ ਵਿੱਚ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਗਈ। ਗੁਰਦੁਆਰਾ ਸਾਹਿਬ ਵਿਖੇ ਹੋਏ ਸਮਾਗਮ ਵਿੱਚ ਬੱਚਿਆਂ ਵਲੋਂ ਕੀਰਤਨ ਕੀਤਾ ਗਿਆ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

**21. ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**22. ਇੰਫਾਲ (ਮਨੀਪੁਰ)-** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ




ਕੇਂਦਰ ਖਨਾਲ ਖੁਰਦ ਵਿਖੇ ਬੀਬੀਆਂ ਅਤੇ ਵੀਰਾਂ ਦੀ ਲੱਗ ਰਹੀ ਗੁਰਬਾਣੀ ਸੰਥਿਆ ਦੀ ਕਲਾਸ।



ਕੇਂਦਰ ਬੁਗਰਾ ਦੇ ਸਰਕਾਰੀ ਹਾਈ ਵਿਖੇ ਬੱਚਿਆਂ ਦੀ ਧਾਰਮਿਕ ਪ੍ਰੀਖਿਆ ਲਈ ਗਈ।



ਕੇਂਦਰ ਪਰਿੰਗੜੀ ਦੇ ਧਾਰਮਿਕ ਕਲਾਸ ਲਗਾਉਣ ਵਾਲੇ ਬੱਚੇ।



ਕੇਂਦਰ ਰਤਨਗੜ੍ਹ ਸਿੰਧੜਾ ਦੇ ਪਿੰਡ ਤੂਰ ਵਣਜਾਰਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਰਤਨਗੜ੍ਹ ਸਿੰਧੜਾ ਦੇ ਪਿੰਡ ਮੁਨਸ਼ੀਵਾਲਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਤਰਨਤਾਰਨ ਦੇ ਪਿੰਡ ਰੂੜੇਆਸਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਰਾਏਪੁਰ (ਛੱਤੀਸਗੜ੍ਹ) ਵਿਖੇ ਵੱਖ ਵੱਖ ਗੁਰਮਤਿ ਮੁਕਾਬਲਿਆਂ ਦੌਰਾਨ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।



RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

## ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ 21 ਤੋਂ 29 ਦਸੰਬਰ 2024 ਤਕ ਸਿੱਖ ਸ਼ਹੀਦਾਂ, ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ ਦੀ ਯਾਦ ਵਿਚ ਵੱਖ ਵੱਖ ਗੁਰਦੁਆਰਿਆਂ ਵਿਚ ਸ਼ਹੀਦੀ ਸਮਾਗਮ ਕਰਵਾਏ ਗਏ















ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਂਤਾ (ਰੋਪੜ) ਵਲੋਂ ਸਿੱਖ ਮਿਸ਼ਨਰੀ ਕਾਲਜਾਂ ਦੀ ਸਾਂਝੀ ਵਿਚਾਰ ਗੋਸ਼ਟੀ ਕਰਵਾਈ ਗਈ। ਜਿਸ ਵਿਚ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੇ ਚੇਅਰਮੈਨ ਰਾਣਾ ਇੰਦਰਜੀਤ ਸਿੰਘ ਅਤੇ ਵਾਈਸ ਪ੍ਰਿੰਸੀਪਲ ਭਾਈ ਸੁਖਵਿੰਦਰ ਸਿੰਘ ਦਦੇਹਰ ਨੂੰ ਸਨਮਾਨਤ ਕੀਤਾ ਗਿਆ